JOSHI LAW OFFICE
Barrister, Solicitor & Notary Public
❖ Immigration
❖ Real Estate
❖ Commercial Law
❖ Affidavit
❖ Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial / Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 109 | Friday, June 03, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਫਤਿਹ- ਫੋਰਡ ਨੇਸ਼ਨ ਸਟਾਈਲ

-ਪੰਜਾਬੀ ਪੋਸਟ ਵਿਸ਼ੇਸ਼-

ਪ੍ਰੀਮੀਅਰ ਡੱਗ ਫੋਰਡ ਦੀ ਪਾਜ਼ਿਟਿਵ ਅਗਵਾਈ ਨੂੰ ਜ਼ਬਰਦਸਤ ਹੁੰਗਾਰਾ ਦੇਂਦੇ ਹੋਏ ਉੱਟੇਰੀਓ ਵਾਸੀਆਂ ਨੇ ਦਰਸਾ ਦਿੱਤਾ ਹੈ ਕਿ ਉਹਨਾਂ ਵਾਸਤੇ ਖੁਸ਼ਹਾਲੀ, ਜੌਬ ਅਤੇ 413 ਵਰਗੇ ਅਹਿਮ ਮੁੱਦੇ ਲਿਬਰਲ ਅਤੇ ਐਨ ਡੀ ਪੀ ਦੇ ਨਾਂ ਪੱਖੀ ਪਰਚਾਰ ਨਾਲੋਂ ਕਿਤੇ ਮਾਅਨੇ ਰੱਖਦੇ ਹਨ। ਕੰਜ਼ਰਵੇਟਿਵ ਪਾਰਟੀ ਨੇ 124 ਵਿੱਚੋਂ ਸੀਟਾਂ ਰਾਤੀਂ ਸਾਢੇ ਦਸ ਵਜੇ ਤੱਕ ਮਿਲੇ ਨਤੀਜਿਆਂ ਅਨੁਸਾਰ 83 ਸੀਟਾਂ ਉੱਤੇ ਜਿੱਤ ਜਾਂ ਲੀਡ ਪ੍ਰਾਪਤ ਕੀਤੀ ਹੈ। 8 ਸਾਲ ਟੋਰਾਂਟੋ ਸਿਟੀ ਕਾਉਂਸਲਰ ਅਤੇ ਪਿਛਲੇ 4 ਸਾਲ ਉੱਟੇਰੀਓ ਪ੍ਰੀਮੀਅਰ ਵਜੋਂ ਆਪਣੀ ਕਾਰਜਸ਼ੈਲੀ ਦੀ ਧਾਂਕ ਜਮਾਉਣ ਵਾਲੇ 57 ਸਾਲਾ ਡੱਗ ਫੋਰਡ ਨੇ ਇਹਨਾਂ ਚੋਣਾਂ ਵਿੱਚ ਖੁਦ ਨੂੰ ਇੱਕ ਅਜਿਹੇ ਲੀਡਰ ਵਜੋਂ ਉਭਾਰਿਆ ਜੋ ਬਿਜਸਨ ਨੂੰ ਤੇਜ ਕਰਨ ਲਈ ਗੱਲਾਂ ਹੀ ਨਹੀਂ ਕਰਦਾ ਸਗੋਂ ਕੀਤੇ ਵਾਅਦੇ ਪੂਰੇ ਕਰਨ ਲਈ ਵਚਨਬੱਧ ਹੈ। ਮੁੱਖ ਧਾਰਾ ਦੇ ਮੀਡੀਆ ਵੱਲੋਂ ਸਹਿਯੋਗ ਨਾ ਦੇਣ ਦੇ ਬਾਵਜੂਦ ਡੱਗ ਫੋਰਡ ਨੇ ਆਪਣੇ ਨਿਵੇਕਲੇ ਢੰਗ ਨਾਲ ਲੋਕਾਂ ਨਾਲ ਸਿੱਧਾ ਸੰਪਰਕ ਪੈਦਾ ਕੀਤਾ।




ਡੱਗ ਫੋਰਡ ਦੀ ਸਖਸ਼ਿਅਤ ਦੇ ਇਸ ਪੱਖ ਨੇ ਉਸਨੂੰ ਵਿਰੋਧੀਆਂ ਤੋਂ ਅੱਗੇ ਨਿਕਲਣ ਵਿੱਚ ਬਹੁਤ ਮਦਦ ਕੀਤੀ ਕਿ ਪਬਲਿਕ ਉਸਨੂੰ ਮਿਲਣਸਾਰ ਅਤੇ ਉਹਨਾਂ ਦੇ ਦੁੱਖ ਦਰਦ ਨੂੰ ਸਮਝਣ ਵਾਲੀ ਸਮਝਦੀ ਹੈ। ਕੋਵਿਡ 19 ਦੇ ਦਿਨਾਂ ਵਿੱਚ ਵੱਡੇ ਬਿਜਨਸਾਂ ਨੂੰ ਆਮ ਆਦਮੀ ਦੀਆਂ ਤਕਲੀਫਾਂ ਨੂੰ ਸਮਝਣ ਦੀ ਚੇਤਾਵਨੀ ਦੇਣ ਨੂੰ ਲੋਕੀ ਕਦੇ ਭੁੱਲੇ ਨਹੀਂ ਖਾਸ ਕਰਕੇ ਜਦੋਂ ਮਾਸਕ ਅਤੇ ਵੱਡੇ ਗਰੋਸਰੀ ਸਟੋਰਾਂ ਵੱਲੋਂ ਜਰੂਰੀ ਵਸਤਾਂ ਨੂੰ ਲੋੜੋਂ ਵੱਧ ਕੀਮਤਾਂ ਉੱਤੇ ਵੇਚਣਾ ਆਰੰਭ ਕਰ ਦਿੱਤਾ ਸੀ।

ਡੱਗ ਫੋਰਡ ਨੇ ਆਪਣੀ ਈਟੋਬੀਕੋ ਨੌਰਥ ਸੀਟ ਉੱਤੇ ਐਨ ਡੀ ਪੀ ਦੀ ਆਇਸ਼ਾ ਜਹਾਂਗੀਰ ਨੂੰ ਹਰਾ ਦਿੱਤਾ ਹੈ। ਉਸਦੇ ਭਤੀਜੇ ਮਾਈਕਲ ਫੋਰਡ ਨੇ ਯੌਰਕ ਸਾਊਥ ਤੋਂ ਆਪਣੀ ਸੀਟ ਜਿੱਤ ਲਈ ਹੈ।

ਪਿਛਲੇ ਦੋ ਦਹਾਕਿਆਂ ਦਾ ਉੱਟੇਰੀਓ ਦਾ ਇਤਿਹਾਸ ਇਸ ਗੱਲ ਦਾ ਗਵਾਹ ਨਹੀਂ ਹੈ ਕਿ ਕੋਈ ਪ੍ਰੋਵਿਸ਼ੀਅਲ ਸਰਕਾਰ ਦੂਜੀ ਵਾਰ ਜਦੋਂ ਸੱਤਾ ਵਿੱਚ ਆਵੇ ਤਾਂ ਉਸ ਨੂੰ ਪਹਿਲਾਂ ਨਾਲੋਂ ਵਧੇਰੇ ਸੀਟਾਂ ਹਾਸਲ ਹੋਣ। ਇਹ ਕਾਰਨਾਮਾ ਡੱਗ ਫੋਰਡ ਨੇ ਕਰ ਵਿਖਾਇਆ ਹੈ। ਜਦੋਂ ਮਈ 2022 ਵਿੱਚ ਚੋਣਾਂ ਦਾ ਐਲਾਨ ਹੋਇਆ ਸੀ ਤਾਂ ਕੰਜ਼ਰਵੇਟਿਵ ਪਾਰਟੀ ਕੋਲ ਸਿਰਫ਼ 67 ਸੀਟਾਂ ਸਨ ਜੋ ਕਿ ਕੱਲ ਦੀ ਜਿੱਤ ਤੋਂ ਬਾਅਦ 83 ਹੋ ਜਾਣ ਦੀ ਸੰਭਾਵਨਾ ਹੈ। ਪਾਰਟੀ ਦੇ ਤਕਰੀਬਨ ਸਾਰੇ ਹੀ ਅਹਿਮ ਮੰਤਰੀ ਆਪੋ ਆਪਣੀਆਂ ਸੀਟਾਂ ਜਿੱਤ ਚੁੱਕੇ ਹਨ। ਇਹਨਾਂ ਵਿੱਚ ਵਿੱਤ ਮੰਤਰੀ ਪੀਟਰ ਬੈਥਲੀਨਫਾਲਵੀ, ਲੌਂਗ ਟਰਮ ਕੇਅਰ ਮੰਤਰੀ ਮੈਰੀਲੀ ਫੁੱਲਰਟਨ, ਆਰਥਿਕ ਵਿਕਾਸ ਮੰਤਰੀ ਵਿੱਕ ਫਿਡੈਲੀ, ਪਾਲ ਕਸਾਂਡਰਾ, ਲੇਬਰ ਮੰਤਰੀ ਮੌਂਟੀ ਮੈਕਨੌਟਨ, ਹੈਰੀਟੇਜ ਮੰਤਰੀ ਲੀਸਾ ਮੈਕਲੀਓਡ ਪ੍ਰਮੁੱਖ ਹਨ।

ਉੱਟੇਰੀਓ ਲਿਬਰਲ ਪਾਰਟੀ ਵਾਸਤੇ 2 ਜੂਨ ਦੀ ਰਾਤ ਇੱਕ ਕਾਲੀ ਬੋਲੀ ਰਾਤ ਬਣਕੇ ਆਈ ਜਦੋਂ ਇਸਦੇ ਲੀਡਰ ਡੈਲ ਡੂਕਾ ਵੀ ਵਾਅੁਨ ਵੁੱਡਬਰਿ-ਜ ਤੋਂ ਕੰਜ਼ਰਵੇਟਿਵ ਐਮ ਪੀ ਮਾਈਕਲ ਟਿਬੋਲੋ ਤੋਂ ਹਾਰ ਗਏ ਹਨ। 2018 ਵਿੱਚ ਲਿਬਲਰ ਪਾਰਟੀ ਸਿਰਫ਼ 7 ਸੀਟਾਂ ਜਿੱਤ ਸਕੀ ਸੀ ਅਤੇ ਪਿਛਲੇ ਚਾਰ ਸਾਲ ਦਾ ਵਿਕਾਸ ਸਿਰਫ਼ ਐਨਾ ਰਿਹਾ ਕਿ ਇਸ ਵਾਰ ਪਾਰਟੀ ਦੇ ਹੱਥ 9 ਸੀਟਾਂ ਆਉਣਗੀਆਂ। ਲੰਬਾ ਸਮਾਂ ਕੁਦਰਤੀ ਸੱਤਾਧਾਰੀ ਪਾਰਟੀ ਦਾ ਟੈਗ ਪ੍ਰਾਪਤ ਕਰਨ ਵਾਲੀ ਲਿਬਰਲ ਪਾਰਟੀ ਲਈ ਇਹ ਦੂਜੀ ਵਾਰ ਹੋਵੇਗਾ ਕਿ ਇਸਨੂੰ ਉੱਟੇਰੀਓ ਪਾਰਲੀਮੈਂਟ ਵਿੱਚ ਅਧਿਕਾਰਤ ਸਿਆਸੀ ਪਾਰਟੀ ਹੋਣ ਦਾ ਟਾਈਟਲ ਪ੍ਰਾਪਤ ਨਹੀਂ ਹੋਵੇਗਾ। ਇਸ ਮਾੜੀ ਕਾਰਗੁਜ਼ਾਰੀ ਦੇ ਨਾਲ ਹੀ ਡੈਲ ਡੂਕਾ ਨੇ ਲਿਬਰਲ ਲੀਡਰ ਵਜੋਂ ਦਿਨ ਪੁੱਗ ਗਏ ਜਾਪਦੇ ਹਨ। ਉਹ ਕੈਥਲਿਨ ਵਿੰਨ ਦੀ ਪਿਛਲੀ ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਰਹਿ ਚੁੱਕੇ ਹਨ।

ਕੰਜ਼ਰਵੇਟਿਵ ਪਾਰਟੀ ਦੇ ਪ੍ਰਮੁੱਖ ਨੇਤਾਵਾਂ ਵਿੱਚੋਂ ਹਾਰਨ ਵਾਲਿਆਂ ਵਿੱਚ ਟੋਰਾਂਟੋ ਪੁਲੀਸ ਦਾ ਸਾਬਕਾ ਮੁਖੀ ਮਾਰਕ ਸੌਂਡਰਸ ਹੈ ਜੋ ਡਾਨ ਵੈਲੀ ਵੈਸਟ ਰਾਈਡਿੰਗ ਵਿੱਚ ਲਿਬਰਲ ਸਟੈਫਨੀ ਬਾਊਮੈਨ ਤੋਂ ਹਾਰ ਗਿਆ ਹੈ। ਇਸ ਸੀਟ ਪਹਿਲਾਂ ਸਾਬਕਾ ਪ੍ਰੀਮੀਅਰ ਕੈਥਲਿਨ ਵਿੰਨ ਕੋਲ ਹੁੰਦੀ ਸੀ।

ਬਰੈਂਪਟਨ ਈਸਟ- ਹਰੀ ਦੇ ਦੀਪ ਦਾ ਜਲੌਅ

# ਹਰਦੀਪ ਗਰੇਵਾਲ ਦੀ ਸ਼ਾਨਦਾਰ ਜਿੱਤ

-ਪੰਜਾਬੀ ਪੋਸਟ ਸੰਪਾਦਕੀ-

ਬਰੈਂਪਟਨ ਈਸਟ ਤੋਂ ਕੰਜ਼ਰਵੇਟਿਵ ਪਾਰਟੀ ਦੇ ਨੌਜਵਾਨ ਉਮੀਦਵਾਰ ਹਰਦੀਪ ਗਰੇਵਾਲ ਨੇ ਆਪਣੇ ਨੇੜਲੇ ਵਿਰੋਧੀ, ਫੈਡਰਲ ਐਨ ਡੀ ਪੀ ਲੀਡਰ ਜਗਮੀਤ ਸਿੰਘ ਦੇ ਛੋਟੇ ਭਰਾ ਅਤੇ ਵਰਤਮਾਨ ਐਮ ਪੀ ਪੀ ਗੁਰਰਤਨ ਸਿੰਘ ਨੂੰ ਭਾਰੀ ਵੋਟਾਂ ਦੇ ਫਰਕ ਨਾਲ ਹਰਾ ਕੇ ਇਤਿਹਾਸ ਰਚ ਦਿੱਤਾ ਹੈ। ਹਰਦੀਪ ਸਿੰਘ ਗਰੇਵਾਲ ਨੂੰ 9002 ਵੋਟਾਂ ਪ੍ਰਾਪਤ ਹੋਈਆਂ ਜਦੋਂ ਕਿ ਗੁਰਰਤਨ ਸਿੰਘ ਨੂੰ 6415 ਵੋਟਾਂ ਪਈਆਂ। ਲਿਬਰਲ ਉਮੀਦਵਾਰ ਜੰਨਤ ਗਰੇਵਾਲ ਨੂੰ ਸਿਰਫ਼ 4396 ਵੋਟਾਂ ਮਿਲੀਆਂ ਅਤੇ ਉਹ ਤੀਜੇ ਨੰਬਰ ਉੱਤੇ ਰਹੀ। ਪ੍ਰਸਿੱਧ ਪੱਤਰਕਾਰ ਅਤੇ ਪੰਜਾਬੀ ਪੋਸਟ ਦੇ ਮੁੱਖ ਸੰਪਾਦਕ ਜਗਦੀਸ਼ ਗਰੇਵਾਲ ਦੇ ਸਪੁੱਤਰ ਹਰਦੀਪ ਗਰੇਵਾਲ ਨੂੰ 43% ਵੋਟਾਂ ਦੇ ਕੇ ਬਰੈਂਪਟਨ ਈਸਟ ਦੇ ਵੋਟਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਚੋਣਾਂ ਤੋਂ ਪਹਿਲਾਂ ਦੇ ਸਰਵੇਖਣ ਸਦਾ ਹੀ ਸਹੀ ਤਸਵੀਰ ਪੇਸ਼ ਨਹੀਂ ਕਰਦੇ ਹੁੰਦੇ। ਸਾਰੇ ਸਰਵੇਖਣ ਇਹ ਅੰਦਾਜ਼ਾ ਲਾ ਰਹੇ ਸਨ ਕਿ ਇਸ ਰਾਈਡਿੰਗ ਤੋਂ ਹਰਦੀਪ ਗਰੇਵਾਲ ਅਤੇ ਗੁਰਰਤਨ ਸਿੰਘ ਦਰਮਿਆਨ ਕਾਂਟੇ ਦੀ ਟੱਕਰ ਹੋਵੇਗੀ ਪਰ ਹੋਇਆ ਇਸਤੋਂ ਬਿਲਕੁਲ ਵੱਖਰਾ। ਵੋਟਰਾਂ ਨੇ ਵੱਡੀ ਗਿਣਤੀ ਵਿੱਚ ਹਰਦੀਪ ਦੇ ਨੀਲੇ ਟੈਂਟ ਦੀ ਥਾਂ ਨੂੰ ਸੰਘਣਾ ਕਰਦੇ ਹੋਏ ਸਾਰੇ ਸਰਵੇਖਣਾਂ ਨੂੰ ਮਾਤ ਪਾ ਦਿੱਤੀ।

ਹਰਦੀਪ ਗਰੇਵਾਲ ਦੀ ਜਿੱਤ ਜਿੱਥੇ ਡੱਗ ਫੋਰਡ ਦੀ ਬਰੈਂਪਟਨ ਨੂੰ ਸਮੁੱਚਾ ਕੰਜ਼ਰਵੇਟਿਵ ਪਾਰਟੀ ਦੇ ਰੰਗ ਵਿੱਚ ਰੰਗਿਆ ਵੇਖਣਾ ਚਾਹੁੰਦਾ ਸੀ। ਇਸ ਸੁਫਨੇ ਨੂੰ ਸਾਕਾਰ ਕਰਨ ਵਿੱਚ ਬਰੈਂਪਟਨ ਈਸਟ ਦੀ ਭੂਮਿਕਾ ਅਹਿਮ ਸੀ ਕਿਉਂਕਿ ਇਹ ਰਾਈਡਿੰਗ ਫੈਡਰਲ ਐਨ ਡੀ ਪੀ ਲੀਡਰ ਜਗਮੀਤ ਸਿੰਘ ਦੀ ਹੋਮ ਸੀਟ ਹੈ ਅਤੇ ਉਹਨਾਂ ਦੇ ਭਰਾ ਇੱਥੇ ਤੋਂ ਪਹਿਲਾਂ ਹੀ ਐਮ ਪੀ ਪੀ ਸਨ। ਆਪਣੀ ਜਿੱਤ ਬਾਰੇ ਪ੍ਰਤੀਕਰਮ ਦੇਂਦੇ ਹੋਏ ਹਰਦੀਪ ਗਰੇਵਾਲ ਨੇ ਕਿਹਾ, "ਇਹ ਜਿੱਤ ਮੇਰੀ ਟੀਮ ਦੇ ਸਮੂਹ ਵਾਲੰਟੀਅਰਾਂ ਦੀ ਹੈ, ਡੱਗ ਫੋਰਡ ਦੇ ਏਜੰਡੇ ਦੀ ਜਿੱਤ ਹੈ, ਮੇਰੀ ਜਿੱਤ ਬਰੈਂਪਟਨ ਦੇ ਸਮੂਹ ਵਾਸੀਆਂ ਦੇ ਵਿਸ਼ਵਾਸ਼ ਦੀ ਜਿੱਤ ਹੈ ਅਤੇ ਇਹ ਜਿੱਤ ਮੇਰੇ ਲਈ ਚੰਗਾ ਕੰਮ ਕਰਨ ਦੀ ਸ਼ੁਰੂਆਤ ਹੈ। ਮੈਂ ਵੋਟਰਾਂ ਵੱਲੋਂ ਦਰਸਾਏ ਗਏ ਭਰੋਸੇ ਨੂੰ ਕਾਇਮ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਾਂਗਾ"।

ਹਰਦੀਪ ਗਰੇਵਾਲ ਨੇ ਅੱਗੇ ਕਿਹਾ ਕਿ ਜਿਹਨਾਂ ਲਿਬਰਲ ਅਤੇ ਐਨ ਡੀ ਪੀ ਭੈਣ ਭਰਾਵਾਂ ਨੇ ਸਾਡੇ ਸਾਫ਼ ਸੁਥਰੇ ਅਤੇ ਵਿਕਾਸਮਈ ਏਜੰਡੇ ਨੂੰ ਸਮਰੱਥਨ ਦਿੱਤਾ ਹੈ, ਮੈਂ ਤੁਹਾਡੇ ਸਾਰਿਆਂ ਦੀਆਂ ਉਮੀਦਾਂ ਉੱਤੇ ਖਰਾ ਉੱਤਰਨ ਦੀ ਕੋਸ਼ਿਸ਼ ਕਰਾਂਗਾ।

ਵਰਨਣਯੋਗ ਹੈ ਕਿ ਬਰੈਂਪਟਨ ਈਸਟ ਵਿੱਚ ਹਾਈਵੇਅ 413 ਮੁੱਖ ਮੁੱਦਾ ਰਿਹਾ ਹੈ ਜਿਸ ਉੱਤੇ ਲਿਬਰਲ ਅਤੇ ਐਨ ਡੀ ਪੀ ਦੋਵੇਂ ਹੀ ਪਬਲਿਕ ਦੇ ਮੂਡ ਨੂੰ ਪਹਿਚਾਨਣ ਵਿੱਚ ਅਸਫ਼ਲ ਰਹੇ। ਗਰੇਵਾਲ ਨੇ ਕਿਹਾ ਕਿ ਸਾਡੀ ਟੀਮ ਨੇ ਸਾਫ ਸੁਥਰੇ ਏਜੰਡੇ ਨੂੰ ਸਾਹਮਣੇ ਰੱਖ ਕੇ ਚੋਣ ਪ੍ਰਚਾਰ ਕੀਤਾ। ਕਈ ਪਾਸਿਆਂ ਤੋਂ ਸਾਨੂੰ ਉਕਸਾਉਣ ਲਈ ਗੱਲਾਂ ਹੋਈਆਂ ਪਰ ਅਸੀਂ ਆਪਣੇ ਹਾਂ ਪੱਖੀ ਪ੍ਰਚਾਰ ਉੱਤੇ ਕੇਂਦਰਿਤ ਰਹੇ ਜਿਸਨੂੰ ਵੋਟਰਾਂ ਨੇ ਪਹਿਚਾਣਿਆ ਹੈ।





ਹਰਦੀਪ ਗਰੇਵਾਲ ਦੀ ਜਿੱਤ ਬਾਰੇ ਗੱਲ ਕਰਦੇ ਜਗਦੀਸ਼

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish • Racoons
Call : PARESH PATEL (Government Approved Licensed Technician)
416 938 4598

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਬਰੈਂਪਟਨ ਵਿੱਚ ਪੀਸੀ ਪਾਰਟੀ ਨੇ ਹਾਸਿਲ ਕੀਤੀ ਹੂੰਝਾ ਫੇਰੂ ਜਿੱਤ

ਬਰੈਂਪਟਨ, 2 ਜੂਨ (ਪੋਸਟ ਬਿਊਰੋ) : ਡੱਗ ਫੋਰਡ ਦੀ ਅਗਵਾਈ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ ਬਰੈਂਪਟਨ ਦੇ ਪੰਜਾਂ ਹਲਕਿਆਂ ਵਿੱਚ ਨੀਲੇ ਰੰਗ ਦਾ ਪਰਚਮ ਲਹਿਰਾ ਦਿੱਤਾ। ਪਿਛਲੀਆਂ ਚੋਣਾਂ ਵਿੱਚ ਤਿੰਨ ਸੀਟਾਂ ਹਾਸਲ ਕਰਨ ਵਾਲੀ ਐਨਡੀਪੀ ਨੂੰ ਇਸ ਵਾਰੀ ਖਾਲੀ ਹੱਥ ਹੀ ਰਹਿਣਾ ਪਿਆ। ਬਰੈਂਪਟਨ ਈਸਟ ਤੋਂ ਗੁਰਰਤਨ ਸਿੰਘ, ਬਰੈਂਪਟਨ ਨੌਰਥ ਤੋਂ ਸੰਦੀਪ ਸਿੰਘ ਤੇ ਬਰੈਂਪਟਨ ਸੈਂਟਰ ਤੋਂ ਐਨਡੀਪੀ ਦੀ ਡਿਪਟੀ ਲੀਡਰ ਸਾਰਾ ਸਿੰਘ ਦਾ ਪੱਤਾ ਸਾਫ ਹੋ ਗਿਆ। ਦੂਜੇ ਪਾਸੇ ਪੀਸੀ ਪਾਰਟੀ ਦੇ ਪੰਜਾਂ ਨੁਮਾਇੰਦੀਆਂ ਦੀ ਝੰਡੀ ਬਰਕਰਾਰ ਰਹੀ। ਬਰੈਂਪਟਨ ਦੇ ਵੱਖ ਵੱਖ ਹਲਕਿਆਂ ਦਾ ਹਾਲ ਹੇਠ ਲਿਖੇ ਅਨੁਸਾਰ ਰਿਹਾ :

## ਬਰੈਂਪਟਨ ਨੌਰਥ :



ਬਰੈਂਪਟਨ ਨੌਰਥ ਤੋਂ ਓਨਟਾਰੀਓ ਦੀ ਪੀਸੀ ਪਾਰਟੀ ਦੇ ਗ੍ਰਾਹਮ ਮੈਕਗ੍ਰੈਗਰ ਨੇ 12,413 ਵੋਟਾਂ ਹਾਸਲ ਕਰਕੇ ਸੀਟ ਆਪਣੇ ਕਬਜੇ ਵਿੱਚ ਕੀਤੀ। ਓਨਟਾਰੀਓ ਦੀ ਲਿਬਰਲ ਪਾਰਟੀ ਦੇ ਹਰਿੰਦਰ ਮੱਲ੍ਹੀ ਨੂੰ 7698 ਵੋਟਾਂ, ਐਨਡੀਪੀ ਦੇ ਸੰਦੀਪ ਸਿੰਘ ਨੂੰ 5376 ਵੋਟਾਂ ਤੇ ਗ੍ਰੀਨ ਪਾਰਟੀ ਦੇ ਅਨੀਪ ਢਾਡੇ ਨੂੰ 807 ਵੋਟਾਂ ਹੀ ਹਾਸਲ ਹੋ ਸਕੀਆਂ।

## ਬਰੈਂਪਟਨ ਸੈਂਟਰ :



ਪੀਸੀ ਪਾਰਟੀ ਉਮੀਦਵਾਰ ਚਾਰਮੇਨ ਵਿਲੀਅਮਜ਼ 10,120 ਵੋਟਾਂ ਹਾਸਲ ਕਰਕੇ ਆਪਣੇ ਹਲਕੇ ਵਿੱਚ ਸੱਭ ਤੋਂ ਅੱਗੇ ਰਹੀ। ਐਨਡੀਪੀ ਉਮੀਦਵਾਰ ਸਾਰਾ ਸਿੰਘ 6,524 ਵੋਟਾਂ ਨਾਲ ਦੂਜੇ ਸਥਾਨ ਉੱਤੇ ਰਹੀ ਤੇ ਲਿਬਰਲ ਪਾਰਟੀ ਉਮੀਦਵਾਰ ਸਫਦਰ ਹੁਸੈਨ 6119 ਵੋਟਾਂ ਹਾਸਲ ਕਰਕੇ ਦੂਜੇ ਸਥਾਨ ਉੱਤੇ ਆਉਣ ਤੋਂ ਮਾਮੂਲੀ ਫਰਕ ਨਾਲ ਖੁੰਝ ਗਏ। ਗ੍ਰੀਨ ਪਾਰਟੀ ਦੀ ਕਰਿਤਸ਼ਾ ਤਾਇ 882 ਵੋਟਾਂ ਹੀ ਹਾਸਲ ਕਰ ਸਕੀ।

## ਬਰੈਂਪਟਨ ਸਾਊਥ :



ਪੀਸੀ ਪਾਰਟੀ ਦੇ ਉਮੀਦਵਾਰ ਪ੍ਰਭਮੀਤ ਸਰਕਾਰੀਆ 11,767 ਵੋਟਾਂ ਹਾਸਲ ਕਰਕੇ ਆਪਣੇ ਹਲਕੇ ਵਿੱਚ ਸੱਭ ਤੋਂ ਮੂਹਰੇ ਰਹੇ। ਲਿਬਰਲ ਪਾਰਟੀ ਉਮੀਦਵਾਰ ਮੈਰੀਲਿਨ ਰਫੇਲ 7026 ਵੋਟਾਂ ਨਾਲ ਦੂਜੇ ਸਥਾਨ ਉੱਤੇ ਤੇ ਐਨਡੀਪੀ ਉਮੀਦਵਾਰ ਐਂਡਰੀਆ ਬੈਰੇਟ 4798 ਵੋਟਾਂ ਨਾਲ ਤੀਜੇ ਸਥਾਨ ਉੱਤੇ ਰਹੀ। ਗ੍ਰੀਨ ਪਾਰਟੀ ਉਮੀਦਵਾਰ ਆਈਨਸ ਐਸਪੀਨਜਾ ਨੂੰ ਕੁੱਲ 880 ਵੋਟਾਂ ਹਾਸਲ ਹੋਈਆਂ।

## ਬਰੈਂਪਟਨ ਵੈਸਟ :



ਬਰੈਂਪਟਨ ਵੈਸਟ ਤੋਂ ਪੀਸੀ ਪਾਰਟੀ ਉਮੀਦਵਾਰ ਅਮਰਜੋਤ ਸੰਧੂ ਨੇ ਸੱਭ ਤੋਂ ਵੱਧ ਵੋਟਾਂ 14,544 ਹਾਸਲ ਕਰਕੇ ਆਪਣੀ ਸਰਦਾਰੀ ਬਰਕਰਾਰ ਰੱਖੀ। ਇਸ ਹਲਕੇ ਤੋਂ ਲਿਬਰਲ ਪਾਰਟੀ ਉਮੀਦਵਾਰ ਰਿੰਮੀ ਝੱਜ ਨੂੰ 7904 ਵੋਟਾਂ ਹਾਸਲ ਹੋਈਆਂ, ਐਨਡੀਪੀ ਉਮੀਦਵਾਰ ਨਵਜੀਤ ਕੌਰ ਨੂੰ 6290 ਵੋਟਾਂ ਹਾਸਲ ਹੋਈਆਂ ਤੇ ਗ੍ਰੀਨ ਪਾਰਟੀ ਉਮੀਦਵਾਰ ਪੌਲੀਨ ਥੌਰਨਹੈਮ ਨੂੰ 837 ਵੋਟਾਂ ਹਾਸਲ ਹੋਈਆਂ।

## ਬਰੈਂਪਟਨ ਈਸਟ :



ਬਰੈਂਪਟਨ ਈਸਟ ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਉਮੀਦਵਾਰ ਹਰਦੀਪ ਗਰੇਵਾਲ ਨੇ 11,017 ਵੋਟਾਂ ਹਾਸਲ ਕਰਕੇ ਵੱਡੇ ਫਰਕ ਨਾਲ ਜਿੱਤ ਦਰਜ ਕਰਵਾਈ। ਐਨਡੀਪੀ ਦੇ ਗੁਰਰਤਨ ਸਿੰਘ 7,522 ਵੋਟਾਂ ਹੀ ਹਾਸਲ ਕਰ ਸਕੇ। ਓਨਟਾਰੀਓ ਦੀ ਲਿਬਰਲ ਪਾਰਟੀ ਦੀ ਜੰਨਤ ਗਰੇਵਾਲ 5,062 ਵੋਟਾਂ ਹਾਸਲ ਕਰਕੇ ਤੀਜੇ ਸਥਾਨ ਉੱਤੇ ਰਹੀ ਤੇ ਗ੍ਰੀਨ ਪਾਰਟੀ ਦੇ ਜਮਾਲ ਬਲੈਕਵੁੱਡ ਨੂੰ 495 ਵੋਟਾਂ ਹੀ ਹਾਸਲ ਹੋਈਆਂ।

# ਐਨਡੀਪੀ ਨਿਭਾਵੇਗੀ ਮੁੱਖ ਸਰਕਾਰੀ ਧਿਰ ਦੀ ਭੂਮਿਕਾ

ਓਨਟਾਰੀਓ, 2 ਜੂਨ (ਪੋਸਟ ਬਿਊਰੋ) : ਵੀਰਵਾਰ ਨੂੰ ਹੋਈਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਦੂਜੇ ਸਥਾਨ ਉੱਤੇ ਰਹੀ ਓਨਟਾਰੀਓ ਦੀ ਨਿਊ ਡੈਮੋਕ੍ਰੈਟਿਕ ਪਾਰਟੀ 43ਵੀਂ ਪ੍ਰੋਵਿੰਸ਼ੀਅਲ ਪਾਰਲੀਆਮੈਂਟ ਵਿੱਚ ਇੱਕ ਵਾਰੀ ਫਿਰ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਵਿੱਚ ਨਜ਼ਰ ਆਵੇਗੀ।

ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੂੰ ਹਾਸਲ ਹੋਈ ਦੂਜੀ ਵੱਡੀ ਜਿੱਤ ਤੋਂ ਬਾਅਦ ਡੱਗ ਫੋਰਡ ਇੱਕ ਵਾਰੀ ਫਿਰ ਓਨਟਾਰੀਓ ਦੇ ਪ੍ਰੀਮੀਅਰ ਵਜੋਂ ਸੰਹੁ ਚੁੱਕਣਗੇ ਤੇ ਪੀਸੀ ਪਾਰਟੀ ਉਨ੍ਹਾਂ ਦੀ ਅਗਵਾਈ ਵਿੱਚ ਮੁੜ ਸਰਕਾਰ ਬਣਾਵੇਗੀ। ਵੀਰਵਾਰ ਨੂੰ ਹੋਈਆਂ ਚੋਣਾਂ ਦੇ ਨਤੀਜੇ ਹੈਰਾਨ ਕਰਨ ਵਾਲੇ ਨਹੀਂ ਸਨ ਕਿਉਂਕਿ ਕੁੱਝ ਚੋਣ ਸਰਵੇਖਣਾਂ ਵਿੱਚ ਇਨ੍ਹਾਂ ਨਤੀਜਿਆਂ ਦੀ ਪੇਸ਼ੀਨਿਗੋਈ ਪਹਿਲਾਂ ਹੀ ਕੀਤੀ ਜਾ ਚੁੱਕੀ ਸੀ।

ਇਹ ਵੀ ਪਹਿਲਾਂ ਹੀ ਸਪਸ਼ਟ ਹੋ ਗਿਆ ਸੀ ਕਿ ਚਾਰ ਹਫਤਿਆਂ ਦੀ ਕੈਂਪੇਨ ਵਿੱਚ ਹੌਰਵਥ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਪਾਰਟੀ ਨੂੰ ਉਹੋ ਜਿਹਾ ਹੁਲਾਰਾ ਨਹੀਂ ਮਿਲ ਸਕਿਆ ਜਿਹੋ ਜਿਹੀ ਉਨ੍ਹਾਂ ਨੇ ਆਸ ਕੀਤੀ ਸੀ। ਸਰਵੇਖਣਾਂ ਵਿੱਚ ਵੀ ਇਹ ਸਾਫ ਹੋ ਗਿਆ ਸੀ ਕਿ ਪਾਰਟੀ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਨਹੀਂ ਹੈ ਪਰ ਦੂਜੇ ਸਥਾਨ ਉੱਤੇ ਰਹਿਣ ਲਈ ਲਿਬਰਲਾਂ ਨਾਲ ਐਨਡੀਪੀ ਦਾ ਸਖਤ ਮੁਕਾਬਲਾ ਚੱਲ ਰਿਹਾ ਸੀ।

ਭਾਵੇਂ ਇਹ ਲੱਗ ਰਿਹਾ ਹੈ ਕਿ ਐਨਡੀਪੀ ਦੀ ਕਾਰਗੁਜ਼ਾਰੀ ਵੀ ਪੀਸੀ ਪਾਰਟੀ ਤੋਂ ਬਾਅਦ ਚੰਗੀ ਰਹੀ ਹੈ ਪਰ ਐਨਡੀਪੀ ਪਿਛਲੇ ਕਾਰਜਕਾਲ ਨਾਲੋਂ ਘੱਟ ਸੀਟਾਂ ਨਾਲ ਕੁਈਨਜ਼ ਪਾਰਕ ਪਰਤੇਗੀ। 2018 ਵਿੱਚ ਐਨਡੀਪੀ ਨੇ 124 ਸੀਟਾਂ ਵਿੱਚੋਂ ਪ੍ਰੋਵਿੰਸ਼ੀਅਲ ਪਾਰਲੀਆਮੈਂਟ ਲਈ 40 ਸੀਟਾ ਜਿੱਤੀਆਂ ਸਨ। ਇਹ ਵੀ ਅਜੇ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਚੌਥੀ ਵਾਰੀ ਓਨਟਾਰੀਓ ਦਾ ਪ੍ਰੀਮੀਅਰ ਬਣਨ ਲਈ ਜ਼ੋਰ ਲਾ ਰਹੀ ਹੌਰਵਥ ਹੀ ਇਸ ਵਾਰੀ ਵੀ ਵਿਰੋਧੀ ਧਿਰ ਦੀ ਆਗੂ ਹੋਵੇਗੀ ਜਾਂ ਨਹੀਂ।

# ਐਂਡਰੀਆ ਹਾਵਰਥ ਵੱਲੋਂ ਅਸਤੀਫਾ ਦੇਣ ਦਾ ਐਲਾਨ

ਪੰਜਾਬੀ ਪੋਸਟ: ਐਨ ਡੀ ਪੀ ਆਗੂ ਐਂਡਰੀਆ ਹਾਵਰਥ ਨੇ ਐਲਾਨ ਕੀਤਾ ਹੈ ਕਿ 2022 ਦੀਆਂ ਚੋਣਾਂ ਦੇ ਨਤੀਜਿਆਂ ਦੇ ਸਨਮੁਖ ਉਹ ਪਾਰਟੀ ਲੀਡਰਸ਼ਿੱਪ ਨੂੰ ਕਿਸੇ ਹੋਰ ਦੇ ਹੱਥ ਦੇਣ ਲੱਗੇ ਹਨ। ਹੈਮਿਲਟਨ ਤੋਂ ਆਪਣੀ ਸੀਟ ਜਿੱਤਣ ਦੀ ਖੁਸ਼ੀ ਤੋਂ ਬਾਅਦ ਸਪੀਚ ਕਰਦੇ ਉਹਨਾਂ ਕਿਹਾ ਕਿ ਮੈਂ ਪਿਛਲੇ 13 ਸਾਲ ਦੌਰਾਨ ਪਾਰਟੀ ਨੂੰ ਸੇਵਾਵਾਂ ਦਿੱਤੀਆਂ ਹਨ ਅਤੇ ਹੁਣ ਵਕਤ ਹੈ ਕਿ ਕੋਈ ਨਵਾਂ ਆਗੂ ਪਾਰਟੀ ਲਈ ਕੰਮ ਕਰੇ।

ਵਰਨਣਯੋਗ ਹੈ ਕਿ ਉਂਟੇਰੀਓ ਵਿੱਚ ਐਨ ਡੀ ਪੀ ਨੇ ਦੂਜੀ ਵਾਰ ਅਧਿਕਾਰਤ ਵਿਰੋਧੀ ਧਿਰ ਹੋਣ ਦਾ ਦਰਜ਼ਾ ਹਾਸਲ ਕੀਤਾ ਹੈ ਪਰ ਇਸ ਵਾਰ ਚੋਣ ਨਤੀਜੇ ਪਾਰਟੀ ਦੀਆਂ ਆਸਾਂ ਤੋਂ ਕਿਤੇ ਥੱਲੇ ਰਹੇ ਹਨ। ਐਨ ਡੀ ਪੀ ਨੂੰ ਕਿਤੇ ਧੁਰ ਅੰਦਰ ਆਸ ਸੀ ਕਿ ਉਹ ਸੱਤਾ ਉੱਤੇ ਕਾਬਜ਼ ਹੋ ਸਕਦੀ ਹੈ। ਐਨ ਡੀ ਪੀ ਨੂੰ 2018 ਨਾਲੋਂ ਘੱਟ ਸੀਟਾਂ ਉੱਤੇ ਜਿੱਤ ਪ੍ਰਾਪਤ ਹੋਈ ਹੈ ਜੋ ਕਿ ਐਂਡਰੀਆ ਦੇ ਸਿਆਸੀ ਭੱਵਿਖ ਲਈ ਸ਼ੁਭ ਸ਼ਗਨ ਨਹੀਂ ਕਿਹਾ ਜਾ ਸਕਦਾ। ਇਸ ਵਾਰ ਪਾਰਟੀ ਨੂੰ 2018 ਵਿੱਚ 40 ਦੇ ਮੁਕਾਬਲੇ 29 ਸੀਟਾਂ ਮਿਲਣ ਦੀ ਆਸ ਹੈ।



# ਅਸੀਂ ਅਜੇ ਵੀ ਮਹਾਂਮਾਰੀ ਤੋਂ ਬਾਹਰ ਨਹੀਂ ਨਿਕਲੇ : ਟਰੂਡੋ

ਓਟਵਾ, 2 ਜੂਨ (ਪੋਸਟ ਬਿਊਰੋ) :ਕੋਵਿਡ-19 ਸਬੰਧੀ ਸਰਹੱਦੀ ਪਾਬੰਦੀਆਂ ਵਿੱਚ ਪਿੱਛੇ ਜਿਹੇ ਕੀਤੇ ਗਏ ਵਾਧੇ ਨੂੰ ਜਾਇਜ਼ ਠਹਿਰਾਉਂਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਹ ਫੈਸਲਾ ਸਾਇੰਸ ਦੇ ਅਧਾਰ ਉੱਤੇ ਹੀ ਲਿਆ ਗਿਆ ਹੈ। ਟਰੂਡੋ ਨੇ ਇਹ ਗੱਲ ਉਦੋਂ ਆਖੀ ਜਦੋਂ ਰਾਹਤ ਦੇਣ ਦੀ ਮੰਗ ਲੈ ਕੇ ਟਰੈਵਲ ਤੇ ਟੂਰਿਜ਼ਮ ਸੈਕਟਰ ਓਟਵਾ ਵਿੱਚ ਉਨ੍ਹਾਂ ਨੂੰ ਮਿਲਣ ਗਿਆ।



ਟਰੂਡੋ ਨੇ ਆਖਿਆ ਕਿ ਕੈਨੇਡਾ ਅਜੇ ਵੀ ਮਹਾਂਮਾਰੀ ਦੇ ਦਰਮਿਆਨ ਹੈ ਤੇ ਪਾਬੰਦੀਆਂ-ਜਿਵੇਂ ਕਿ ਟਰੈਵਲਰਜ਼ ਨੂੰ ਕੈਨੇਡਾ ਪਹੁੰਚਣ ਉੱਤੇ ਕੋਵਿਡ-19 ਵੈਕਸੀਨੇਸ਼ਨ ਦਾ ਸਬੂਤ ਦੇਣ ਲਈ ਆਖਣਾ ਆਦਿ- ਮੁਕੰਮਲ ਤੌਰ ਉੱਤੇ ਹਟਾਉਣ ਨਾਲ ਟਰੈਵਲ ਸੈਕਟਰ ਨੂੰ ਹੋਰ ਵੀ ਗੰਭੀਰ ਸਿੱਟੇ ਭੁਗਤਣੇ ਪੈ ਸਕਦੇ ਹਨ।

ਬੁੱਧਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਹਕੀਕਤ ਇਹ ਹੈ ਕਿ ਲੋਕ ਇਹ ਦਿਖਾਵਾ ਕਰਦੇ ਹਨ ਕਿ ਅਸੀਂ ਮਹਾਂਮਾਰੀ ਤੋਂ ਬਾਹਰ ਆ ਚੁੱਕੇ ਹਾਂ ਜਦਕਿ ਅਜਿਹਾ ਨਹੀਂ ਹੈ। ਉਨ੍ਹਾਂ ਆਖਿਆ ਕਿ ਅਜੇ ਵੀ ਕੈਨੇਡੀਅਨ ਰੋਜ਼ਾਨਾ ਕੋਵਿਡ-19 ਕਾਰਨ ਮਰ ਰਹੇ ਹਨ। ਉਨ੍ਹਾਂ ਅੱਗੇ ਆਖਿਆ ਕਿ ਉਹ ਸਮਝਦੇ ਹਨ ਕਿ ਲੋਕ ਆਪਣੇ ਰੋਜ਼ਮਰਾ ਦੇ ਕੰਮਕਾਰ ਪਹਿਲਾਂ ਵਾਂਗ ਕਰਨ ਲਈ ਕਾਹਲੇ ਹਨ ਪਰ ਜੇ ਇੱਕ ਹੋਰ ਵੇਵ ਆ ਜਾਂਦੀ ਹੈ ਤਾਂ ਸਾਡੀ ਟੂਰਿਜ਼ਮ ਇੰਡਸਟਰੀ ਨੂੰ ਪਹਿਲਾਂ ਨਾਲੋਂ ਵੀ ਵੱਡੀ ਢਾਹ ਲੱਗੇਗੀ।

ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਟਰੈਵਲ ਸਬੰਧੀ ਕਈ ਨੁਕਤੇ ਜਿਵੇਂ ਕਿ ਲੰਮੀਆਂ ਲਾਈਨਾਂ ਤੇ ਦੇਰੀ ਆਦਿ ਨੂੰ ਹਟਾਉਣ ਲਈ ਇੰਡਸਟਰੀ ਗਰੁੱਪਸ ਨੇ ਪ੍ਰੈੱਸ ਕਾਨਫਰੰਸ ਵੀ ਕੀਤੀ ਸੀ ਤੇ ਗਰਮੀਆਂ ਵਿੱਚ ਟਰੈਵਲ ਦਾ ਸੀਜ਼ਨ ਹੋਣ ਕਾਰਨ ਫੈਡਰਲ ਸਰਕਾਰ ਤੋਂ ਇਨ੍ਹਾਂ ਪਾਬੰਦੀਆਂ ਨੂੰ ਹਟਾਉਣ ਦੀ ਮੰਗ ਵੀ ਕੀਤੀ ਗਈ ਸੀ।




## ਬਰੈਂਪਟਨ ਦੇ ਪਾਰਕ ਵਿੱਚ ਇੱਕ ਵਿਅਕਤੀ ਦੀ ਗੋਲੀਆਂ ਨਾਲ ਵਿੰਨ੍ਹੀ ਮਿਲੀ ਲਾਸ਼




ਬਰੈਂਪਟਨ, 2 ਜੂਨ (ਪੋਸਟ ਬਿਊਰੋ) : ਸੋਮਵਾਰ ਦੇਰ ਰਾਤ ਨੂੰ ਬਰੈਂਪਟਨ ਦੇ ਪਾਰਕ ਵਿੱਚ ਗੋਲੀਆਂ ਲੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਰਾਤੀਂ 10:30 ਵਜੇ ਦੇ ਨੇੜੇ ਤੇੜੇ ਬਰੈਮਲੀ ਰੋਡ ਤੇ ਬੋਵੇਅਰਡ ਡਰਾਈਵ ਨੇੜੇ ਪੁਲਿਸ ਨੂੰ ਗੋਲੀਆਂ ਚੱਲਣ ਦੀ ਰਿਪੋਰਟ ਮਿਲੀ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਸ ਨੂੰ ਉੱਥੇ ਕੋਈ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਨਹੀਂ ਮਿਲਿਆ।45 ਮਿੰਟ ਬਾਅਦ ਪੁਲਿਸ ਨੂੰ ਹਾਰਟ ਲੇਕ ਤੇ ਕੌਪਰਫੀਲਡ ਰੋਡ ਉੱਤੇ ਰਿਹਾਇਸ਼ੀ ਇਲਾਕੇ ਵਿੱਚ ਇੱਕ ਵਿਅਕਤੀ ਵੱਲੋਂ ਬੇਤਰਤੀਬੇ ਢੰਗ ਨਾਲ ਗੱਡੀ ਚਲਾਉਣ ਦੀਆਂ ਖਬਰਾਂ ਮਿਲੀਆਂ ਤੇ ਫਿਰ ਵ੍ਹਾਈਟ ਸਪਰੂਸ ਪਾਰਕ ਇਲਾਕੇ ਤੋਂ ਵੀ ਇਹੋ ਜਿਹੀਆਂ ਖਬਰਾਂ ਮਿਲੀਆਂ।

ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਗੱਡੀ ਦੇ ਬਾਹਰ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਇੱਕ ਵਿਅਕਤੀ ਮਿਲਿਆ। ਪਰ ਬਾਅਦ ਵਿੱਚ ਉੱਥੇ ਹੀ ਉਸ ਦੀ ਮੌਤ ਹੋ ਗਈ। ਇਹ ਪਤਾ ਨਹੀਂ ਲੱਗ ਸਕਿਆ ਕਿ ਉਸ ਵਿਅਕਤੀ ਗੱਡੀ ਦਾ ਡਰਾਈਵਰ ਸੀ ਜਾਂ ਸਵਾਰੀ ਸੀ। ਪੁਲਿਸ ਨੇ ਦੱਸਿਆ ਕਿ ਦੋਵੇਂ ਘਟਨਾਵਾਂ ਇੱਕ ਦੂਜੇ ਨਾਲ ਸਬੰਧਤ ਹਨ ਪਰ ਇਹ ਅਜੇ ਪਤਾ ਨਹੀਂ ਲੱਗ ਸਕਿਆ ਕਿ ਪਾਰਕ ਵਿੱਚ ਜਿਸ ਵਿਅਕਤੀ ਦੀ ਲਾਸ਼ ਮਿਲੀ ਸੀ ਉਸ ਨੂੰ ਪਹਿਲੀ ਲੋਕੇਸ਼ਨ ਉੱਤੇ, ਕਿਤੇ ਰਾਹ ਵਿੱਚ ਜਾਂ ਪਾਰਕ ਦੇ ਨੇੜੇ ਗੋਲੀ ਮਾਰੀ ਗਈ ਸੀ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

## ਓਐਚਆਈਪੀ ਤਹਿਤ ਬਲੱਡ ਟੈਸਟਸ ਲਈ ਕੋਈ ਪੈਸੇ ਨਹੀਂ ਵਸੂਲ ਰਹੀ ਸਰਕਾਰ : ਸਿਹਤ ਮੰਤਰਾਲਾ



ਓਨਟਾਰੀਓ, 2 ਜੂਨ (ਪੋਸਟ ਬਿਊਰੋ) : ਓਨਟਾਰੀਓ ਦੇ ਸਿਹਤ ਮੰਤਰਾਲੇ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਓਨਟਾਰੀਓ ਹੈਲਥ ਇੰਸ਼ੋਰੈਂਸ ਪਲੈਨ (ਓਐਚਆਈਪੀ) ਤਹਿਤ ਕਵਰ ਕੀਤੇ ਜਾਣ ਵਾਲੇ ਬਲੱਡ ਟੈਸਟਸ ਲਈ ਕੋਈ ਤਬਦੀਲੀਆਂ ਨਹੀਂ ਕੀਤੀਆਂ ਗਈਆਂ ਹਨ।

ਸਿਹਤ ਮੰਤਰਾਲੇ ਨੂੰ ਇਹ ਬਿਆਨ ਇਸ ਲਈ ਜਾਰੀ ਕਰਨਾ ਪਿਆ ਕਿਉਂਕਿ ਕਈ ਟਵੀਟਸ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਬਲੱਡ ਟੈਸਟਸ ਤੇ ਸਕਰੀਨਿੰਗ ਟੈਸਟਸ ਲਈ ਸਰਕਾਰ ਪੈਸੇ ਲੈਣ ਲੱਗੀ ਹੈ।

ਸਿਹਤ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਕਿ ਓਐਚਆਈਪੀ ਲਈ ਕਿਸੇ ਤਰ੍ਹਾਂ ਦੀ ਸੋਧ ਨਹੀਂ ਕੀਤੀ ਗਈ ਹੈ। ਇੱਥੇ ਇਹ ਜਾਂਣਕਾਰੀ ਦੇਣੀ ਬਣਦੀ ਹੈ ਕਿ ਚੋਣ ਕੈਂਪੇਨ ਦੌਰਾਨ ਲੋਕਾਂ ਨੂੰ ਗੁੰਮਰਾਹ ਕਰਨ ਲਈ ਇਸ ਤਰ੍ਹਾਂ ਦਾ ਨਕਾਰਾਤਮਕ ਪ੍ਰਚਾਰ ਕੀਤਾ ਜਾ ਰਿਹਾ ਹੈ। ਨੇਪੀਅਨ ਤੋਂ ਲਿਬਰਲ ਉਮੀਦਵਾਰ ਟਾਈਲਰ ਵਾਟ ਵੱਲੋਂ ਇਹ ਟਵੀਟ ਕੀਤਾ ਗਿਆ ਸੀ ਕਿ ਫੋਰਡ ਸਰਕਾਰ ਚੁੱਪ ਚਪੀਤਿਆਂ ਇਸ ਤਰ੍ਹਾਂ ਦੇ ਟੈਸਟਸ ਲਈ ਹੁਣ ਫੀਸ ਵਸੂਲਣ ਲੱਗੀ ਹੈ। ਟਵੀਟ ਵਿੱਚ ਇੱਥੋਂ ਤੱਕ ਆਖਿਆ ਗਿਆ ਸੀ ਕਿ ਫੋਰਡ ਸਰਕਾਰ ਕੈਂਸਰ ਸਕਰੀਨਿੰਗ ਲਈ 86 ਡਾਲਰ ਤੱਕ ਵਸੂਲ ਰਹੀ ਹੈ। ਪਰ ਬਾਅਦ ਵਿੱਚ ਟਾਈਲਰ ਵੱਲੋਂ ਇਹ ਟਵੀਟ ਹਟਾ ਲਿਆ ਗਿਆ।

ਓਨਟਾਰੀਓ ਦੀ ਹੈਲਥ ਕੋਲੀਸ਼ਨ (ਓਐਚਸੀ) ਦੇ ਐਗਜ਼ੈਕਟਿਵ ਡਾਇਰੈਕਟਰ ਨੇ ਆਖਿਆ ਕਿ ਇਹ ਸੱਚ ਹੈ ਕਿ ਸਰਕਾਰ ਵੱਲੋਂ ਕੁੱਝ ਹੈਲਥ ਕੇਅਰ ਸੇਵਾਵਾਂ ਦਾ ਨਿਜੀਕਰਣ ਕੀਤਾ ਜਾ ਰਿਹਾ ਹੈ ਪਰ ਬਲੱਡ ਟੈਸਟਸ ਜਾਂ ਇਸ ਤਰ੍ਹਾਂ ਦੇ ਹੋਰ ਟੈਸਟਸ ਦੇ ਕੋਈ ਪੈਸੇ ਨਹੀਂ ਲਏ ਜਾ ਰਹੇ।

# ਬੋਟ ਪਲਟਣ ਕਾਰਨ 2 ਹਲਾਕ, 8 ਹੋਰਨਾਂ ਨੂੰ ਪਾਣੀ ਵਿੱਚੋਂ ਸੁਰੱਖਿਅਤ ਕੱਢਿਆ ਗਿਆ

ਟੋਰਾਂਟੋ, 2 ਜੂਨ (ਪੋਸਟ ਬਿਊਰੋ) : ਟੌਮੀ ਥਾਂਪਸਨ ਪਾਰਕ ਨੇੜੇ ਲੇਕ ਓਨਟਾਰੀਓ ਵਿੱਚ ਬੋਟ ਉਲਟਣ ਕਾਰਨ ਦੋ ਵਿਅਕਤੀ ਮਾਰੇ ਗਏ ਜਦਕਿ 8 ਹੋਰਨਾਂ ਨੂੰ ਬਚਾ ਲਿਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਦੇ ਜਾਂਚਕਾਰਾਂ ਵੱਲੋਂ ਦਿੱਤੀ ਗਈ।




ਇੱਕ ਬਿਆਨ ਅਨੁਸਾਰ ਰਾਤੀਂ 12:30 ਵਜੇ ਦੇ ਨੇੜੇ ਤੇੜੇ ਐਸ਼ਬ੍ਰਿੱਜ ਬੇਅ ਤੋਂ ਥੋੜ੍ਹੀ ਦੂਰੀ ਉੱਤੇ ਨੌਰਥਈਸਟ ਵੱਲ ਜਾ ਰਹੀ ਬੋਟ ਇੱਕ ਰੌਕ ਆਈਲੈਂਡ ਨਾਲ ਟਕਰਾ ਜਾਣ ਕਾਰਨ ਉਲਟ ਗਈ। ਹਾਦਸੇ ਦੀ ਜਾਣਕਾਰੀ ਮਿਲਦਿਆਂ ਸਾਰ ਐਮਰਜੰਸੀ ਅਮਲਾ ਮੌਕੇ ਉੱਤੇ ਪਹੁੰਚਿਆ। ਟੋਰਾਂਟੋ ਪੁਲਿਸ ਤੇ ਫਾਇਰ ਮਰੀਨ ਯੂਨਿਟਸ ਵੱਲੋਂ ਹਾਦਸੇ ਦੇ ਤੁਰੰਤ ਬਾਅਦ ਲੋਕਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ। ਅੱਠ ਵਿਅਕਤੀਆਂ ਨੂੰ ਪਾਣੀ ਵਿੱਚੋਂ ਬਾਹਰ ਕੱਢ ਲਿਆ ਗਿਆ ਪਰ ਦੋ ਹੋਰਨਾਂ ਨੂੰ ਤਲਾਸ਼ਿਆ ਨਹੀਂ ਜਾ ਸਕਿਆ। ਜਦੋਂ ਬੋਟ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਗਿਆ ਤਾਂ ਇੱਕ 25 ਸਾਲ ਮਹਿਲਾ ਤੇ 34 ਸਾਲਾ ਪੁਰਸ਼ ਮ੍ਰਿਤਕ ਪਏ ਮਿਲੇ। ਅਜੇ ਵੀ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਰੂਸੀ ਤੇਲ ਦੇ 90 ਫੀ ਸਦੀ ਇੰਪੋਰਟ ਉੱਤੇ ਯੂਰਪੀਅਨ ਯੂਨੀਅਨ ਨੇ ਲਾਈ ਪਾਬੰਦੀ

ਬਰੱਸਲਜ਼, 2 ਜੂਨ (ਪੋਸਟ ਬਿਊਰੋ) : ਯੂਕਰੇਨ ਖਿਲਾਫ ਵਿੱਢੀ ਗਈ ਜੰਗ ਲਈ ਰੂਸ ਨੂੰ ਸਬਕ ਸਿਖਾਉਣ ਵਾਸਤੇ ਯੂਰਪੀਅਨ ਯੂਨੀਅਨ ਰੂਸ ਤੋਂ ਵੱਡੀ ਮਾਤਰਾ ਵਿੱਚ ਤੇਲ ਦੇ ਇੰਪੋਰਟ ਉੱਤੇ ਪਾਬੰਦੀ ਲਾਉਣ ਲਈ ਰਾਜ਼ੀ ਹੋ ਗਈ ਹੈ। ਇਸ ਤੋਂ ਪਹਿਲਾਂ ਹੋਈ ਗੱਲਬਾਤ ਵਿੱਚ ਯੂਰਪੀਅਨ ਯੂਨੀਅਨ ਵਿਚਲੀਆਂ ਤਰੇੜਾਂ ਵੀ ਸਾਹਮਣੇ ਆ ਗਈਆਂ।




24 ਫਰਵਰੀ ਨੂੰ ਰੂਸ ਵੱਲੋਂ ਯੂਕਰੇਨ ਉੱਤੇ ਹਮਲਾ ਬੋਲਿਆ ਗਿਆ ਸੀ। ਜਿਸ ਤੋਂ ਬਾਅਦ ਪੱਛਮੀ ਮੁਲਕਾਂ ਨੇ ਰੂਸ ਦੇ ਐਨਰਜੀ ਸੈਕਟਰ ਤੋਂ ਖਹਿੜਾ ਛੁਡਾਉਣ ਦਾ ਫੈਸਲਾ ਕੀਤਾ ਤਾਂ ਕਿ ਮਾਸਕੋ ਜੰਗ ਲਈ ਆਪਣੇ ਹੱਥ ਹੋਰ ਮਜ਼ਬੂਤ ਨਾ ਕਰ ਸਕੇ। ਪਰ ਇਸ ਤਰ੍ਹਾਂ ਦਾ ਕੋਈ ਵੀ ਕਦਮ ਯੂਰਪ ਵਿੱਚ ਦੋ ਧਾਰੀ ਤਲਵਾਰ ਉੱਤੇ ਤੁਰਨ ਦੇ ਬਰਾਬਰ ਹੈ। ਯੂਰਪ ਆਪਣੀ ਤੇਲ ਦੀ 25 ਫੀ ਸਦੀ ਤੇ ਕੁਦਰਤੀ ਗੈਸ ਦੀ 40 ਫੀ ਸਦੀ ਲੋੜ ਪੂਰੀ ਕਰਨ ਲਈ ਰੂਸ ਉੱਤੇ ਨਿਰਭਰ ਕਰਦਾ ਹੈ। ਜਿਹੜੇ ਯੂਰਪੀਅਨ ਦੇਸ਼ ਇਸ ਤੋਂ ਵੀ ਵੱਡੀ ਗਿਣਤੀ ਵਿੱਚ ਰੂਸ ਉੱਤੇ ਆਪਣੀਆਂ ਐਨਰਜੀ ਸਬੰਧੀ ਲੋੜਾਂ ਪੂਰੀਆਂ ਕਰਨ ਲਈ ਨਿਰਭਰ ਕਰਦੇ ਹਨ ਉਹ ਉਸ ਖਿਲਾਫ ਕਾਰਵਾਈ ਕਰਨ ਤੋਂ ਕਤਰਾ ਰਹੇ ਸਨ।

ਕੁੱਝ ਮਹੀਨੇ ਪਹਿਲਾਂ ਤਾਂ ਇਸ ਤਰ੍ਹਾਂ ਦਾ ਕਦਮ ਚੁੱਕੇ ਜਾਣ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ ਪਰ ਸੋਮਵਾਰ ਨੂੰ ਕਾਫੀ ਬਹਿਸ ਤੋਂ ਬਾਅਦ ਯੂਰਪੀਅਨ ਯੂਨੀਅਨ ਦੇ ਆਗੂਆਂ ਵੱਲੋਂ ਰੂਸ ਦੇ ਤੇਲ ਦੇ ਇੰਪੋਰਟ ਉੱਤੇ ਅਗਲੇ ਛੇ ਮਹੀਨੇ ਵਿੱਚ 90 ਫੀ ਸਦੀ ਕਟੌਤੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਬੈਲਜੀਅਮ ਦੇ ਪ੍ਰਧਾਨ ਮੰਤਰੀ ਅਲੈਗਜ਼ੈਂਡਰ ਡੀ ਕਰੂ ਤੇ ਆਇਰਲੈਂਡ ਦੇ ਪ੍ਰਧਾਨ ਮੰਤਰੀ ਮਾਈਕਲ ਮਾਰਟਿਨ ਵੱਲੋਂ ਇਸ ਫੈਸਲੇ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਆਖਿਆ ਕਿ ਯੂਰਪ ਨੂੰ ਇਸ ਫੈਸਲੇ ਦੇ ਪ੍ਰਭਾਵ ਨਾਲ ਐਡਜਸਟ ਕਰਨ ਲਈ ਕੁੱਝ ਸਮਾਂ ਲੱਗੇਗਾ। ਉਨ੍ਹਾਂ ਇਹ ਵੀ ਆਖਿਆ ਕਿ ਰੂਸ ਦੀ ਐਨਰਜੀ ਦੇ ਸਬੰਧ ਵਿੱਚ ਹੋਰ ਪਾਬੰਦੀਆਂ ਆਉਣ ਵਾਲੇ ਸਮੇਂ ਵਿੱਚ ਹੌਲੀ ਹੌਲੀ ਲਾਈਆਂ ਜਾਣਗੀਆਂ।

## ਰੇਲਵੇ ਕਰੌਸਿੰਗ ਨੇੜੇ ਲਾਸ਼ ਮਿਲਣ ਤੋਂ ਬਾਅਦ ਗੋ ਟਰੇਨਜ਼ ਨੂੰ ਰੋਕਿਆ ਗਿਆ

ਬਰੈਂਪਟਨ, 2 ਜੂਨ (ਪੋਸਟ ਬਿਊਰੋ) : ਵੀਰਵਾਰ ਸਵੇਰੇ ਬਰੈਂਪਟਨ ਵਿੱਚ ਰੇਲਵੇ ਕਰੌਸਿੰਗ ਨੇੜੇ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਰੇਲ ਗੱਡੀਆਂ ਨੂੰ ਰੋਕ ਦਿੱਤਾ ਗਿਆ ਤੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।




ਪੀਲ ਪੁਲਿਸ ਦਾ ਕਹਿਣਾ ਹੈ ਕਿ ਮੇਨ ਤੇ ਕੁਈਨ ਇਲਾਕੇ ਵਿੱਚ ਜੌਹਨ ਤੇ ਜੇਮਜ਼ ਸਟਰੀਟਸ ਦੇ ਟਰੇਨ ਟਰੈਕਸ ਨੇੜੇ ਇੱਕ ਵਿਅਕਤੀ ਦੀ ਲਾਸ਼ ਮਿਲਣ ਤੋਂ ਬਾਅਦ ਜਾਂਚ ਸ਼ੁਰੂ ਕੀਤੀ ਗਈ ਹੈ। ਗੋ ਟਰਾਂਜ਼ਿਟ ਦਾ ਕਹਿਣਾ ਹੈ ਕਿ ਕਿਚਨਰ ਲਾਈਨ ਨੂੰ ਮਾਊਂਟ ਪਲੈਜ਼ੈਂਟ ਗੋ ਸਟੇਸ਼ਨ ਦੇ ਪੂਰਬ ਵੱਲ ਬੰਦ ਕਰ ਦਿੱਤਾ ਗਿਆ ਹੈ ਜਦਕਿ ਪੁਲਿਸ ਬਰੈਂਪਟਨ ਤੇ ਬਰੈਮਲੀ ਸਟੇਸ਼ਨਜ਼ ਦਰਮਿਆਨ ਮਾਮਲੇ ਦੀ ਜਾਂਚ ਕਰ ਰਹੀ ਹੈ।

ਗੋ ਟਰਾਂਜ਼ਿਟ ਵੱਲੋਂ ਟਵੀਟ ਕਰਕੇ ਆਖਿਆ ਗਿਆ ਕਿ ਇਸ ਘਟਨਾ ਕਾਰਨ ਗੱਡੀਆਂ ਚੱਲਣ ਵਿੱਚ ਦੇਰ ਵੀ ਹੋ ਸਕਦੀ ਹੈ ਤੇ ਕਈ ਗੱਡੀਆਂ ਰੱਦ ਵੀ ਹੋ ਸਕਦੀਆਂ ਹਨ। ਇਹ ਵੀ ਆਖਿਆ ਗਿਆ ਕਿ ਹਾਲਾਤ ਮੁਤਾਬਕ ਸਮੇਂ ਸਮੇਂ ਉੱਤੇ ਜਾਣਕਾਰੀ ਦਿੱਤੀ ਜਾਂਦੀ ਰਹੇਗੀ। ਗੋ ਟਰਾਂਜ਼ਿਟ ਨੇ ਇਹ ਵੀ ਆਖਿਆ ਕਿ ਮਾਲਟਨ ਗੋ ਤੇ ਪੀਅਰਸਨ ਏਅਰਪੋਰਟ ਦਰਮਿਆਨ ਕਮਿਊਟਰਜ਼ ਨੂੰ ਯੂਪੀ ਐਕਸਪ੍ਰੈੱਸ ਨਾਲ ਜੋੜਨ ਲਈ ਬੱਸਾਂ ਚਲਾਈਆਂ ਜਾਣਗੀਆਂ। ਇਹ ਵੀ ਆਖਿਆ ਗਿਆ ਕਿ ਮਾਊਂਟ ਪਲੈਜ਼ੈਂਟ ਗੋ, ਬਰੈਂਪਟਨ ਗੋ ਤੇ ਬਰੈਮਲੀ ਗੋ ਤੋਂ ਵਾਅਨ ਸਥਿਤ ਹਾਈਵੇਅ 407 ਬੱਸ ਟਰਮੀਨਲ ਨਾਲ ਟੀਟੀਸੀ ਨੂੰ ਜੋੜਨ ਲਈ ਬੱਸਾਂ ਵੀ ਚਲਾਈਆਂ ਜਾਣਗੀਆਂ। ਪੁਲਿਸ ਨੇ ਆਖਿਆ ਕਿ ਮਾਮਲਾ ਸ਼ੱਕੀ ਨਹੀਂ ਲੱਗਦਾ।

## ਤੁਲਸਾ ਮੈਡੀਕਲ ਬਿਲਡਿੰਗ ਵਿੱਚ ਹਮਲਾਵਰ ਨੇ ਚਲਾਈਆਂ ਗੋਲੀਆਂ, 4 ਹਲਾਕ



ਤੁਲਸਾ, ਓਕਲਾਹਮਾ, 1 ਜੂਨ (ਪੋਸਟ ਬਿਊਰੋ) ਬੁੱਧਵਾਰ ਨੂੰ ਹਸਪਤਾਲ ਕੈਂਪਸ ਸਥਿਤ ਤੁਲਸਾ ਮੈਡੀਕਲ ਬਿਲਡਿੰਗ ਵਿੱਚ ਇੱਕ ਹਮਲਾਵਰ ਨੇ ਗੋਲੀਆਂ ਚਲਾ ਕੇ ਚਾਰ ਵਿਅਕਤੀਆਂ ਨੂੰ ਮਾਰ ਮੁਕਾਇਆ। ਇਸ ਘਟਨਾ ਵਿੱਚ ਹਮਲਾਵਰ ਵੀ ਮਾਰਿਆ ਗਿਆ। ਇਹ ਜਾਣਕਾਰੀ ਪੁਲਿਸ ਕੈਪਟਨ ਨੇ ਦਿੱਤੀ।

ਤੁਲਸਾ ਪੁਲਿਸ ਡਿਪਾਰਟਮੈਂਟ ਡਿਪਟੀ ਚੀਫ ਐਰਿਕ ਡੈਲਗਲੇਸ਼ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਸ ਘਟਨਾ ਵਿੱਚ ਚਾਰ ਲੋਕ ਮਾਰੇ ਗਏ ਤੇ ਸ਼ੂਟਰ ਵੀ ਖੁਦ ਨੂੰ ਗੋਲੀ ਮਾਰਨ ਕਾਰਨ ਮਾਰਿਆ ਗਿਆ। ਦੇਸ਼ ਭਰ ਵਿੱਚ ਗੰਨ ਵਾਇਲੰਸ ਦੇ ਸਾਹਮਣੇ ਆ ਰਹੇ ਮਾਮਲਿਆਂ ਵਿੱਚ ਇਹ ਇੱਕ ਹੋਰ ਮਾਮਲਾ ਜੁੜ ਗਿਆ ਹੈ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਘਾਤਕ ਹਮਲਾ ਕਿਉਂ ਕੀਤਾ ਗਿਆ। ਡੈਲਗਲੇਸ਼ ਨੇ ਦੱਸਿਆ ਕਿ ਅਣਪਛਾਤੇ ਹਮਲਾਵਰ ਕੋਲ ਹੈਂਡਗੰਨ ਤੇ ਰਾਈਫਲ ਦੋਵੇਂ ਸਨ। ਫੇਸਬੁੱਕ ਪੋਸਟ ਉੱਤੇ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਅਧਿਕਾਰੀ ਬਿਲਡਿੰਗ ਦੇ ਹਰੇਕ ਕਮਰੇ ਵਿੱਚ ਜਾ ਕੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕਿਸੇ ਹੋਰ ਨੂੰ ਕਿਸੇ ਕਿਸਮ ਦਾ ਖਤਰਾ ਤਾਂ ਨਹੀਂ। ਪੁਲਿਸ ਕੈਪਟਨ ਰਿਚਰਡ ਮੁਲਨਬਰਗ ਨੇ ਦੱਸਿਆ ਕਿ ਇਸ ਘਟਨਾ ਵਿੱਚ ਕਈ ਹੋਰ ਲੋਕ ਵੀ ਜ਼ਖ਼ਮੀ ਹੋਏ।

# ਨਸ਼ੇ ਵਿੱਚ ਚੋਰੀ ਦੀ ਬੀਐਮਡਬਲਿਊ ਚਲਾਉਂਦਾ ਡਰਾਈਵਰ ਕਾਬੂ

ਮਿਸੀਸਾਗਾ, 2 ਜੂਨ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਮਿਸੀਸਾਗਾ ਵਿੱਚ ਨਸ਼ਾ ਕਰਕੇ ਗੱਡੀ ਚਲਾ ਰਹੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹ ਜਿਹੜੀ ਗੱਡੀ ਚਲਾ ਰਿਹਾ ਸੀ ਉਹ ਚੋਰੀ ਦੀ ਨਿਕਲੀ।

ਅੱਧੀ ਰਾਤ ਨੂੰ ਪੀਲ ਪੁਲਿਸ ਨੂੰ ਖਬਰਾਂ ਮਿਲੀਆਂ ਕਿ ਹਾਈਵੇਅ 403 ਨੇੜੇ ਐਰਿਨ ਮਿੱਲਜ਼ ਪਾਰਕਵੇਅ ਦੀਆਂ ਦੱਖਣ ਵਾਲੀਆਂ ਲੇਨਜ਼ ਉੱਤੇ ਇੱਕ ਡਰਾਈਵਰ ਨੀਲੇ ਰੰਗ ਦੀ ਬੀਐਮਡਬਲਿਊ ਚਲਾ ਰਿਹਾ ਹੈ ਤੇ ਉਸ




ਨੇ ਗੱਡੀ ਦੀਆਂ ਲਾਈਟਾਂ ਵੀ ਆਨ ਨਹੀਂ ਕੀਤੀਆਂ ਹੋਈਆਂ। ਪੁਲਿਸ ਅਧਿਕਾਰੀ ਇਸ ਸ਼ੱਕੀ ਕਾਰ ਨੂੰ ਰੋਕਣ ਵਿੱਚ ਕਾਮਯਾਬ ਰਹੇ ਤੇ ਉਨ੍ਹਾਂ ਵੱਲੋਂ ਡਰਾਈਵਰ ਨੂੰ ਨਸ਼ੇ ਦੀ ਹਾਲਤ ਵਿੱਚ ਗ੍ਰਿਫਤਾਰ ਕਰ ਲਿਆ ਗਿਆ। 32 ਸਾਲਾ ਇਸ ਡਰਾਈਵਰ ਉੱਤੇ ਨਸ਼ਾ ਕਰਕੇ ਗੱਡੀ ਚਲਾਉਣ ਤੇ ਗੱਡੀ ਚੋਰੀ ਕਰਨ ਦੇ ਚਾਰਜਿਜ਼ ਲਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਮੰਗਲਵਾਰ ਨੂੰ ਬਰੈਂਪਟਨ ਤੋਂ ਇੱਕ ਬੀਐਮਡਬਲਿਊ ਚੋਰੀ ਹੋ ਗਈ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਦਿਨ ਦਿਹਾੜੇ ਹੋਈ ਕਾਰਜੈਕਿੰਗ ਮਗਰੋਂ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ




ਵਾਅਨ, 2 ਜੂਨ (ਪੋਸਟ ਬਿਊਰੋ) : ਵਾਅਨ ਦੇ ਇੱਕ ਘਰ ਤੋਂ ਹੋਈ ਹਥਿਆਰਬੰਦ ਕਾਰਜੈਕਿੰਗ ਤੋਂ ਬਾਅਦ ਯੌਰਕ ਰੀਜਨਲ ਪੁਲਿਸ ਕਈ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਜਾਂਚਕਾਰਾਂ ਨੇ ਦੱਸਿਆ ਕਿ ਪੁਲਿਸ ਨੂੰ ਦੁਪਹਿਰੇ 1:00 ਵਜੇ ਦੇ ਨੇੜੇ ਤੇੜੇ ਕੀਲ ਤੇ ਟੈਸਟਨ ਰੋਡ ਏਰੀਆ ਵਿੱਚ ਪਰਸੈਲ ਕ੍ਰੀਸੈਂਟ ਉੱਤੇ ਸਥਿਤ ਘਰ ਤੋਂ ਹੋਈ ਕਾਰਜੈਕਿੰਗ ਦੀ ਖਬਰ ਦੇਣ ਲਈ ਫੋਨ ਆਇਆ। ਪੁਲਿਸ ਨੇ ਦੱਸਿਆ ਕਿ ਕਾਲੇ ਰੰਗ ਦੀ ਆਡੀ ਕਿਊ5 ਲੈ ਕੇ ਜਦੋਂ ਇੱਕ ਵਿਅਕਤੀ ਆਪਣੇ ਘਰ ਜਾ ਰਿਹਾ ਸੀ ਤਾਂ ਹੈਂਡਗੰਨਜ਼ ਨਾਲ ਲੈਸ ਦੋ ਵਿਅਕਤੀਆਂ ਵੱਲੋਂ ਠੀਕ ਉਸ ਦੇ ਘਰ ਦੇ ਬਾਹਰ ਉਸ ਦਾ ਰਾਹ ਰੋਕ ਲਿਆ ਗਿਆ। ਮਸ਼ਕੂਕਾਂ ਵੱਲੋਂ ਉਸ ਵਿਅਕਤੀ ਦੀ ਕਾਰ ਦੇ ਨਾਲ ਨਾਲ ਉਸ ਦਾ ਪਰਸ ਤੇ ਸੈੱਲ ਫੋਨ ਵੀ ਖੋਹ ਲਿਆ ਗਿਆ।

ਉਸ ਵਿਅਕਤੀ ਨੂੰ ਹੋਰ ਕੋਈ ਸਰੀਰਕ ਨੁਕਸਾਨ ਨਹੀਂ ਪਹੁੰਚਾਇਆ ਗਿਆ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਬਲੈਕ ਵਿਅਕਤੀ ਸਨ ਜੋ ਕਿ ਆਪਣੇ 20ਵਿਆਂ ਵਿੱਚ ਸਨ। ਜੀਟੀਏ ਵਿੱਚ ਹੋ ਰਹੀਆਂ ਹਥਿਆਰਬੰਦ ਕਾਰਜੈਕਿੰਗਜ਼ ਦੇ ਮਾਮਲੇ ਵਿੱਚ ਇਹ ਤਾਜ਼ਾ ਘਟਨਾ ਹੈ।

## ਟਰੈਕ ਉੱਤੇ ਸ਼ਰਾਰਤਾਂ ਕਰ ਰਹੇ ਤਿੰਨ ਲੜਕੇ ਗੱਡੀ ਥੱਲੇ ਆਉਣ ਤੋਂ ਮਸ੍ਹਾਂ ਬਚੇ

ਟੋਰਾਂਟੋ, 2 ਜੂਨ (ਪੋਸਟ ਬਿਊਰੋ) : ਟਰੇਨ ਟਰੈਕਸ ਉੱਤੇ ਤੁਰਨ ਦੇ ਕਿਹੋ ਜਿਹੇ ਖਤਰੇ ਹੋ ਸਕਦੇ ਹਨ ਇਸ ਬਾਰੇ ਮੈਟਰੋ ਲਿੰਕਸ ਵੱਲੋਂ ਇੱਕ ਹੈਰਾਨ ਕਰਨ ਵਾਲੀ ਵੀਡੀਓ ਜਾਰੀ ਕੀਤੀ ਗਈ ਹੈ।

ਇਹ ਵੀਡੀਓ ਬੀਤੇ ਦਿਨੀਂ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਮਿਲਟਨ ਲਾਈਨ ਉੱਤੇ ਟਰੇਨ ਦੇ ਸਾਹਮਣੇ ਵਾਲੇ ਹਿੱਸੇ ਵਿੱਚੋਂ ਬਣਾਈ ਗਈ ਹੈ। ਇਸ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਜਿਸ ਸਮੇਂ ਗੋ ਟਰੇਨ ਹਾਈਵੇਅ 401 ਤੇ ਵੈਸਟਨ ਰੋਡ ਨੇੜੇ ਹੰਬਰ ਰਿਵਰ ਦੇ ਪੁਲ ਉੱਪਰੋਂ ਲੰਘ ਰਹੀ ਹੈ ਜਦੋਂ ਤਿੰਨ ਨੌਜਵਾਨ ਇਸ ਚੱਲਦੀ ਟਰੇਨ ਦੇ ਅੱਗਿਓਂ ਲੰਘ ਰਹੇ ਹਨ ਤੇ ਕਦੇ ਇਸ ਨੂੰ ਅੱਗੇ ਲੱਗ ਕੇ ਪਿੱਛੇ ਛੱਡਣ ਲਈ ਦੌੜ ਲਾਉਂਦੇ ਨਜ਼ਰ ਆ ਰਹੇ ਹਨ।



ਇੱਕ ਰਲੀਜ਼ ਵਿੱਚ ਮੈਟਰੋਲਿੰਕਸ ਨੇ ਆਖਿਆ ਕਿ ਜਦੋਂ ਟਰੇਨ ਓਵਰਪਾਸ ਤੋਂ ਲੰਘੀ ਤਾਂ ਕ੍ਰਿਊ ਨੇ ਵੇਖਿਆ ਕਿ ਇੱਕ ਲੜਕਾ ਪੁਲ ਉੱਤੇ ਬਣੀ ਹੋਈ ਫੈਂਸ ਨਾਲ ਲਮਕ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਗੱਡੀ ਬੱਸ ਉਸ ਨੂੰ ਖਹਿੰਦੇ ਖਹਿੰਦੇ ਬਚੀ। ਇਸੇ ਤਰ੍ਹਾਂ ਦੋ ਹੋਰ ਲੜਕੇ ਗੱਡੀ ਤੋਂ ਅੱਗੇ ਲੰਘਣ ਲਈ ਟਰੈਕ ਦੇ ਨਾਲ ਨਾਲ ਦੌੜਦੇ ਨਜ਼ਰ ਆਏ। ਉਨ੍ਹਾਂ ਨੂੰ ਪਾਸੇ ਰੱਖਣ ਲਈ ਗੱਡੀ ਦਾ ਹੌਰਨ ਵੀ ਮਾਰਿਆ ਗਿਆ ਤੇ ਆਖਿਰਕਾਰ ਪੁਲ ਤੋਂ ਫੌਰਨ ਬਾਅਦ ਹੀ ਟਰੇਨ ਨੇ ਬ੍ਰੇਕ ਮਾਰ ਦਿੱਤੀ।

ਏਜੰਸੀ ਨੇ ਦੱਸਿਆ ਕਿ ਤਿੰਨਾਂ ਲੜਕਿਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਪਰ ਉਹ ਬੁਰੀ ਤਰ੍ਹਾਂ ਡਰ ਗਏ ਤੇ ਗੱਡੀ ਰੁਕਦਿਆਂ ਸਾਰ ਹੀ ਮੌਕੇ ਤੋਂ ਭੱਜ ਨਿਕਲੇ।

## ਓਕਵਿੱਲ ਦੇ ਸਕੂਲ ਵਿੱਚ ਲਾਕਡਾਊਨ ਲਾਏ ਜਾਣ ਮਗਰੋਂ ਟੀਨੇਜਰ ਹਿਰਾਸਤ ਵਿੱਚ



ਓਕਵਿੱਲ, 2 ਜੂਨ (ਪੋਸਟ ਬਿਊਰੋ) : ਹਥਿਆਰਬੰਦ ਵਿਅਕਤੀ ਨੂੰ ਇਲਾਕੇ ਵਿੱਚ ਵੇਖੇ ਜਾਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਓਕਵਿੱਲ ਦੇ ਇੱਕ ਸਕੂਲ ਵਿੱਚ ਲਾਕਡਾਊਨ ਲਾਏ ਜਾਣ ਮਗਰੋਂ ਇੱਕ 16 ਸਾਲਾ ਲੜਕੇ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

ਮੌਂਟਕਲੇਅਰ ਡਰਾਈਵ ਉੱਤੇ ਸਥਿਤ ਵ੍ਹਾਈਟ ਓਕਸ ਸੈਕੰਡਰੀ ਸਕੂਲ ਵਿੱਚ ਲਾਕਡਾਊਨ ਲਾ ਦਿੱਤਾ ਗਿਆ ਜਦਕਿ ਨੇੜਲੇ ਸਕੂਲਾਂ ਜਿਵੇਂ ਕਿ ਇਕੋਲ ਗੇਟਨ ਗੈਰਵਾਇਸ, ਮੌਂਟਕਲੇਅਰ ਪਬਲਿਕ ਸਕੂਲ, ਸੇਂਟ ਮਾਈਕਲ ਐਲੀਮੈਂਟਰੀ, ਮੰਨਜ਼ ਐਂਡ ਇਕੋਲ ਐਲੀਮੈਂਟੇਅਰ ਡੂ ਚੇਨ, ਸਕੂਲਾਂ ਨੂੰ ਹੋਲਡ ਐਂਡ ਸਕਿਓਰ ਵਾਲੀ ਸਥਿਤੀ ਵਿੱਚ ਰੱਖਿਆ ਗਿਆ।

ਸਕੂਲ ਵਿੱਚ ਤਲਾਸ਼ੀ ਲਏ ਜਾਣ ਤੋਂ ਬਾਅਦ ਮਸ਼ਕੂਕ ਸਕੂਲ ਦੀ ਪ੍ਰਾਪਰਟੀ ਤੋਂ ਮਿਲ ਗਿਆ ਤੇ ਉਸ ਕੋਲੋਂ ਪੁਲਿਸ ਵੱਲੋਂ ਹੈਂਡਗੰਨ ਦੀ ਨਕਲ ਬਰਾਮਦ ਕੀਤੀ ਗਈ। ਹਾਲਟਨ ਪੁਲਿਸ ਨੇ ਆਖਿਆ ਕਿ ਉਸ ਖਿਲਾਫ ਹਥਿਆਰਾਂ ਨਾਲ ਸਬੰਧਤ ਚਾਰਜਿਜ਼ ਲਾਏ ਜਾਣਗੇ। ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ ਤੇ ਸੇਫਟੀ ਸਬੰਧੀ ਸਾਰੇ ਇੰਤਜ਼ਾਮ ਹਟਾ ਲਏ ਗਏ ਹਨ।

## ਟੋਰਾਂਟੋ ਦੇ ਦੋ ਸਕੂਲਾਂ ਵਿੱਚ ਪੈਲੇਟ ਗੰਨਜ਼ ਨਾਲ ਕੀਤੇ ਹਮਲਿਆਂ ਲਈ 3 ਟੀਨੇਜਰ ਗ੍ਰਿਫਤਾਰ

ਟੋਰਾਂਟੋ, 2 ਜੂਨ (ਪੋਸਟ ਬਿਊਰੋ) : ਸੋਮਵਾਰ ਨੂੰ ਟੋਰਾਂਟੋ ਦੇ ਪੱਛਮੀ ਸਿਰੇ ਉੱਤੇ ਸਥਿਤ ਸਕੂਲਾਂ ਵਿੱਚ ਦੋ ਵੱਖਰੇ ਪੈਲੇਟ ਗੰਨ ਮਾਮਲਿਆਂ ਦੇ ਸਬੰਧ ਵਿੱਚ ਤਿੰਨ ਟੀਨੇਜਰਜ਼ ਨੂੰ ਗ੍ਰਿਫਤਾਰ ਕੀਤਾ ਗਿਆ ਹੈ।




ਦੁਪਹਿਰੇ 12:45 ਦੇ ਨੇੜੇ ਤੇੜੇ ਬਲੂਅਰ ਸਟਰੀਟ ਵੈਸਟ ਤੇ ਡੰਡਸ ਸਟਰੀਟ ਵੈਸਟ ਨੇੜੇ ਸਥਿਤ ਇੱਕ ਸਕੂਲ ਵਿੱਚ ਟੋਰਾਂਟੋ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਨੂੰ ਦੱਸਿਆ ਗਿਆ ਕਿ ਇੱਥੇ ਇੱਕ 15 ਸਾਲਾ ਲੜਕੇ ਨੇ ਕਥਿਤ ਤੌਰ ਉੱਤੇ 17 ਸਾਲਾ ਲੜਕੀ ਉੱਤੇ ਪੈਲੇਟ ਗੰਨ ਨਾਲ ਹਮਲਾ ਕੀਤਾ। ਲੜਕੀ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਅਧਿਕਾਰੀਆਂ ਨੇ ਇਸ ਲੜਕੇ ਨੂੰ ਸਕੂਲ ਤੋਂ ਹੀ ਗ੍ਰਿਫਤਾਰ ਕਰ ਲਿਆ ਤੇ ਉਸ ਉੱਤੇ ਖਤਰਨਾਕ ਹਥਿਆਰ ਰੱਖਣ ਦੇ ਦੋਸ਼ ਲਾਏ ਗਏ।

ਪੁਲਿਸ ਨੂੰ ਸ਼ਾਮੀਂ 4:00 ਵਜੇ ਤੋਂ ਬਾਅਦ ਜੇਨ ਸਟਰੀਟ ਤੇ ਲਾਅਰੈਂਸ ਐਵਨਿਊ ਵੈਸਟ ਨੇੜੇ ਵੈਸਟਨ ਕਾਲਜੀਏਟ ਇੰਸਟੀਚਿਊਟ ਵਿੱਚ ਵੀ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਸਕੂਲ ਦੀ ਪ੍ਰਾਪਰਟੀ ਉੱਤੇ ਇੱਕ 15 ਸਾਲਾ ਲੜਕੇ ਦੇ ਸਿਰ ਤੇ ਬਾਂਹ ਉੱਤੇ ਪੈਲੇਟ ਗੰਨ ਨਾਲ ਹਮਲਾ ਕੀਤਾ ਗਿਆ। ਉਸ ਨੂੰ ਵੀ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਠੀਕ ਦੱਸੀ ਜਾਂਦੀ ਹੈ।

ਇਸ ਕਾਰੇ ਨੂੰ ਅੰਜਾਮ ਦੇਣ ਵਾਲੇ ਦੋ ਟੀਨੇਜਰਜ਼ ਮੌਕੇ ਤੋਂ ਫਰਾਰ ਹੋ ਗਏ ਪਰ ਉਨ੍ਹਾਂ ਨੂੰ ਜਲਦ ਹੀ ਲੋਕੇਟ ਕਰਨ ਤੋਂ ਬਾਅਦ ਸਕੂਲ ਤੋਂ ਥੋੜ੍ਹੀ ਦੂਰੀ ਉੱਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਦੋਵਾਂ ਕੋਲੋਂ ਪੈਲੇਟ ਗੰਨਜ਼ ਬਰਾਮਦ ਹੋਈਆਂ। 15 ਸਾਲਾ ਲੜਕੇ ਨੂੰ ਹਥਿਆਰ ਨਾਲ ਹਮਲਾ ਕਰਨ, ਖਤਰਨਾਕ ਹਥਿਆਰ ਰੱਖਣ ਤੇ ਧਮਕੀਆਂ ਦੇਣ ਲਈ ਚਾਰਜ ਕੀਤਾ ਗਿਆ ਜਦਕਿ 17 ਸਾਲਾ ਲੜਕੇ ਨੂੰ ਖਤਰਨਾਕ ਹਥਿਆਰ ਰੱਖਣ ਲਈ ਚਾਰਜ ਕੀਤਾ ਗਿਆ।

## ਪੀਸੀ ਪਾਰਟੀ ਤੋਂ ਇਲਾਵਾ ਓਨਟਾਰੀਓ ਵਾਸੀਆਂ ਦੀ ਸਾਰ ਹੋਰ ਕੋਈ ਨਹੀਂ ਲੈ ਸਕਦਾ : ਫੋਰਡ

ਓਟਵਾ, 2 ਜੂਨ (ਪੋਸਟ ਬਿਊਰੋ) : ਅੱਜ ਡੱਗ ਫੋਰਡ ਨੇ ਐਲਾਨ ਕੀਤਾ ਕਿ ਹਾਈਵੇਅ-417 ਦਾ ਪਸਾਰ ਅਤੇ ਓਟਵਾ ਏਰੀਆ ਦੇ ਡਰਾਈਵਰਾਂ ਤੇ ਕਾਰੋਬਾਰਾਂ ਲਈ ਸਿਰਫ ਮੁੜ ਚੁਣੀ ਗਈ ਪੀਸੀ ਸਰਕਾਰ ਹੀ ਰਾਹ ਪੱਧਰਾ ਕਰ ਸਕਦੀ ਹੈ।



ਫੋਰਡ ਨੇ ਆਖਿਆ ਕਿ ਅਜੇ ਕੁੱਝ ਦਿਨ ਪਹਿਲਾਂ ਹੀ ਸਟੀਵਨ ਡੈਲ ਡੂਕਾ ਨੇ ਹਾਈਵੇਅ 417 ਦਾ ਪਸਾਰ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਆਖਿਆ ਸੀ ਕਿ ਉਹ ਇਸ ਬਾਰੇ ਇੱਕ ਹੋਰ ਅਧਿਐਨ ਕਰਵਾਉਣਾ ਚਾਹੁੰਦੇ ਹਨ। ਓਟਵਾ ਦੇ ਡਰਾਈਵਰ ਉਡੀਕ ਕਰਦੇ ਕਰਦੇ ਥੱਕ ਚੁੱਕੇ ਹਨ ਤੇ ਅਜਿਹੀ ਖੜੋਤ ਵਿੱਚ ਫਸ ਚੁੱਕੇ ਹਨ ਜਿਹੜੀ ਸੁਲਝਣ ਦੀ ਥਾਂ ਉਲਝਦੀ ਜਾ ਰਹੀ ਹੈ। ਲੋਕਲ ਕਾਰੋਬਾਰਾਂ ਲਈ ਬਿਹਤਰ ਸੜਕਾਂ ਤੇ ਹਾਈਵੇਅਜ਼ ਦੀ ਲੋੜ ਹੈ ਤਾਂ ਕਿ ਵਸਤਾਂ ਨੂੰ ਜਲਦ ਤੋਂ ਜਲਦ ਮਾਰਕਿਟ ਪਹੁੰਚਾਇਆ ਜਾ ਸਕੇ। ਇਸ ਲਈ ਸਿਰਫ ਪੀਸੀ ਸਰਕਾਰ ਹੀ ਇਸ ਹਾਈਵੇਅ 417 ਦਾ ਪਸਾਰ ਕਰਵਾ ਸਕਦੀ ਹੈ।

ਹਾਈਵੇਅ 417 ਓਟਵਾ ਰੀਜਨ ਨੂੰ 401 ਨਾਲ ਜੋੜਦਾ ਹੈ ਤੇ ਇਹ ਇਸ ਖੇਤਰ ਦੇ ਮੈਨੂਫੈਕਚਰਿੰਗ ਤੇ ਖੇਤੀਬਾੜੀ ਸੈਕਟਰ ਲਈ ਅਹਿਮ ਗੇਟਵੇਅ ਦਾ ਕੰਮ ਕਰਦਾ ਹੈ। ਹਾਈਵੇਅ 17 ਤੇ 7 ਵੀ ਅਹਿਮ ਗਲਿਆਰੇ ਹਨ ਜਿਹੜੇ ਓਟਵਾ ਨੂੰ ਉੱਤਰ ਤੇ ਪੀਟਰਬਰੋ ਨਾਲ ਜੋੜਦੇ ਹਨ। ਜਦੋਂ ਟਰੈਫਿਕ ਆਪਣੇ ਸਿਖਰ ਉੱਤੇ ਹੁੰਦਾ ਹੈ ਤਾਂ ਹਾਈਵੇਅ 417 ਦੇ ਲਾਂਘੇ ਤੇ ਮਾਂਟਰੀਅਲ ਰੋਡ ਦਰਮਿਆਨ ਕੁਈਨਜ਼ਵੇਅ ਖਚਾਖਚ ਭਰਿਆ ਹੁੰਦਾ ਹੈ। ਇਸ ਨਾਲ ਜਿੱਥੇ ਕਮਿਊਟਰਜ਼ ਨੂੰ ਦੇਰ ਦਾ ਸਾਹਮਣਾ ਕਰਨਾ ਪੈਂਦਾ ਹੈ ਉੱਥੇ ਹੀ ਸਮੇਂ ਸਿਰ ਕੋਈ ਚੀਜ਼ ਨਾ ਮਿਲਣ ਕਾਰਨ ਕਾਰੋਬਾਰਾਂ ਨੂੰ ਵੱਡਾ ਆਰਥਿਕ ਨੁਕਸਾਨ ਵੀ ਹੁੰਦਾ ਹੈ। ਇਸ ਤਰ੍ਹਾਂ ਦੀ ਖੜੋਤ ਤੋਂ ਬਚਣ ਲਈ ਕਮਰਸ਼ੀਅਲ ਟਰੱਕ ਡਾਊਨਟਾਊਨ ਵਾਲੇ ਇਲਾਕੇ ਵਿੱਚੋਂ ਲੰਘਦੇ ਹਨ ਜਿਸ ਕਾਰਨ ਲੋਕਲ ਪੱਧਰ ਉੱਤੇ ਵੀ ਟਰੈਫਿਕ ਜਾਮ ਵਰਗੀ ਸਥਿਤੀ ਬਣ ਜਾਂਦੀ ਹੈ।

ਇਸ ਖੜੋਤ ਤੋਂ ਰਾਹਤ ਦੇਣ ਲਈ ਮੁੜ ਚੁਣੀ ਗਈ ਪੀਸੀ ਸਰਕਾਰ ਓਟਵਾ ਵਿੱਚ ਹਾਈਵੇਅ 416 ਤੇ ਮੇਟਲੈਂਡ ਐਵਨਿਊ ਦਰਮਿਆਨ ਹਰੇਕ ਦਿਸ਼ਾ ਵੱਲ ਹਾਈਵੇਅ 417 ਦੀਆਂ ਸਾਰੀਆਂ ਲੇਨਜ਼ ਨੂੰ ਚੌੜਾ ਕਰਕੇ ਚਾਰ ਲੇਨਜ਼ ਵਾਲਾ ਬਣਾਵੇਗੀ। ਇਸ ਦੇ ਨਾਲ ਹੀ ਓਨਟਾਰੀਓ ਪੀਸੀ ਹਾਈਵੇਅ 417 ਉੱਤੇ ਓਟਵਾ ਰੋਡ 174 ਤੋਂ ਵਾਲਕਲੇਅ ਰੋਡ ਤੱਕ ਪੰਜ ਪੁਲਾਂ ਦਾ ਨਿਰਮਾਣ ਕਰੇਗੀ। ਇਸ ਦੇ ਨਾਲ ਹੀ ਐਮਪਰਾਇਰ ਤੋਂ ਰੈਨਫਰਿਊ ਤੱਕ ਚਾਰ ਲੇਨਜ਼ ਨੂੰ ਚੌੜਾ ਕਰੇਗੀ, ਜਿਸ ਨਾਲ ਸੜਕਾਂ ਦੀ ਸਮਰੱਥਾ ਵਿੱਚ ਵਾਧਾ ਹੋਵੇਗਾ ਤੇ ਰੋਡ ਸੇਫਟੀ ਵਿੱਚ ਵੀ ਸੁਧਾਰ ਹੋਵੇਗਾ।

ਫੋਰਡ ਨੇ ਆਖਿਆ ਕਿ ਪੂਰਬੀ ਓਨਟਾਰੀਓ ਦੀ ਆਬਾਦੀ ਵਿੱਚ ਅਗਲੇ 30 ਸਾਲਾਂ ਵਿੱਚ 75 ਫੀ ਸਦੀ ਵਾਧਾ ਹੋਣ ਦੀ ਸੰਭਾਵਨਾ ਦੇ ਚੱਲਦਿਆਂ ਹਾਈਵੇਅਜ਼ ਦਾ ਨਿਰਮਾਣ ਕਦੇ ਵੀ ਐਨਾ ਜ਼ਰੂਰੀ ਨਹੀਂ ਰਿਹਾ। ਉਨ੍ਹਾਂ ਆਖਿਆ ਕਿ ਐਂਡਰੀਆ ਹੌਰਵਥ ਤੇ ਉਨ੍ਹਾਂ ਦੀ ਐਨਡੀਪੀ ਹਾਈਵੇਅਜ਼ ਦੇ ਨਿਰਮਾਣ ਨਾਲੋਂ ਇਨ੍ਹਾਂ ਦਾ ਵਿਰੋਧ ਕਰਕੇ ਜ਼ਿਆਦਾ ਖੁਸ਼ ਹਨ।

ਡੈਲ ਡੂਕਾ ਤੇ ਵਿੰਨ ਦੇ ਲਿਬਰਲਾਂ ਨੂੰ ਕਦੇ ਇਸ ਬਾਰੇ ਹੋਰ ਅਧਿਐਨ ਚਾਹੀਦਾ ਹੈ, ਕਦੇ ਹੋਰ ਰਿਪੋਰਟਾਂ ਤੇ ਕਮੇਟੀਆਂ ਚਾਹੀਦੀਆਂ ਹਨ, ਉਹ ਸਿਰਫ ਨਾਂਹ ਕਰਨ ਦਾ ਬਹਾਨਾ ਲੱਭਦੇ ਹਨ। ਹਾਈਵੇਅ 417 ਦਾ ਨਿਰਮਾਣ ਕਰਵਾਉਣ ਲਈ ਸਿਰਫ ਪੀਸੀ ਪਾਰਟੀ ਹੀ ਸੰਜੀਦਾ ਹੈ।

- ਇਸ ਤੋਂ ਇਲਾਵਾ ਓਨਟਾਰੀਓ ਦੇ ਅਰਥਚਾਰੇ ਲਈ ਮੈਨੂਫੈਕਚਰਿੰਗ ਦੇ ਖੇਤਰ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਕੇ, ਨਿੱਕੇ ਕਾਰੋਬਾਰਾਂ ਦੀ ਮਦਦ ਕਰਕੇ ਫੋਰਡ ਸਰਕਾਰ ਨਵੇਂ ਰਾਹ ਖੋਲ੍ਹੇਗੀ। ਫੋਰਡ ਸਰਕਾਰ ਦੀ ਮਾਈਨਿੰਗ ਯੋਜਨਾਂ ਨਵੇਂ ਦਿੱਸਹੱਦੇ ਖੋਲ੍ਹੇਗੀ।
- ਅਪਰੈਂਟਿਸਸ਼ਿਪਜ਼ ਨੂੰ ਹੱਲਾਸ਼ੇਰੀ ਦੇ ਕੇ ਤੇ ਨਵੇਂ ਸਕਿੱਲਡ ਟਰੇਡਜ਼ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਦੇ ਨਾਲ ਨਾਲ ਕਾਲਜਾਂ ਨੂੰ ਤਿੰਨ ਸਾਲ ਦੇ ਡਿਗਰੀ ਕੋਰਸ ਕਰਨ ਦੀ ਇਜਾਜ਼ਤ ਦੇ ਕੇ ਘੱਟ ਤੋਂ ਘੱਟ ਉਜਰਤਾਂ ਵਿੱਚ ਵਾਧਾ ਕੀਤਾ ਜਾਵੇਗਾ।
- 401 ਵਿੱਚ ਨਿਵੇਸ਼ ਕਰਨ ਦੇ ਨਾਲ ਨਾਲ ਹਾਈਵੇਅ 413, ਬ੍ਰੈਡਫੋਰਡ ਬਾਇਪਾਸ ਦੇ ਨਿਰਮਾਣ ਨਾਲ ਹਾਈਵੇਅਜ਼ ਤੇ ਇਨਫਰਾਸਟ੍ਰਕਚਰ ਦਾ ਨਿਰਮਾਣ ਹੋਵੇਗਾ।
- ਗੈਸ ਟੈਕਸ ਵਿੱਚ ਕਟੌਤੀ ਕਰਨ, ਲਾਇਸੰਸ ਪਲੇਟ ਸਟਿੱਕਰਾਂ ਤੋਂ ਖਹਿੜਾ ਛੁਡਾ ਕੇ ਤੇ ਹਾਈਵੇਅ 412 ਤੇ 418 ਉੱਤੇ ਵਸੂਲੇ ਜਾਣ ਵਾਲੇ ਖਾਹਮਖਾਹ ਦੇ ਟੋਲ ਨੂੰ ਵੀ ਪੀਸੀ ਸਰਕਾਰ ਮੁੜ ਚੁਣੇ ਜਾਣ ਉੱਤੇ ਹਟਾਵੇਗੀ।
- ਹੋਰ ਨਰਸਾਂ, ਡਾਕਟਰ ਤੇ ਪਰਸਨਲ ਸਪੋਰਟ ਵਰਕਰਜ਼ ਭਰਤੀ ਕੀਤੇ ਜਾਣਗੇ। ਇਸ ਨਾਲ ਵੱਧ ਤੋਂ ਵੱਧ ਬਜ਼ੁਰਗ ਆਪਣੇ ਘਰਾਂ ਵਿੱਚ ਰਹਿ ਸਕਣਗੇ। ਇਸ ਦੇ ਨਾਲ ਹੀ ਓਨਟਾਰੀਓ ਵਿੱਚ ਵਧੇਰੇ ਵੈਕਸੀਨਜ਼ ਅਤੇ ਪੀਪੀਈ ਵਰਗੀਆਂ ਅਹਿਮ ਸਪਲਾਈਜ਼ ਤਿਆਰ ਕੀਤੀਆਂ ਜਾਣਗੀਆਂ।

## ਬਰੈਂਪਟਨ ਦੇ ਹਾਈ ਸਕੂਲ ਨੂੰ ਆਨਲਾਈਨ ਧਮਕੀਆਂ ਦੇਣ ਵਾਲਾ ਟੀਨੇਜਰ ਕਾਬੂ

ਬਰੈਂਪਟਨ, 2 ਜੂਨ (ਪੋਸਟ ਬਿਊਰੋ) : ਬਰੈਂਪਟਨ ਦੇ ਹਾਈ ਸਕੂਲ ਨੂੰ ਆਨਲਾਈਨ ਧਮਕੀਆਂ ਦੇਣ ਵਾਲੇ ਟੀਨੇਜਰ ਨੂੰ ਪੀਲ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਮਿਸੀਸਾਗਾ ਰੋਡ ਤੇ ਬੋਵੇਅਰਡ ਡਰਾਈਵ ਏਰੀਆ ਵਿੱਚ ਸਥਿਤ ਜੀਨ ਆਗਸਟਿਨ ਸੈਕੰਡਰੀ ਸਕੂਲ ਖਿਲਾਫ ਧਮਕੀਆਂ ਦੇਣ ਵਾਲੇ ਇਸ ਟੀਨੇਜਰ ਬਾਰੇ ਜਾਂਚਕਾਰਾਂ ਨੂੰ ਜਾਣਕਾਰੀ ਦਿੱਤੀ ਗਈ। ਇਹ ਟੀਨੇਜਰ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਸਕੂਲ ਨੂੰ ਧਮਕੀਆਂ ਦੇ ਰਿਹਾ ਸੀ।



ਵੀਰਵਾਰ ਨੂੰ ਜਾਂਚਕਾਰਾਂ ਵੱਲੋਂ ਜਾਨੋ ਮਾਰਨ ਜਾਂ ਸਰੀਰਕ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦੇਣ ਬਦਲੇ 17 ਸਾਲਾ ਲੜਕੇ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ। ਯੂਥ ਕ੍ਰਿਮੀਨਲ ਜਸਟਿਸ ਐਕਟ ਤਹਿਤ ਇਸ ਟੀਨੇਜਰ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਉਸ ਨੂੰ ਜ਼ਮਾਨਤ ਦੀ ਸੁਣਵਾਈ ਲਈ ਅਦਾਲਤ ਵਿੱਚ ਵੀ ਪੇਸ਼ ਕੀਤਾ ਗਿਆ। ਜਾਂਚ ਦੌਰਾਨ ਮਦਦ ਕਰਨ ਲਈ ਪੁਲਿਸ ਨੇ ਜਨਤਾ ਦਾ ਸ਼ੁਕਰੀਆ ਅਦਾ ਕੀਤਾ। ਉਨ੍ਹਾਂ ਆਖਿਆ ਕਿ ਇਸ ਮਾਮਲੇ ਦੀ ਹੋਰ ਜਾਂਚ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਜਾਂਚਕਾਰ ਇਹ ਤੈਅ ਕਰਨਗੇ ਕਿ ਇਸ ਮਾਮਲੇ ਵਿੱਚ ਮੁਜਰਮਾਨਾ ਚਾਰਜਿਜ਼ ਲਾਏ ਜਾਣਗੇ ਜਾਂ ਨਹੀਂ।

## ਗੱਡੀ ਵਿੱਚੋਂ ਹਥਿਆਰ ਤੇ ਨਸ਼ੀਲੇ ਪਦਾਰਥ ਮਿਲਣ ਤੋਂ ਬਾਅਦ ਦੋ ਗ੍ਰਿਫਤਾਰ

ਮਾਰਖਮ, 2 ਜੂਨ (ਪੋਸਟ ਬਿਊਰੋ) : ਮਾਰਖਮ ਵਿੱਚ ਮਿਲੀ ਇੱਕ ਸ਼ੱਕੀ ਗੱਡੀ ਵਿੱਚੋਂ ਪੁਲਿਸ ਨੂੰ ਗੰਨਜ਼, ਡਰੱਗਜ਼ ਤੇ ਛੁਰਾ ਆਦਿ ਬਰਾਮਦ ਹੋਏ ਹਨ। ਇਸ ਗੱਡੀ ਵਿੱਚ ਇੱਕ ਮਹਿਲਾ ਤੇ ਪੁਰਸ਼ ਸੁੱਤੇ ਹੋਏ ਮਿਲਣ ਤੋਂ ਬਾਅਦ ਯੌਰਕ ਰੀਜਨਲ ਪੁਲਿਸ ਵੱਲੋਂ ਇਸ ਜੋੜੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੋਮਵਾਰ ਨੂੰ ਇੱਕ ਸ਼ੱਕੀ ਗੱਡੀ ਇਲਾਕੇ ਵਿੱਚ ਨਜ਼ਰ ਆਉਣ ਤੋਂ ਬਾਅਦ ਜਾਂਚਕਾਰਾਂ ਨੂੰ ਰਾਤੀਂ 10:30 ਵਜੇ ਹਾਈਲੈਨ ਤੇ ਮਿਡਲਫੀਲਡ ਨੇੜੇ ਅਪੋਲੋ ਤੇ ਫੌਂਡਾ ਰੋਡਜ਼ ਉੱਤੇ ਸੱਦਿਆ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾਂ ਨੂੰ ਗੱਡੀ ਵਿੱਚ ਦੋ ਵਿਅਕਤੀ ਸੁੱਤੇ ਹੋਏ ਮਿਲੇ। ਗੱਡੀ ਦੀ ਤਲਾਸ਼ੀ ਲੈਣ ਉੱਤੇ ਪੁਲਿਸ ਨੂੰ ਗੱਡੀ ਵਿੱਚੋਂ ਹੈਂਡਗੰਨ, ਸਾਇਲੈਂਸਰ, ਬਾਡੀ ਆਰਮਰ, ਮਾਸਕਸ, ਛੁਰਾ, ਮੈਰੀਯੁਆਨਾ ਤੇ ਸ਼ਰਾਬ ਮਿਲੀ।

ਮੰਗਲਵਾਰ ਨੂੰ ਪੁਲਿਸ ਨੇ ਸਰਚ ਵਾਰੰਟ ਕਢਵਾ ਕੇ ਇੱਕ ਘਰ ਦੀ ਤਲਾਸ਼ੀ ਲਈ ਤੇ ਉੱਥੇ ਉਨ੍ਹਾਂ ਨੂੰ ਭਾਰੀ ਮਾਤਰਾ ਵਿੱਚ ਅਸਲਾ ਤੇ ਗੋਲੀ ਸਿੱਕਾ ਮਿਲਿਆ। ਇਸ ਦੌਰਾਨ ਵ੍ਹਿਟਬੀ ਦੇ 23 ਸਾਲਾ ਅਜੇਸਨ ਪ੍ਰੇਮਾਚੰਦਰਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਉੱਤੇ ਹਥਿਆਰ ਰੱਖਣ ਸਮੇਤ ਨੌਂ ਚਾਰਜਿਜ਼ ਲਾਏ ਗਏ ਹਨ। ਇਸੇ ਦੌਰਾਨ ਮਾਰਖਮ ਦੀ 24 ਸਾਲਾ ਕਮੀਸ਼ਾ ਕਮਲਨਾਥਨ ਨੂੰ ਵੀ ਲਾਪਰਵਾਹੀ ਨਾਲ ਹਥਿਆਰ ਰੱਖਣ ਤੇ ਉਨ੍ਹਾਂ ਨੂੰ ਜਮ੍ਹਾਂ ਕਰਨ ਲਈ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਖਿਲਾਫ ਸੱਤ ਚਾਰਜਿਜ਼ ਲਾਏ ਗਏ ਹਨ।

## ਇਨਡੀਅਨ ਐਕਸ-ਸਰਵਿਸਮੈਨ ਐਸੋਸੀਏਸ਼ਨ ਦਾ ਆਮ ਇਜਲਾਸ



ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬੀਤੇ ਸ਼ਨਿਚਰਵਾਰ ਇਨਡੀਅਨ ਐਕਸ-ਸਰਵਿਸਮੈਨ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ ਜੋ ਨੈਸ਼ਨਲ ਬੈਂਕੁਇਟ ਹਾਲ ਹੋਈ, ਵਿਚ ਵੱਡੀ ਗਿਣਤੀ ਵਿਚ ਪ੍ਰੀਵਾਰਾਂ ਸਮੇਤ ਮੈਂਬਰ ਸ਼ਾਮਿਲ ਹੋਏ ਅਤੇ ਵੱਖ ਵੱਖ ਮੁਦਿਆਂ ਤੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਬੜੇ ਹੀ ਸੁਚੱਜੇ ਤੇ ਅਨੁਸ਼ਾਸਿਤ ਢੰਗ ਨਾਲ ਸ਼ੁਰੂ ਤੋਂ ਅਖੀਰ ਤੱਕ ਚੱਲੀ।

ਸਭ ਤੋਂ ਪਹਿਲਾਂ ਸਵੱਰਗ ਸੁਧਾਰ ਚੁੱਕੇ ਮੈਂਬਰਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਦੋ ਮਿੰਟ ਦਾ ਮੌਨ ਧਾਰਿਆ ਗਿਆ। ਇਸ ਤੋਂ ਬਾਅਦ ਨਵੇਂ ਬਣੇ 17 ਮੈਂਬਰਾਂ ਨੂੰ ਜੀ ਆਇਆਂ ਕਹਿੰਦਿਆਂ, ਉਨ੍ਹਾਂ ਦੀ ਜਾਣ ਪਹਿਚਾਣ ਕਰਵਾਈ ਗਈ। ਕਨੇਡਾ ਵਿਚ ਭਾਰਤ ਦੇ ਸਫਾਰਤਖਾਨੇ ਵਲੋਂ ਐਸੋਸੀਏਸ਼ਨ ਦੇ ਨੁਮਾਂਇੰਦਿਆਂ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ, ਦੇਸ਼ ਦੇ 75ਵੇਂ ਅਜ਼ਾਦੀ ਦਿਵਸ ਤੇ ਕਨੇਡਾ ਭਰ ਵਿਚਲੇ 75 ਸਾਲ ਤੋਂ ਵੱਧ ਉਮਰ ਦੇ ਸੇਵਾ ਮੁਕਤ ਫੌਜੀਆਂ ਨੂੰ ਵਰਿਸ਼ਟ ਸੇਵਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਮੀਟਿੰਗ ਵਿਚ ਭਾਰਤ ਦੀ ਕੌਂਸਲੇਟ ਜਨਰਲ ਅਪੂਰਵਾ ਸ੍ਰੀਵਾਸਤਵ ਦੇ ਇਸ ਕਦਮ ਦੀ ਸਰਾਹਣਾ ਕੀਤੀ ਗਈ। ਬੀਤੇ ਦੋ ਸਾਲਾਂ ਦੌਰਾਨ ਕੋਵਿਡ ਦੇ ਕਹਿਰ ਕਾਰਨ ਐਸੋਸੀਏਸ਼ਨ ਦੀਆਂ ਵੱਡੀਆਂ ਇਕੱਤਰਤਾਵਾਂ ਨਹੀਂ ਹੋ ਸਕੀਆਂ। ਇਸ ਲਈ ਸਾਲ 2019 ਵਿਚ ਹੋਈ ਜਨਰਲ ਬਾਡੀ ਅਤੇ 2020 ਅਤੇ 2021 ਵਿਚ ਹੋਈਆਂ ਕਾਰਜਕਰਨੀ ਦੀਆਂ ਮੀਟਿੰਗਾਂ ਦੀ ਕਾਰਵਾਈ ਬਾਰੇ ਮੈਂਬਰਾਂ ਨੂੰ ਜਾਣੂ ਕਰਵਾਉਂਦਿਆਂ, ਸਾਰੀ ਕਾਰਵਾਈ ਨੂੰ ਪਾਸ ਕਰਵਾਇਆ ਗਿਆ। ਜਨਰਲ ਸਕੱਤਰ ਕੈਪਟਨ ਰਣਜੀਤ ਸਿੰਘ ਧਾਲੀਵਾਲ ਵਲੋਂ ਮੈਂਬਰਾਂ ਨੂੰ ਐਸੋਸੀਏਸ਼ਨ ਦੀ ਆਮਦਨ ਖਰਚ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਸੰਸਥਾਂ ਦੇ ਮੀਤ ਪ੍ਰਧਾਨ ਲੈਫਟੀਨੈਂਟ ਕਰਨਲ ਨਰਵੰਤ ਸਿੰਘ ਵਲੋਂ ਸਿਹਤ ਠੀਕ ਨਾ ਰਹਿਣ ਕਾਰਨ ਦਿੱਤੇ ਅਸਤੀਫੇ ਬਾਰੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਅਗੱਸਤ-ਨਵੰਬਰ ਵਿਚ ਪਿਕਨਿਕ ਦਾ ਆਯੋਜਨ ਕਰਨ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਵਿਚ ਪ੍ਰਧਾਨ ਕਰਨਲ ਗੁਰਮੇਲ ਸਿੰਘ ਸੋਹੀ ਵਲੋਂ ਇੱਕ ਰੈਂਕ ਇੱਕ ਪੈਂਨਸ਼ਨ ਬਾਰੇ ਮੈਂਬਰਾਂ ਨੂੰ ਵਿਸਥਾਂਰ ਵਿਚ ਜਾਣਕਾਰੀ ਦਿੱਤੀ ਗਈ ਅਤੇ ਸੇਵਾ ਮੁਕਤ ਫੌਜੀਆਂ ਦੀ ਪੈਂਨਸ਼ਨ ਬਾਰੇ ਸੁਪਰੀਮ ਕੋਰਟ ਵਲੋਂ ਦਿੱਤੇ ਗਏ ਫੈਸਲੇ ਨੂੰ ਭਾਰਤ ਸਰਕਾਰ ਵਲੋਂ ਪਹਿਲੀ ਜੁਲਾਈ 2019 ਤੋਂ ਬਕਾਇਆ ਰਾਸ਼ੀ ਦੇਣ ਲਈ ਦਿੱਤੇ ਗਏ ਆਦੇਸ਼ਾਂ ਬਾਰੇ ਚਾਨਣਾ ਪਾਇਆ ਗਿਆ। ਇਹ ਬਕਾਇਆ ਰਾਸ਼ੀ ਜੂਨ ਮਹੀਨੇ ਦੀ ਪੈਂਨਸ਼ਨ ਨਾਲ ਖਾਤਿਆਂ ਵਿਚ ਜਮਾਂ ਕਰਵਾ ਦਿੱਤੀ ਜਾਣੀ ਹੈ। ਉਨ੍ਹਾਂ ਵਲੋਂ ਸੁਰਗਵਾਸ ਹੋ ਚੁੱਕੇ ਸੇਵਾ ਨਵਿਰਤ ਸੈਨਕਾਂ ਤੇ ਨਿਰਭਰ ਤਲਾਕ ਸ਼ੁਧਾ ਲੜਕੀਆਂ ਜਾਂ ਵਿਕਲਾਂਗ ਬੱਚਿਆਂ ਦੀ ਪੈਂਨਸ਼ਨ ਸਕੀਮ ਬਾਰੇ ਭੀ ਜਾਣਕਾਰੀ ਦਿੱਤੀ।

ਚੇਅਰਮੈਨ ਬਰਗੇਡੀਅਰ ਨਵਾਬ ਸਿੰਘ ਹੀਰ ਵਲੋਂ ਭਾਰਤ ਦੇ ਕੌਂਸਲੇਟ ਜਨਰਲ ਨਾਲ ਸਮੇਂ ਸਮੇਂ ਤੇ ਰਾਬਤਾ ਕਾਇਮ ਕੀਤਾ ਜਾਂਦਾ ਹੈ। ਉਨ੍ਹਾਂ ਨੇ ਨਵੇਂ ਆ ਰਹੇ ਵਿਦਿਆਰਥੀਆਂ, ਖਾਸ ਕਰ ਲੜਕੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਨਵੇਂ ਆਏ ਵਿਦਿਆਰਥੀਆਂ ਦਾ ਵਿਦਿਅਕ ਅਦਾਰਿਆਂ ਵਲੋਂ ਕੀਤੇ ਜਾ ਰਹੇ ਸ਼ੋਸ਼ਣ ਅਤੇ ਇਸ ਤਰ੍ਹਾਂ ਵਿਦਿਆਰਥੀਆਂ ਵਲੋਂ ਆਤਮ ਹਤਿਆਂ ਦਾ ਰੁਝਾਨ ਵਧਣ ਬਾਰੇ ਖਾਸ ਤੌਰ ਤੇ ਕੌਂਸਲੇਟ ਜਨਰਲ ਨਾਲ ਹੋਏ ਵਿਚਾਰ ਵਟਾਂਦਰੇ ਬਾਰੇ ਦੱਸਿਆ। ਉਨ੍ਹਾਂ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਵਿਦਿਆਥੀਆਂ ਦੀਆਂ ਮੁਸ਼ਕਲਾਂ ਸਮਝਣ ਅਤੇ ਸਹਾਇਤਾ ਕਰਨ ਲਈ ਕਿਹਾ।



ਸੰਸਥਾ ਦੇ ਇੱਕ ਮੈਂਬਰ ਵਲੋਂ ਸੰਸਥਾਂ ਦਾ ਅਨੁਸ਼ਾਸ਼ਨ ਭੰਗ ਕਰਨ ਕਾਰਨ ਮੁਢਲੀ ਮੈਂਬਰਸ਼ਿਪ ਤੋਂ ਬਰਖਾਸਤ ਕਰਨ ਬਾਰੇ ਜਾਣਕਾਰੀ ਦਿੱਤੀ ਅਤੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਸੰਸਥਾ ਦੇ ਸਵਿੰਧਾਨ ਦੇ ਦਾਇਰੇ ਵਿਚ ਰਹਿ ਕੇ ਗਤੀਵਿਧੀਆਂ ਕਰਨ।

ਜਨਰਲ ਬੀ ਪੀ ਐਸ ਗਰੇਵਾਲ ਨੇ ਭਾਰਤ ਸਰਕਾਰ ਦੇ ਇੰਨਟਰਨੈਟ ਤੇ ਜਾਣਕਾਰੀ ਲਈ ਖੋਲ੍ਹੇ ਸਪਾਰਸ਼ ਪੋਰਟਲ ਬਾਰੇ ਦੱਸਿਆ। ਉਨ੍ਹਾ ਕਿਹਾ ਕਿ ਭਾਰਤ ਦੀ ਨਵੀਂ ਨੀਤੀ ਅਨੁਸਾਰ ਸੇਵਾ ਮੁਕਤ ਸੁਰੱਖਿਆ ਕਰਮਚਾਰੀਆਂ ਅਤੇ ਉਨ੍ਹਾਂ ਦੀਆਂ ਪ੍ਰੀਵਾਰਕ ਪੈਂਨਸ਼ਨ ਧਾਰਕਾਂ ਨੂੰ ਸੀ ਡੀ ਏ ਅਲਾਹਾਬਾਦ ਵਲੋਂ ਸਿੱਧੇ ਹੀ ਬੈਂਕ ਖਾਤਿਆਂ ਵਿਚ ਪੈਂਨਸ਼ਨ ਜਮ੍ਹਾਂ ਕੀਤੀ ਜਾਇਆ ਕਰੇਗੀ।ਇਹ ਸਕੀਮ ਅਜੇ 2016 ਤੋਂ ਪਿੱਛੋਂ ਪੈਂਨਸ਼ਨ ਤੇ ਆਏ ਸੇਵਾ ਮੁਕਤ ਸੁਰੱਖਿਆ ਕਰਮਚਾਰੀਆਂ ਲਈ ਲਾਗੂ ਕੀਤੀ ਗਈ ਹੈ। ਉਨ੍ਹਾਂ ਇਸ ਸਕੀਮ ਵਿਚ ਆ ਰਹੀਆਂ ਦਿਕੱਤਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਲੋੜੀਂਦੀ ਕਾਰਵਾਈ ਕਰਨ ਲਈ ਜਾਣਕਾਰੀ ਦਿੱਤੀ। ਜੋ ਪੈਂਨਸ਼ਨ ਧਾਰਕ ਪੁਰਾਣੀ ਨੀਤੀ ਅਨੁਸਾਰ ਪੈਂਨਸ਼ਨ ਚਾਲੂ ਰਖਣਾ ਚਾਹੁੰਦੇ ਹਨ ਤਾਂ ਨਵੀਂ ਨੀਤੀ ਨਾ ਅਪਣਾਉਣ ਬਾਰੇ ਲਿਖ ਕੇ ਦੇ ਸਕਦੇ ਹਨ। ਇਹ ਫਾਰਮ ਸੰਸਥਾ ਦੇ ਸਕੱਤਰ ਕੋਲੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਐਸੋਸੀਏਸ਼ਨ ਦੀ ਮੌਜੂਦਾ ਕਾਰਜਕਰਨੀ ਦਾ ਕਾਰਜਕਾਲ ਸਤੰਬਰ 2022 ਵਿਚ ਪੂਰਾ ਹੋਣ ਵਾਲਾ ਹੈ ਅਤੇ ਨਵੀ ਕਮੇਟੀ ਦੀ ਚੋਣ ਕੀਤੀ ਜਾਣੀ ਹੈ। ਵੱਖ ਵੱਖ ਆਹੁਦਿਆਂ ਦੀ ਜਿਮੇਵਾਰੀ ਸੰਭਾਲਣ ਲਈ ਮੈਂਬਰ ਅਪਣੇ ਨਾਂ ਕਰਨਲ ਗੁਰਮੇਲ ਸਿੰਘ ਸੋਹੀ ਨੂੰ ਦੇ ਸਕਦੇ ਹਨ ਤਾਂ ਜੋ ਉਹ ਸਵਿੰਧਾਨ ਮੁਤਾਬਿਕ ਉਨ੍ਹਾਂ ਦੀ ਯੋਗਤਾ ਬਾਰੇ ਪੜਤਾਲ ਕਰ ਸਕਣ। ਅਗਲੀ ਇਕੱਤਰਤਾ ਵਿਚ ਨਵੀਂ ਕਮੇਟੀ ਦੀ ਚੋਣ ਕੀਤੀ ਜਾਵੇਗੀ। ਪ੍ਰੋਗਰਾਮ ਦੇ ਆਖਿਰ ਤੇ ਚੇਅਰਮੈਨ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਆਈਆਂ ਲੇਡੀਜ਼ ਨੇ ਅਲੱਗ ਹਾਲ ਵਿਚ ਗੀਤ ਸੰਗੀਤ ਗਾ ਕੇ ਅਪਣਾ ਮਨਪ੍ਰਚਾਵਾ ਕੀਤਾ ਅਤੇ ਤੰਬੋਲੇ ਦਾ ਅਨੰਦ ਮਾਣਿਆਂ। ਮੀਟਿੰਗ ਦੌਰਾਨ ਖਾਣ ਪੀਣ ਦਾ ਵਧੀਆਂ ਪ੍ਰਬੰਧ ਸੀ, ਜਿਸ ਦਾ ਹਰ ਇੱਕ ਨੇ ਭਰਪੂਰ ਆਨੰਦ ਮਾਣਿਆਂ।

ਐਸੋਸੀਏਸ਼ਨ ਵਲੋਂ ਸਤੰਬਰ ਮਹੀਨੇ ਵਿਚ ਇੱਕ ਪ੍ਰੀਵਾਰਕ ਪ੍ਰੋਗਰਾਮ ਕਰਨ ਦਾ ਫੈਸਲਾ ਵੀ ਕੀਤਾ ਗਿਆ, ਜਿਸ ਦੇ ਥਾਂ ਅਤੇ ਤਾਰੀਖ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ। ਸੰਸਥਾ ਬਾਰੇ ਹੋਰ ਜਾਣਕਾਰੀ ਲਈ ਕਰਨਲ ਗੁਰਮੇਲ ਸਿੰਘ ਸੋਹੀ (647 878 7644) ਜਾਂ ਕੈਪਟਨ ਰਣਜੀਤ ਸਿੰਘ ਧਾਲੀਵਾਲ ( 647 760 9001) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroVerCPA
Professional Corporation

Harcharan S. Grover
Chartered Accountant



214-7895 Tranmere Drive, Mississauga ON L5S 1V9

## ਅੱਜ ਨਾਮਾ

ਪਹਾੜਾਂ ਤਰਫ ਸਰਗਰਮੀ ਫਿਰ ਤੇਜ਼ ਹੋਈ,
ਆ ਗਈ ਚੋਣ ਤਾਂ ਲਾਈ ਪਈ ਰੇਸ ਮੀਆਂ।
ਮੁੜ-ਮੁੜ ਲੀਡਰ ਹਿਮਾਚਲ ਦੇ ਵੱਲ ਜਾਂਦੇ,
ਕਰਦੇ ਪਬਲਿਕ ਦੇ ਮੂਹਰੇ ਈ ਕੇਸ ਮੀਆਂ।
ਕੇਜਰੀਵਾਲ ਦੀ ਢਾਣੀ ਪਈ ਦੌੜ ਲਾਉਂਦੀ,
ਪਹਿਲੀ ਵਾਰੀ ਬਣਾਉਣ ਲਈ ਬੇਸ ਮੀਆਂ।
ਆਸਰਾ ਮੋਦੀ ਦੇ ਅਕਸ ਦਾ ਭਾਜਪਾ ਲਈ,
ਕਾਂਗਰਸ ਕੋਲ ਨਾ ਦਿੱਸੇ ਕੋਈ ਫੇਸ ਮੀਆਂ।
ਆਦਮੀ ਆਮ ਨਹੀਂ ਅਜੇ ਤੱਕ ਚੁੱਪ ਤੋੜੀ,
ਮਜਲਿਸ ਸਾਰਿਆਂ ਦੀ ਜਾਵੇ ਸੁਣਨ ਮੀਆਂ।
ਜਿੱਥੇ ਮਤਲਬ ਦੀ ਕੋਈ ਨਹੀਂ ਬਾਤ ਹੁੰਦੀ,
ਨਾਨਕੇ-ਦਾਦਕੇ ਹੀ ਲੀਡਰ ਪੁਣਨ ਮੀਆਂ।

**ਤੀਸ ਮਾਰ ਖਾਂ**

# ਸਿੱਧੂ ਮੂਸੇਵਾਲਾ ਦੇ ਕਾਤਲ ਨੇ ਮੀਡੀਆ ਕੋਲ ਗੁਨਾਹ ਕਬੂਲ ਕੀਤਾ

### * ਇੱਕ ਟੀ ਵੀ ਚੈਨਲ ਨਾਲ ਗੱਲਬਾਤ ਵਿੱਚ ਵੱਡੇ ਖੁਲਾਸੇ

ਚੰਡੀਗੜ੍ਹ, 2 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦੇ ਕਤਲ ਕੇਸਵਿੱਚ ਇੱਕ ਵਿਅਕਤੀ ਨੇ ਇਸ ਦੀ ਜ਼ਿਮੇਵਾਰੀ ਆਪਣੇ ਸਿਰ ਲੈ ਲਈ ਹੈ। ਆਪਣੇ ਆਪ ਨੂੰ ਬਦਨਾਮ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਭਾਣਜਾ ਸਚਿਨ ਬਿਸ਼ਨੋਈ ਦੱਸਣ ਵਾਲੇ ਨੇ ਇਹ ਜ਼ਿਮੇਵਾਰੀ ਇੱਕ ਟੀ ਵੀ ਚੈਨਲ ਨਾਲ ਗੱਲਬਾਤ ਵਿੱਚ ਲਈ ਹੈ।

ਇੱਕ ਪੰਜਾਬੀ ਨਿਊਜ਼ ਚੈਨਲ ਨਾਲ ਗੱਲਬਾਤ ਦੌਰਾਨ'ਮੂਸੇਵਾਲਾਦਾ ਕਾਤਲ' ਹੋਣ ਦਾ ਦਾਅਵਾ ਕਰਨ ਵਾਲੇ ਤੇ ਆਪਣੇ ਆਪ ਨੂੰ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਭਾਣਜਾ ਸਚਿਨ ਬਿਸ਼ਨੋਈ ਦੱਸਣ ਵਾਲੇ ਨੇ ਖੁਦ ਇਸ ਚੈਨਲ ਨੂੰ ਫੋਨ ਕਰ ਕੇ ਕਿਹਾ ਕਿ 'ਮੈਂ ਆਪਣੇ ਹੱਥੀਂਮੂਸੇਵਾਲਾ ਨੂੰ ਮਾਰਿਆ ਹੈ।' ਉਸ ਨੇ ਇਸਦਾ ਕਾਰਨ ਵਿੱਕੀ ਮਿੱਡੂਖੇੜਾ ਨਾਂਅ ਦੇ ਇੱਕ ਗੈਂਗਸਟਰ ਦੇ ਕਤਲ ਦਾ ਬਦਲਾ ਲੈਣਾ ਦੱਸਿਆਅਤੇ ਕਿਹਾ:'ਮੂਸੇਵਾਲਾ ਨੂੰ ਅਸੀਂ ਮਾਰਿਆ ਹੈ, ਹੋਰਾਂ ਨੂੰ ਵੀ ਮਾਰ ਦਿਆਂਗੇ।' ਉਸ ਨਾਲ ਫੋਨ ਉੱਤੇ ਹੋਈ ਗੱਲਬਾਤ ਸਵਾਲ-ਜਵਾਬ ਵਿੱਚ ਇਸ ਤਰ੍ਹਾਂ ਹੈ:

ਸਵਾਲ: ਤੁਸੀਂ ਕੌਣ ਬੋਲ ਰਹੇ ਹੋ?
ਜਵਾਬ: ਮੈਂ ਸਚਿਨ ਬਿਸ਼ਨੋਈ ਬੋਲ ਰਿਹਾ ਹਾਂ ਅਤੇ ਅਸੀਂ ਅਤੇ ਲਾਰੈਂਸ ਦੋਵੇਂ ਇੱਕੋ ਪਿੰਡ ਫਾਜ਼ਿਲਕਾ ਪੰਜਾਬ ਦੇ ਰਹਿਣ ਵਾਲੇ ਹਾਂ।
ਸਵਾਲ: ਕੀ ਤੁਸੀਂ ਸਿੱਧੂਮੂਸੇਵਾਲਾ ਦੇ ਕਤਲ ਵਿੱਚ ਸ਼ਾਮਲ ਸੀ?
ਜਵਾਬ:ਹਾਂ ਮੈਂ ਸ਼ਾਮਲ ਸੀ ਅਤੇ ਮੈਂ ਆਪਣੇ ਹੱਥਾਂ ਨਾਲ ਮਾਰਿਆ ਹੈ।
ਸਵਾਲ: ਤੁਸੀਂ ਸਿੱਧੂਮੂਸੇਵਾਲਾ ਨੂੰ ਕਿਉਂ ਮਾਰਿਆ, ਕੀ ਇਹ ਕੋਈ



ਪਬਲੀਸਿਟੀ ਸਟੰਟ ਸੀ, ਆਖਿਰ ਇੰਨੇ ਵੱਡੇ ਗਾਇਕ ਨੂੰ ਕਿਉਂ ਮਾਰਿਆ?
ਜਵਾਬ: ਅਸੀਂ ਕਿਸੇ ਪ੍ਰਚਾਰ ਜਾਂ ਫਿਰੌਤੀ ਜਾਂ ਕਿਸੇ ਸਟੰਟ ਲਈ ਕਤਲ ਨਹੀਂ ਕੀਤਾ, ਅਸੀਂ ਆਪਣੇ ਭਰਾ ਵਿੱਕੀ ਮਿੱਡੂਖੇੜਾ ਦੇ ਕਤਲ ਦਾ ਬਦਲਾ ਮੂਸੇਵਾਲਾ ਤੋਂ ਲਿਆ ਹੈ, ਇਹ ਗੱਲ ਜੱਗ ਜ਼ਾਹਰ ਹੈ ਕਿ ਮੂਸੇਵਾਲਾ ਨੇ ਸਾਡੇ ਭਰਾ ਵਿੱਕੀ ਦਾ ਕਤਲ ਕਰਵਾਇਆ ਸੀ। ਜਿੰਨੇ ਵੀ ਗੈਂਗਸਟਰ ਫੜੇ ਗਏ, ਉਹ ਕੌਸ਼ਲ ਗੈਂਗ ਦੇ ਸ਼ੂਟਰ ਸਨ, ਇਨ੍ਹਾਂ ਸਾਰਿਆਂ ਨੇ ਇਸਦੇ ਨਾਂ( ਸਿੱਧੂਮੂਸੇਵਾਲਾ) ਦਾ ਖੁਲਾਸਾ ਕੀਤਾ ਸੀ, ਦਿੱਲੀ ਪੁਲਿਸ ਨੇ ਮੀਡੀਆ ਸਾਹਮਣੇ ਇਸ ਦਾ ਨਾਂ ਲਿਆ ਸੀ।
ਸਵਾਲ: ਸਚਿਨ ਬਿਸ਼ਨੋਈ ਅਤੇ ਲਾਰੈਂਸ ਬਿਸ਼ਨੋਈ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਕਿਹਾ ਹੈ ਕਿ ਸਾਡੇ ਆਦਰਸ਼ ਸ਼ਹੀਦ ਹਨ, ਪਰ ਇੰਨੇ ਮਸ਼ਹੂਰ ਗੈਂਗਸਟਰ ਦੇ ਆਦਰਸ਼ ਸ਼ਹੀਦ ਕਿਵੇਂ ਹੋ ਸਕਦੇ ਹਨ?
ਜਵਾਬ. ਸਾਡੇ ਆਦਰਸ਼ ਸ਼ਹੀਦ ਹਨ। ਅਸੀਂ ਬਜਰੰਗ ਬਲੀ ਦੇ ਸ਼ਰਧਾਲੂ ਹਾਂ।
ਸਵਾਲ: ਕੈਨੇਡਾ ਬੈਠੇ ਗੈਂਗਸਟਰ ਗੋਲਡੀ ਗੈਂਗਸਟਰ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ, ਉਸ ਨਾਲ ਤੁਹਾਡਾ ਕੀ ਸਬੰਧ ਹੈ?
ਜਵਾਬ: ਉਹ ਸਾਡੇ ਵੱਡੇ ਭਰਾ ਹਨ, ਉਸ ਦੇ ਭਰਾ ਦਾ ਵੀ ਇਨ੍ਹਾਂ ਲੋਕਾਂ ਨੇ ਕਤਲ ਕਰ ਦਿੱਤਾ ਸੀ।
ਸਵਾਲ: ਤੁਹਾਨੂੰ ਇੰਨੇ ਵੱਡੇ ਆਧੁਨਿਕ ਹਥਿਆਰ ਕਿਸਨੇ ਮੁਹੱਈਆ ਕਰਵਾਏ ਸਨ, ਇਸ ਘਟਨਾ ਵਿੱਚ ਇੰਨੇ ਹਥਿਆਰ ਕਿੱਥੋਂ ਆਏ?
ਜਵਾਬ: ਅਸੀਂ ਉਨ੍ਹਾਂ ਦੇ ਨਾਂ ਨਹੀਂ ਦੱਸਦੇ, ਸਾਡੇ ਕੋਲ ਇਸ ਤੋਂ ਵੀ ਵੱਡੇ ਹਥਿਆਰ ਹਨ, ਜੋ ਲੋਕਾਂ ਨੇ ਹਾਲੀਵੁੱਡ ਫਿਲਮਾਂ ਵਿੱਚ ਦੇਖੇ ਹੋਣਗੇ, ਇਨ੍ਹਾਂ ਲੋਕਾਂ ਨੇ ਮਨਕੀਰਤ ਔਲਖ ਨੂੰ 2 ਦਿਨਾਂ ਵਿੱਚ ਮਾਰਨ ਦੀ ਧਮਕੀ ਦਿੱਤੀ, ਧਮਕੀ ਦੇਣ ਨਾਲ ਕੁਝ ਨਹੀਂ ਹੁੰਦਾ, ਕਹਿ ਕੇ ਕੁਝ ਨਹੀਂ ਹੁੰਦਾ, ਅਸੀਂ ਜਲਦੀ ਦੂਸਰੇ ਗੈਂਗਸਟਰ ਨੂੰ ਮਾਰਨ ਵਾਲੇ ਹਾਂ।
ਸਵਾਲ:ਅੱਗੋਂ ਤੁਹਾਡੇ ਨਿਸ਼ਾਨੇ ਉੱਤੇ ਕੌਣ ਹੈ?
ਜਵਾਬ: ਜਲਦੀ ਹੀ ਇਸਦਾ ਜਵਾਬ ਦੇਵਾਂਗੇ।




### ਆਪ ਪਾਰਟੀ ਵੱਲੋਂ ਜਵਾਬੀ ਹਮਲਾ

## ਸੁਖਬੀਰ ਅਤੇ ਕੈਪਟਨ ਸਣੇ ਕਈ ਆਗੂ ਪਹਿਲਾਂ ਮੂਸੇਵਾਲਾ ਗੈਂਗਸਟਰ ਕਹਿੰਦੇ ਰਹੇ

*** ਪਾਰਟੀ ਨੇ ਵਿਰੋਧੀ ਆਗੂਆਂ ਦੀ ਹਮਦਰਦੀ ਨੂੰ ਡਰਾਮਾ ਦੱਸਿਆ**

ਚੰਡੀਗੜ੍ਹ, 2 ਜੂਨ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਪੰਜਾਬ ਦੇ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਅੱਜ ਏਥੇ ਕਿਹਾ ਕਿ ਵਿਰੋਧੀ ਧਿਰਾਂ ਦੇ ਆਗੂ ਅੱਜ ਕੱਲ੍ਹ ਸਿੱਧੂ ਮੂਸੇਵਾਲਾ ਦੀ ਮੌਤ ਉੱਤੇ ਰਾਜਨੀਤੀ ਕਰ ਰਹੇ ਹਨ। ਕੰਗ ਨੇ ਕਤਲ ਉੱਤੇ ਦੁੱਖ ਨਾਲਕਿਹਾ ਕਿ 'ਸਿੱਧੂਮੂਸੇਵਾਲਾ ਨੇ ਆਪਣੇ ਗੀਤਾਂ ਨਾਲ ਦੇਸ਼ ਵਿਦੇਸ਼ ਵਿੱਚ ਪੰਜਾਬੀ ਸੱਭਿਆਚਾਰ ਦਾ ਮਾਣ ਵਧਾਇਆ ਤੇ ਬਹੁਤ ਘੱਟ ਉਮਰਵਿੱਚਵੱਡੀ ਸਫ਼ਲਤਾ ਤੇ ਸ਼ੋਹਰਤ ਹਾਸਲ ਕੀਤੀ ਸੀ, ਅਜਿਹੀ ਪ੍ਰਸਿੱਧ ਸਖ਼ਸ਼ੀਅਤ ਦੀ ਮੌਤ ਉੱਤੇ ਰਾਜਨੀਤੀ ਕਰਨਾ ਬੇਹੱਦ ਨਿੰਦਣਯੋਗ ਹੈ।

ਅੱਜ ਵੀਰਵਾਰ ਨੂੰ ਆਮ ਆਦਮੀ ਪਾਰਟੀ ਦੇ ਪੰਜਾਬ ਦੇਮੁੱਖ ਦਫ਼ਤਰ ਵਿੱਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਮਲਵਿੰਦਰ ਸਿੰਘ ਕੰਗ ਨੇ ਪੱਤਰਕਾਰਾਂ ਸਾਹਮਣੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂ ਤਰੁਣ ਚੁੱਘ ਦੀਆਂ ਪੁਰਾਣੀਆਂ ਵੀਡੀਓਜ਼ ਪੇਸ਼ ਕੀਤੀਆਂ, ਜਿਨ੍ਹਾਂਵਿੱਚ



ਇਹ ਸਾਰੇ ਆਗੂਸਿੱਧੂਮੂਸੇਵਾਲਾ ਨੂੰ ਗੈਂਗਸਟਰ ਦੱਸਦੇ ਸੁਣਾਈ ਦੇਂਦੇ ਹਨ। ਉਨਾਂ ਕਿਹਾ ਕਿ ਰਿਵਾਇਤੀ ਪਾਰਟੀਆਂ ਦੇ ਇਹ ਆਗੂ ਪਹਿਲਾਂ ਸਿੱਧੂਮੂਸੇਵਾਲਾ ਨੂੰ ਗੈਂਗਸਟਰ ਕਹਿੰਦੇ ਰਹੇ ਸਨ, ਪਰ ਉਸ ਦੀ ਮੌਤਦੇ ਬਾਅਦਉਸ ਤੋਂ ਇੱਕਦਮ ਉਲਟ ਹਮਦਰਦ ਬਣਨ ਦਾ ਡਰਾਮਾ ਕਰ ਰਹੇ ਹਨ।

ਮਲਵਿੰਦਰ ਸਿੰਘ ਕੰਗ ਨੇ ਪੁੱਛਿਆ ਕਿ ਪੰਜਾਬ ਵਿੱਚ ਅੱਜ ਗੈਂਗਸਟਰਾਂ ਦਾ ਮੁੱਦਾ ਚੁੱਕਿਆ ਜਾਂਦਾ ਹੈ, ਕੀ ਇਹ ਗੈਂਗਸਟਰ ਆਮ ਆਦਮੀ ਪਾਰਟੀ ਨੇ ਪੈਦਾ ਕੀਤੇ ਹਨ? ਪਿਛਲੀਆਂ ਸਰਕਾਰਾਂਵਾਲੇ ਭ੍ਰਿਸ਼ਟ ਆਗੂਆਂ ਨੇ ਸੁਆਰਥੀ ਹਿੱਤਾਂ ਲਈ ਇਹ ਪੈਦਾ ਕੀਤੇ ਸਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਗੈਂਗਸਟਰਾਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਪੰਜਾਬ ਵਿੱਚੋਂ ਕਰਾਈਮ, ਕਰੀਮੀਨਲ ਅਤੇ ਗੈਂਗਸਟਰ ਕਲਚਰ ਖ਼ਤਮ ਕਰਕੇ ਰਹੇਗੀ।

# ਪੰਜਾਬ ਸਰਕਾਰ ਸਿੱਧੂ ਮੂਸੇਵਾਲਾ ਦੀ ਯਾਦ ਵਿੱਚ ਮਿਊਜ਼ਿਕ ਅਕੈਡਮੀ ਬਣਾਏਗੀ

### * ਪ੍ਰਤਾਪ ਬਾਜਵਾ ਵੱਲੋਂ ਸੁਰੱਖਿਆ ਵਿੱਚ ਕਟੌਤੀ ਬਾਰੇ ਸਰਕਾਰ ਉੱਤੇ ਹਮਲਾ

ਚੰਡੀਗੜ੍ਹ, 2 ਜੂਨ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦੀ ਯਾਦਵਿੱਚ ਪੰਜਾਬ ਸਰਕਾਰ ਨੇਪੰਜਾਬ ਦੀ ਸਭ ਤੋਂ ਵੱਡੀ ਮਿਊਜ਼ਿਕ ਅਕੈਡਮੀ ਬਣਾਉਣ ਦਾ ਫੈਸਲਾ ਕੀਤਾ ਹੈ।

ਵਰਨਣ ਯੋਗ ਹੈ ਕਿ ਸਿੱਧੂਮੂਸੇਵਾਲਾ ਦੇ ਕਤਲ ਨਾਲ ਉਨ੍ਹਾਂ ਦੇ ਪ੍ਰਸੰਸਕਾਂ ਨੂੰ ਕਾਫ਼ੀ ਸਦਮਾ ਲੱਗਾ ਤੇਮੁੱਖ ਮੰਤਰੀ ਮਾਨ ਨੇ ਇਸ ਕਤਲ ਦੀ ਜਾਂਚ ਲਈ ਉੱਚ ਪੱਧਰੀ ਵਿਸ਼ੇਸ਼ ਜਾਂਚ ਟੀਮ(ਐੱਸਆਈਟੀ) ਬਣਾਈ ਹੈ।ਸਿੱਧੂ ਮੂਸੇਵਾਲਾਦੇ ਫੈਨਜ਼ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਉਸ ਦੀ ਯਾਦਵਿੱਚ ਪਿੰਡ ਮੂਸਾਵਿੱਚਕੋਈ ਯਾਦਗਾਰ ਬਣਾਈ ਜਾਵੇ, ਜਿਸ ਪਿੱਛੋਂ ਰਾਜ ਸਰਕਾਰ ਨੇ ਉਸ ਦੀ ਯਾਦਵਿੱਚ ਇੱਕ ਮਿਊਜ਼ਿਕ ਅਕੈਡਮੀ ਬਣਾਉਣ ਦਾ ਫੈਸਲਾ ਕੀਤਾ ਹੈ।ਵਰਨਣ ਯੋਗ ਹੈ ਕਿ 29 ਮਈ ਨੂੰ ਸਿੱਧੂਮੂਸੇਵਾਲਾਨੂੰ ਅਣਪਛਾਤੇ ਹਮਲਾਵਰਾਂ ਨੇ ਕਤਲ ਕਰ ਦਿੱਤਾ ਸੀ।

ਇਸ ਦੌਰਾਨ ਸੁਰੱਖਿਆ ਵਿੱਚ ਕੀਤੀ ਕਟੌਤੀ ਬਾਰੇ ਪੰਜਾਬ ਸਰਕਾਰ ਵੱਲੋਂ ਪੰਜਾਬ ਹਰਿਆਣਾ



ਹਾਈਕੋਰਟਵਿੱਚਦਿੱਤੀ ਸਫਾਈ ਬਾਰੇਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਅਤੇ ਕਾਦੀਆਂ ਤੋਂ ਕਾਂਗਰਸੀ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਹੱਲਾ ਬੋਲਿਆ ਹੈ।ਉਨ੍ਹਾ ਟਵੀਟ ਕੀਤਾ ਕਿ ਪੰਜਾਬ ਸਰਕਾਰ ਨੇ ਹਾਈਕੋਰਟਵਿੱਚ ਕਿਹਾ ਹੈ ਕਿ ਅਪਰੇਸ਼ਨ ਬਲਿਊ ਸਟਾਰ ਵਾਲੇ ਹਫ਼ਤੇ ਬਾਰੇ ਧਿਆਨਵਿੱਚ ਰੱਖ ਕੇ ਕਈ ਲੋਕਾਂ ਦੀ ਸੁਰੱਖਿਆਅਸਥਾਈ ਤੌਰ ਉੱਤੇ ਵਾਪਸ ਲਈ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆਵਿੱਚ ਕਟੌਤੀ ਕਰਨ ਵੇਲੇ ਇਸੇ ਪਾਰਟੀ ਨੇ ਸੋਸ਼ਲ ਮੀਡੀਆ ਉੱਤੇ ਇਸ਼ਤਿਹਾਰਬਾਜ਼ੀ ਨਾਲਸੁਰੱਖਿਆਵਾਪਸੀ ਦਾ ਜਸ਼ਨ ਮਨਾਇਆ ਸੀ। ਬਾਜਵਾ ਨੇ ਕਿਹਾ ਕਿ ਅੱਜ ਇਹ ਸਰਕਾਰ ਝੂਠ ਬੋਲ ਰਹੀ ਹੈ ਜਾਂ ਹਾਈਕੋਰਟ ਨੂੰ ਗੁੰਮਰਾਹ ਕਰ ਰਹੀ ਹੈ?

ਵਰਨਣ ਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ 28 ਮਈ ਨੂੰ ਕਈ ਡੇਰਾ ਮੁਖੀਆਂ ਸਮੇਤ 424 ਲੋਕਾਂ ਦੀ ਸੁਰੱਖਿਆਦੀ ਕਟੌਤੀ ਕੀਤੀ ਸੀ। ਜਿਨ੍ਹਾਂ ਲੋਕਾਂ ਦੀ ਸੁਰੱਖਿਆਵਿੱਚ ਕਟੌਤੀ ਕੀਤੀ ਸੀ, ਉਨ੍ਹਾਂ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਸ਼ਾਮਲ ਸਨ, ਜਿਨ੍ਹਾਂ ਨੂੰਸੁਰੱਖਿਆ ਘਟਣ ਦੇ ਅਗਲੇ ਦਿਨ 29 ਮਈ ਨੂੰ ਅਣਪਛਾਤੇ ਹਮਲਾਵਰਾਂ ਨੇ ਮਾਨਸਾ ਦੇ ਪਿੰਡ ਜਵਾਹਰਕੇ ਵਿਖੇ ਦਿਨ-ਦਿਹਾੜੇ ਗੋਲ਼ੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਪਿੱਛੋਂਸੁਰੱਖਿਆ ਕਟੌਤੀ ਕਾਰਨ ਪੰਜਾਬ ਸਰਕਾਰ ਵਿਰੋਧੀਆਂ ਦੇ ਨਿਸ਼ਾਨੇ ਉੱਤੇਸੀ, ਜਿਸ ਦੌਰਾਨ ਸੁਰੱਖਿਆਵਿੱਚ ਕਟੌਤੀ ਕਰਨ ਦੇ ਸਵਾਲ ਉੱਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਵੀ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ।






# ਫੈਡਰਲ ਸਰਕਾਰ ਨੇ ਟਰੈਵਲਰਜ਼ ਲਈ ਸਰਹੱਦੀ ਮਾਪਦੰਡਾਂ ਵਿਚ ਕੀਤਾ ਵਾਧਾ



ਓਟਵਾ, 2 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕੈਨੇਡਾ ਦਾਖਲ ਹੋਣ ਵਾਲੇ ਟਰੈਵਲਰਜ਼ ਲਈ ਮੌਜੂਦਾ ਸਰਹੱਦੀ ਮਾਪਦੰਡਾਂ ਵਿੱਚ ਇੱਕ ਮਹੀਨੇ ਦਾ ਹਰ ਵਾਧਾ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਕੈਨੇਡੀਅਨ ਏਅਰਪੋਰਟਸ, ਜ਼ਮੀਨੀ ਬਾਰਡਰਜ਼ ਉੱਤੇ ਅਜੇ ਵੀ ਕਈ ਤਰ੍ਹਾਂ ਦੀਆਂ ਮਹਾਂਮਾਰੀ ਸਬੰਧੀ ਪਾਬੰਦੀਆਂ ਜਾਰੀ ਹਨ। ਇਨ੍ਹਾਂ ਵਿੱਚ ਲਾਜ਼ਮੀ ਵੈਕਸੀਨੇਸ਼ਨ, ਕਿਸੇ ਦਾ ਵੀ ਅਚਨਚੇਤੀ ਕੋਵਿਡ-19 ਟੈਸਟ ਤੇ ਇੰਟਰਨੈਸ਼ਨਲ ਟਰੈਵਲਰਜ਼ ਨੂੰ ਐਰਾਈਵਕੈਨ ਐਪ ਉੱਤੇ ਮਹਾਂਮਾਰੀ ਸਬੰਧੀ ਪੁੱਛੇ ਸਵਾਲਾਂ ਦੇ ਜਵਾਬ ਦੇਣਾ ਸ਼ਾਮਲ ਹੈ।

ਇਨ੍ਹਾਂ ਮਾਪਦੰਡਾਂ ਵਿੱਚ ਵਾਧੇ ਦਾ ਭਾਵ ਹੈ ਕਿ ਸਾਰੇ ਟਰੈਵਲਰਜ਼ ਨੂੰ, ਭਾਵੇਂ ਉਨ੍ਹਾਂ ਦਾ ਕੋਵਿਡ-19 ਵੈਕਸੀਨੇਸ਼ਨ ਸਟੇਟਸ ਕੁੱਝ ਵੀ ਹੋਵੇ, ਕੈਨੇਡੀਅਨ ਬਾਰਡਰ ਉੱਤੇ ਪਹੁੰਚਣ ਤੋਂ ਪਹਿਲਾਂ ਸਾਰੇ ਟਰੈਵਲਰਜ਼ ਨੂੰ ਐਰਾਈਵਕੈਨ ਉੱਤੇ ਆਪਣੀ ਸਾਰੀ ਜਾਣਕਾਰੀ ਭਰਨੀ ਹੋਵੇਗੀ। ਇਨ੍ਹਾਂ ਮਾਪਦੰਡਾਂ ਵਿੱਚ 30 ਜੂਨ ਤੱਕ ਵਾਧਾ ਹੋ ਸਕਦਾ ਹੈ।

ਮੰਗਲਵਾਰ ਸਵੇਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰਾਂਸਪੋਰਟੇਸ਼ਨ ਮੰਤਰੀ ਉਮਰ ਅਲਘਬਰਾ ਨੇ ਆਖਿਆ ਕਿ ਅਸੀਂ ਪਬਲਿਕ ਹੈਲਥ ਦਾ ਧਿਆਨ ਰੱਖਣ ਦੇ ਨਾਲ ਨਾਲ ਸਾਡੇ ਅਰਥਚਾਰੇ ਦੀ ਰਫਤਾਰ ਨੂੰ ਵੀ ਬਰਕਰਾਰ ਰੱਖਣ ਲਈ ਸੰਤੁਲਨ ਬਣਾ ਕੇ ਚੱਲਦੇ ਰਹੇ ਹਾਂ।

# ਲਿਬਰਲਾਂ ਨੇ ਪੇਸ਼ ਕੀਤਾ ਹਥਿਆਰਾਂ ਨੂੰ ਨਿਯੰਤਰਿਤ ਕਰਨ ਸਬੰਧੀ ਬਿੱਲ

## ਹੈਂਡਗੰਨਜ਼ ਉੱਤੇ ਪਾਬੰਦੀ ਲਾਉਣ ਦੀ ਤਜਵੀਜ਼



ਓਟਵਾ, 2 ਜੂਨ (ਪੋਸਟ ਬਿਊਰੋ) : ਫੈਡਰਲ ਲਿਬਰਲ ਸਰਕਾਰ ਵੱਲੋਂ ਅੱਜ ਪੇਸ਼ ਕੀਤੇ ਗਏ ਹਥਿਆਰਾਂ ਨੂੰ ਨਿਯੰਤਰਿਤ ਕਰਨ ਸਬੰਧੀ ਬਿੱਲ ਵਿੱਚ ਮੁੱਖ ਤੌਰ ਉੱਤੇ ਹੈਂਡਗੰਨਜ਼ ਨੂੰ ਇੰਪੋਰਟ ਕਰਨ, ਖਰੀਦਣ ਜਾਂ ਵੇਚਣ ਉੱਤੇ ਕੌਮੀ ਪੱਧਰ ਉੱਤੇ ਪਾਬੰਦੀ ਲਾਏ ਜਾਣ ਦੀ ਗੱਲ ਕੀਤੀ ਗਈ ਹੈ।

ਸਰਕਾਰ ਦਾ ਕਹਿਣਾ ਹੈ ਕਿ ਇਸ ਬਿੱਲ ਵਿੱਚ ਅਜਿਹੇ ਲੋਕਾਂ ਤੋਂ ਗੰਨ ਲਾਇਸੰਸ ਵਾਪਿਸ ਲੈਣ ਦੀ ਖੁੱਲ੍ਹ ਦਾ ਵੀ ਜ਼ਿਕਰ ਹੈ, ਜਿਹੜੇ ਘਰੇਲੂ ਹਿੰਸਾ ਜਾਂ ਮੁਜਰਮਾਨਾਂ ਤੌਰ ਉੱਤੇ ਕਿਸੇ ਨੂੰ ਤੰਗ ਪਰੇਸ਼ਾਨ ਕਰਨ ਜਿਵੇਂ ਕਿ ਸਟਾਕਿੰਗ ਆਦਿ ਵਿੱਚ ਰੁੱਝੇ ਹੋਣ। ਇਸ ਤੋਂ ਇਲਾਵਾ ਸਰਕਾਰ ਮੁਜਰਮਾਨਾ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ ਲਈ ਜੁਰਮਾਨੇ ਵਧਾ ਕੇ, ਹਥਿਆਰਾਂ ਸਬੰਧੀ ਜੁਰਮ ਦੀ ਜਾਂਚ ਲਈ ਵਧੇਰੇ ਸੰਦ ਮੁਹੱਈਆ ਕਰਵਾਕੇ ਅਤੇ ਸਰਹੱਦੀ ਮਾਪਦੰਡਾਂ ਨੂੰ ਮਜ਼ਬੂਤ ਕਰਕੇ ਗੰਨ ਸਮਗਲਿੰਗ ਉੱਤੇ ਨਕੇਲ ਕੱਸਣਾ ਚਾਹੁੰਦੀ ਹੈ।

ਇਸ ਤੋਂ ਇਲਾਵਾ ਨਵਾਂ ਰੈੱਡ ਫਲੈਗ ਕਾਨੂੰਨ ਤਿਆਰ ਕੀਤਾ ਜਾਵੇਗਾ ਜਿਹੜਾ ਅਦਾਲਤਾਂ ਨੂੰ ਅਜਿਹੇ ਲੋਕਾਂ ਦੇ ਹਥਿਆਰ ਪੁਲਿਸ ਕੋਲ ਜਮ੍ਹਾਂ ਕਰਵਾਉਣ ਦੀ ਇਜਾਜ਼ਤ ਦੇਵੇਗਾ ਜਿਹੜੇ ਲੋਕ ਖੁਦ ਲਈ ਜਾਂ ਹੋਰਨਾਂ ਲਈ ਖਤਰਾ ਹਨ। ਸਰਕਾਰ ਦਾ ਕਹਿਣਾ ਹੈ ਕਿ ਇਸ ਤਹਿਤ ਉਨ੍ਹਾਂ ਲੋਕਾਂ ਦੀ ਸੇਫਟੀ ਦੀ ਹਿਫਾਜ਼ਤ ਕੀਤੀ ਜਾਵੇਗੀ ਜਿਹੜੇ ਸਹੀ ਪ੍ਰਕਿਰਿਆ ਰਾਹੀਂ ਅਪਲਾਈ ਕਰਨਗੇ। ਇਨ੍ਹਾਂ ਵਿੱਚ ਅਕਸਰ ਘਰੇਲੂ ਹਿੰਸਾ ਦਾ ਸ਼ਿਕਾਰ ਮਹਿਲਾਵਾਂ ਸ਼ਾਮਲ ਹੋ ਸਕਦੀਆਂ ਹਨ। ਅਜਿਹੇ ਲੋਕਾਂ ਦੀ ਪਛਾਣ ਦੀ ਹਿਫਾਜ਼ਤ ਕੀਤੀ ਜਾਵੇਗੀ।

ਲਿਬਰਲਾਂ ਦਾ ਇਹ ਵੀ ਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਲਾਂਗ ਗੰਨ ਮੈਗਜ਼ੀਨਜ਼ ਵਿੱਚ ਹਮੇਸ਼ਾਂ ਲਈ ਸੋਧ ਕੀਤੀ ਜਾਵੇ ਤਾਂ ਕਿ ਉਨ੍ਹਾਂ ਵਿੱਚ ਪੰਜ ਤੋਂ ਜ਼ਿਆਦਾ ਰੌਂਦ ਨਾ ਪੈ ਸਕਣ। ਇਸ ਦੇ ਨਾਲ ਹੀ ਕ੍ਰਿਮੀਨਲ ਕੋਡ ਤਹਿਤ ਵੱਡੀ ਸਮਰੱਥਾ ਵਾਲੇ ਮੈਗਜ਼ੀਨਜ਼ ਦੀ ਵਿੱਕਰੀ ਤੇ ਟਰਾਂਸਫਰ ਉੱਤੇ ਵੀ ਪਾਬੰਦੀ ਲਾਏ ਜਾਣ ਦੀ ਤਜਵੀਜ਼ ਲਿਬਰਲਾਂ ਵੱਲੋਂ ਕੀਤੀ ਗਈ ਹੈ।

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh, Sajandeep Singh
Office Admin
Graphic Designer: Angrez Singh, Komal Matharu
Photographer: Kanwaljit Singh Kanwal
Distributer: Bhupinder Dhillon
Marketing: Sajandeep Singh

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵਲੋਂ 10 ਜੁਲਾਈ ਨੂੰ ਵਿਸ਼ੇਸ਼ ਸੈਮੀਨਾਰ

## ਸਾਇੰਸ ਅਧਾਰਤ ਲੈਕਚਰ 12 ਜੂਨ ਨੂੰ ਹੋਣ ਵਾਲੀ ਜਨਰਲ ਬਾਡੀ ਮੀਟਿੰਗ ਵਿਚ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਦੀ ਬੀਤੇ ਸੋਮਵਾਰ ਹੋਈ ਕਾਰਜਕਰਨੀ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਪੰਜਾਬ ਤੋਂ ਆਏ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸੂਬਾ ਮੁੱਖੀ ਵਿਦਿਆਰਥੀ ਚੇਤਨਾ ਵਿਭਾਗ, ਰਜਿੰਦਰ ਭਦੌੜ ਦੇ ਵਿਚਾਰ ਸੁਣਨ ਲਈ ਅਤੇ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ 10 ਜੁਲਾਈ ਨੂੰ ਭਦੌੜ ਵਾਸੀਆਂ ਦੇ ਸਹਿਯੋਗ ਨਾਲ ਇਕ ਸੈਮੀਨਾਰ ਕਰਵਾਇਆ ਜਾਵੇਗਾ। ਉਨ੍ਹਾਂ ਦੇ ਨਾਲ ਹੀ ਜੋਤਿਸ਼ ਅਤੇ ਹੱਥ ਰੇਖਾਵਾਂ ਦੀ ਬਹੁਤ ਬਰੀਕ ਜਾਣਕਾਰੀ ਰਖਦੇ ਤਰਕਸ਼ੀਲ ਆਗੂ, ਸੁਰਜੀਤ ਦੌਧਰ ਅਤੇ ਇਨਕਲਾਬੀ ਗੀਤਾਂ ਲਈ ਮਸ਼ਹੂਰ ਭਦੌੜ ਮੰਡਲੀ ਦੇ ਰਾਮ ਕੁਮਾਰ ਜੀ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਭਦੌੜ ਮੰਡਲੀ ਵਲੋਂ ਗੀਤ ਸੰਗੀਤ ਪ੍ਰੋਗਰਾਮ ਹੋਵੇਗਾ। ਇਸ ਤੋਂ ਪਹਿਲਾਂ 12 ਜੂਨ ਨੂੰ ਇਕਾਈ ਦੀ ਜਨਰਲ ਮੀਟਿੰਗ ਕੀਤੀ ਜਾਣੀ ਹੈ ਜਿਸ ਵਿਚ ਤਰਕਸ਼ੀਲ ਵਿਚਾਰਾਂ ਦੇ ਪਸਾਰ ਨੂੰ ਜਾਰੀ ਰਖਦੇ ਹੋਏ, ਡਾ ਬਲਜਿੰਦਰ ਸੇਖੋਂ, ਕਰੋਨਾ ਅਤੇ ਬਲੱਡ ਪ੍ਰੈਸ਼ਰ ਬਾਰੇ ਅਤੇ ਬਲਵਿੰਦਰ ਬਰਨਾਲਾ ਮਾਨਸਿਕ ਰੋਗਾਂ ਬਾਰੇ ਲੈਕਚਰ ਦੇਣਗੇ।

ਰਜਿੰਦਰ ਭਦੌੜ ਨੂੰ ਪੰਜਾਬ ਵਿਚ ਵਹਿਮਾਂ ਭਰਮਾਂ ਵਿਚ ਫਸੇ ਲੋਕਾਂ ਦੇ ਮਨਾਂ ਵਿਚੋਂ ਸਰਲ ਸਪੱਸ਼ਟ ਸ਼ਬਦਾਂ ਵਿਚ ਭਰਮ ਤੋੜਨ ਦਾ ਲੰਬਾ ਤਜਰਬਾ ਹੈ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਪੱਧਰ ਤੇ ਕਈ ਅਚੰਭੇ ਜਨਕ ਵਰਤਾਰਿਆਂ ਦੀ ਜਾਂਚ ਕਰਕੇ, ਉਨ੍ਹਾਂ ਨਾਲ ਕਿਸੇ ਗੈਬੀ ਸ਼ਕਤੀ ਦੇ ਜੁੜੇ ਹੋਣ ਦੇ ਭਰਮ ਭੁਲੇਖੇ ਦੂਰ ਕੀਤੇ ਹਨ। ਕਈ ਪ੍ਰੀਵਾਰਾਂ ਨੂੰ ਤੰਗ ਕਰ ਰਹੇ ਭੂਤਾਂ ਪ੍ਰੇਤਾਂ ਨਾਲ ਆਢਾ ਲਿਆ ਹੈ ਅਤੇ ਵਿਅੱਕਤੀਆਂ ਅਤੇ ਪ੍ਰੀਵਾਰਾਂ ਨੂੰ ਇਨ੍ਹਾਂ ਤੋਂ ਛੁਟਕਾਰਾ ਦਵਾਇਆ ਹੈ ਅਤੇ ਹਰ ਇੱਕ ਵਰਤਾਰੇ ਦੀ ਤਰਕਸ਼ੀਲ ਵਿਆਖਿਆ ਕੀਤੀ ਹੈ। ਸੁਰਜੀਤ ਦੌਧਰ ਜੋ ਅਪਨੇ ਨਵੇਕਲੇ ਰੌਚਿਕ ਢੰਗ ਨਾਲ ਵੱਡੇ ਇਕੱਠਾਂ ਵਿਚ ਹੱਥ ਰੇਖਾਵਾਂ ਅਤੇ ਗ੍ਰਿਹਾਂ ਤੇ ਅਧਾਰਤ ਜੋਤਿਸ਼ ਦੇ ਦਾਵਿਆਂ ਨੂੰ ਝੁਠਲਾਉਂਦੇ ਰਹੇ ਹਨ, ਵੀ ਇਸ ਸਮੇਂ ਬੋਲਣਗੇ ਅਤੇ ਨਾਲ ਹੀ ਰਾਮ ਕੁਮਾਰ ਜੀ ਦੀ ਭਦੌੜ ਮੰਡਲੀ ਵਲੋਂ ,ਜਿਸ ਦਾ ਪੰਜਾਬ ਦੇ ਗਾਣ ਵਜਾਣ ਦੇ ਗੰਧਲੇ, ਲੋਕਾਂ ਨੂੰ ਅਸਲ ਮੁਦਿਆਂ ਤੋਂ ਭਟਕਾਉਣ ਵਾਲੇ ਮਾਹੌਲ ਵਿਚ, ਲੋਕਾਂ ਦੀ ਜਿੰਦਗੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨਾਲ ਜੁੜੀਆਂ ਰਚਨਾਵਾਂ ਲੋਕਾਂ ਵਿਚ ਸੰਗੀਤ ਨਾਲ ਲਿਜਾਣ ਦਾ ਲੰਬਾ ਤਜਰਬਾ ਹੈ, ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ 12 ਜੂਨ ਨੂੰ ਇਕਾਈ ਦੀ ਜਨਰਲ ਮੀਟਿੰਗ ਮਰੋਕ ਲਾਅ ਦਫਤਰ ਦੇ ਪੰਜਾਬੀ ਭਵਨ ਜੋ ਏਅਰਪੋਰਟ ਰੋਡ ਅਤੇ ਕੁਈਨ ਰੋਡ ਦੇ ਉੱਤਰ ਪੂਰਬ ਖੂੰਜੇ ਵਿਚ ਹੈ, ਕੀਤੀ ਜਾਣੀ ਹੈ ਜਿਸ ਵਿਚ ਸੁਸਾਇਟੀ ਦੇ ਮੈਂਬਰਾਂ ਦੇ ਨਾਲ ਨਾਲ ਆਮ ਸਰੋਤੇ ਵੀ ਸ਼ਾਮਿਲ ਹੋ ਸਕਣਗੇ, ਤਰਕਸ਼ੀਲ ਵਿਚਾਰਾਂ ਦੇ ਪਸਾਰ ਨੂੰ ਜਾਰੀ ਰਖਦੇ ਹੋਏ, ਡਾ ਬਲਜਿੰਦਰ ਸੇਖੋਂ, ਕਰੋਨਾ ਅਤੇ ਬਲੱਡ ਪ੍ਰੈਸ਼ਰ ਬਾਰੇ ਅਤੇ ਬਲਵਿੰਦਰ ਬਰਨਾਲਾ ਮਾਨਸਿਕ ਰੋਗਾਂ ਬਾਰੇ ਲੈਕਚਰ ਦੇਣਗੇ। ਦੋਨੋ ਲੈਕਚਰਾਂ ਬਾਅਦ ਸੁਆਲ ਜੁਆਬ ਦਾ ਸੈਸ਼ਨ ਵੀ ਰੱਖਿਆ ਜਾਵੇਗਾ। ਪ੍ਰੋਗਰਾਮਾ ਬਾਰੇ ਹੋਰ ਜਾਣਕਾਰੀ ਲਈ, ਬਲਰਾਜ ਸ਼ੌਕਰ (647 679 4398) ਜਾਂ ਅਮਨਦੀਪ ਮੰਡੇਰ (647 782 8334) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸਿੱਧੂ ਮੂਸੇਵਾਲਾ ਕਤਲ ਕੇਸ ਦੀ ਜਾਂਚ ਆਈ ਜੀ ਜਸਕਰਨ ਸਿੰਘ ਦੀ ਅਗਵਾਈ ਵਾਲੀ ਨਵੀਂ ਟੀਮ ਕਰੇਗੀ



ਚੰਡੀਗੜ੍ਹ, 2 ਜੂਨ, (ਪੋਸਟ ਬਿਊਰੋ)- ਪ੍ਰਸਿੱਧ ਪੰਜਾਬੀ ਗਾਇਕ ਸਿੱਧੂਮੂਸੇਵਾਲਾਦੇ ਕਤਲ ਕੇਸ ਦੀ ਜਾਂਚ ਨੂੰ ਹੋਰ ਤੇਜ਼ ਕਰਨ ਲਈ ਪੰਜਾਬ ਪੁਲਸ ਦੇ ਡੀਜੀਪੀ, ਵੀਕੇ ਭਾਵਰਾ ਨੇ ਐਡੀਸ਼ਨਲ ਡੀਜੀਪੀ ਐਂਟੀ ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐੱਫ) ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਵਿਸ਼ੇਸ਼ ਜਾਂਚ ਟੀਮ ਦੋਬਾਰਾ ਬਣਾਈ ਹੈ। ਪੰਜਾਬ ਪੁਲਸ ਦੇ ਬੁਲਾਰੇ ਮੁਤਾਬਕ ਨਵੀਂ ਵਿਸ਼ੇਸ਼ ਜਾਂਚ (ਐੱਸਆਈਟੀ)ਛੇ ਮੈਂਬਰੀ ਹੋਵੇਗੀ ਤੇ ਇਸ ਦੇ ਨਵੇ ਮੁਖੀ ਇੰਸਪੈਕਟਰ ਜਨਰਲ ਪੁਲਿਸ (ਆਈਜੀਪੀ) ਪੀਏਪੀ ਜਸਕਰਨ ਸਿੰਘ ਅਤੇ ਦੋ ਨਵੇਂ ਮੈਂਬਰਾਂ ਵਿੱਚ ਏਆਈਜੀ, ਏਜੀਟੀਐਫ ਗੁਰਮੀਤ ਸਿੰਘ ਚੌਹਾਨ ਅਤੇ ਜ਼ਿਲਾ ਮਾਨਸਾ ਦੇ ਐੱਸ ਐੱਸ ਪੀ ਗੌਰਵ ਤੂਰਾ ਹੋਣਗੇ। ਇਸ ਦੇ ਨਾਲ ਐੱਸਪੀ ਇਨਵੈਸਟੀਗੇਸ਼ਨ ਮਾਨਸਾ ਧਰਮਵੀਰ ਸਿੰਘ, ਡੀਐੱਸਪੀ ਇਨਵੈਸਟੀਗੇਸ਼ਨ ਬਠਿੰਡਾ ਵਿਸ਼ਵਜੀਤ ਸਿੰਘ ਅਤੇ ਇੰਚਾਰਜ ਸੀਆਈਏ ਮਾਨਸਾ ਪ੍ਰਿਥੀਪਾਲ ਸਿੰਘ ਮੈਂਬਰ ਬਣਾਏ ਹਨ। ਡੀਜੀਪੀ ਨੇ ਕਿਹਾ ਕਿ ਐੱਸ ਆਈਟੀ ਰੋਜ਼ਾਨਾ (ਡੇਅ ਟੂ ਡੇਅ) ਆਧਾਰ ਉੱਤੇ ਜਾਂਚ ਕਰੇਗੀ, ਇਸ ਕਤਲ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਜਾਂਚ ਪੂਰੀ ਹੋਣ ਉੱਤੇ ਇਸ ਦੀ ਰਿਪੋਰਟ ਅਦਾਲਤ ਪੇਸ਼ ਕਰੇਗੀ। ਲੋੜ ਪੈਣ ਉੱਤੇ ਇਹ ਐੱਸਆਈਟੀ ਕਿਸੇ ਹੋਰ ਪੁਲਿਸ ਅਧਿਕਾਰੀ ਨੂੰ ਨਾਲ ਜੋੜ ਸਕਦੀ ਅਤੇ ਡੀਜੀਪੀ ਦੀ ਪ੍ਰਵਾਨਗੀ ਨਾਲ ਕਿਸੇ ਮਾਹਰ ਦੀ ਮਦਦ ਲੈ ਸਕਦੀ ਹੈ।ਵਰਨਣ ਯੋਗ ਹੈ ਕਿ ਸ਼ੁਭਦੀਪ ਸਿੰਘ ਉਰਫ ਸਿੱਧੂਮੂਸੇਵਾਲਾਬੀਤੇ ਐਤਵਾਰ ਆਪਣੇ ਦੋ ਸਾਥੀਆਂ ਗੁਰਵਿੰਦਰ ਸਿੰਘ (ਗੁਆਂਢੀ) ਅਤੇ ਗੁਰਪ੍ਰੀਤ ਸਿੰਘ (ਚਚੇਰੇ ਭਰਾ) ਨਾਲ ਘਰੋਂ ਨਿਕਲਿਆ ਸੀ ਤੇ ਉਸ ਨੂੰ ਕੁਝ ਅਣਪਛਾਤੇ ਬੰਦਿਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ।

ਇਸ ਦੌਰਾਨ ਸਿੱਧੂਮੂਸੇਵਾਲਾ ਕਤਲ ਕੇਸ ਵਿੱਚ ਜ਼ਿਲਾ ਮਾਨਸਾ ਪੁਲਿਸ ਨੇ 2 ਗੈਂਗਸਟਰ ਬਠਿੰਡਾ ਤੇ ਫਿਰੋਜ਼ਪੁਰ ਜੇਲ੍ਹਾਂ ਤੋਂ ਦੋ ਗੈਂਗਸਟਰਾਂ ਨੂੰ ਪ੍ਰੋਡਕਸ਼ਨ ਰਿਮਾਂਡ ਉੱਤੇ ਲਿਆਂਦੇ ਹਨਅਤੇ ਉਨ੍ਹਾਂ ਤੋਂ ਪੁੱਛਗਿੱਛ ਕਰ ਰਹੀ ਹੈ।ਇਹ ਦੋਵੇਂ ਪਿਛਲੇ ਸਾਲਗੈਂਗਸਟਰ ਕੁਲਬੀਰ ਨਰੂਆਣਾ ਦੇ ਕਤਲ ਕੇਸ ਦੇ ਦੋਸ਼ੀ ਹਨ। ਪੰਜਾਬ ਪੁਲਿਸ ਨੇ ਪਿਛਲੇ ਸੋਮਵਾਰ ਇੱਕ ਸ਼ੱਕੀ ਦੋਸ਼ੀ ਮਨਪ੍ਰੀਤ ਸਿੰਘ ਭਾਊ ਨੂੰ ਦੇਹਰਾਦੂਨ ਤੋਂ ਗ੍ਰਿਫ਼ਤਾਰ ਕੀਤਾ ਸੀ ਤੇ ਕੱਲ੍ਹ ਉਸਨੂੰ ਮਾਨਸਾ ਅਦਾਲਤ ਵਿੱਚ ਪੇਸ਼ ਕਰ ਕੇ ਪੰਜ ਦਿਨਾਂ ਰਿਮਾਂਡ ਲਿਆ ਸੀ।ਉਸ ਉੱਤੇ ਹਮਲਾਵਰਾਂ ਨੂੰ ਇਸ ਕਤਲਲਈ ਗੱਡੀਆਂ ਤੇ ਹਥਿਆਰ ਪੇਸ਼ ਕਰਨ ਦਾ ਦੋਸ਼ ਹੈ। ਫਰੀਦਕੋਟ ਦਾ ਰਹਿਣ ਵਾਲਾ ਮਨਪ੍ਰੀਤ ਸਿੰਘ ਭਾਊ ਇੱਕ ਵੱਡੇ ਗੈਂਗਸਟਰ ਮੰਨਾ ਦਾ ਰਿਸ਼ਤੇਦਾਰ ਹੈ।ਪੁਲਸ ਸੂਤਰਾਂ ਅਨੁਸਾਰ ਸਿੱਧੂ ਮੂਸੇਵਾਲਾ ਦੇਕਤਲ ਲਈ ਜੋ ਕਰੋਲਾ ਕਾਰ ਵਰਤੀ ਗਈ, ਉਹ ਜੇਲ੍ਹ ਵਿੱਚ ਬੰਦ ਗੈਂਗਸਟਰ ਮੰਨਾ ਦੀ ਹੈ, ਜਿਸ ਨੇ ਆਪਣੇ ਰਿਸ਼ਤੇਦਾਰ ਨੂੰ ਇਹ ਕਾਰ ਹਮਲਾਵਰਾਂ ਨੂੰ ਦੇਣ ਲਈ ਕਿਹਾ ਸੀ।

# ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿੱਚ ਕੀਤਾ ਵਾਧਾ



ਓਟਵਾ, 2 ਜੂਨ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਇੱਕ ਵਾਰੀ ਫਿਰ 50 ਬੇਸਿਸ ਅੰਕਾਂ ਦਾ ਵਾਧਾ ਕੀਤਾ ਗਿਆ ਹੈ। ਹੁਣ ਇਹ ਵਿਆਜ਼ ਦਰ 1.5 ਫੀ ਸਦੀ ਤੱਕ ਪਹੁੰਚ ਗਈ ਹੈ। ਇਨ੍ਹਾਂ ਵਿਆਜ਼ ਦਰਾਂ ਵਿੱਚ ਇਸ ਲਈ ਵਾਧਾ ਕੀਤਾ ਗਿਆ ਹੈ ਕਿਉਂਕਿ ਬੈਂਕ ਦਾ ਇਹ ਮੰਨਣਾ ਹੈ ਕਿ ਨੇੜ ਭਵਿੱਖ ਵਿੱਚ ਮਹਿੰਗਾਈ ਦੀ ਰਫਤਾਰ ਮੱਠੀ ਹੋਣ ਤੋਂ ਪਹਿਲਾਂ ਇੱਕ ਵਾਰੀ ਹੋਰ ਵਧੇਗੀ।

ਬੈਂਕ ਦਾ ਕਹਿਣਾ ਹੈ ਕਿ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਉਹ ਵਿਆਜ਼ ਦਰਾਂ ਵਿੱਚ ਵਾਧਾ ਕਰਦਾ ਰਹੇਗਾ। ਬੈਂਕ ਨੇ ਇਹ ਵੀ ਆਖਿਆ ਕਿ ਜੇ ਲੋੜ ਪਈ ਤਾਂ ਉਹ ਇਸ ਤੋਂ ਵੀ ਸਖ਼ਤ ਕਾਰਵਾਈ ਕਰਨ ਲਈ ਤਿਆਰ ਹੈ। ਇਸ ਸਮੇਂ ਕੰਜ਼ਿਊਮਰ ਪ੍ਰਾਈਸ ਇੰਡੈਕਸ (ਸੀਪੀਆਈ) ਵਿੱਚ 70 ਫੀ ਸਦੀ ਵੰਨਗੀਆਂ ਵਿੱਚ ਮਹਿੰਗਾਈ ਦੀ ਦਰ 3 ਫੀ ਸਦੀ ਤੋਂ ਉੱਪਰ ਹੈ। ਅਪਰੈਲ ਦੇ ਮਹੀਨੇ ਸੀਪੀਆਈ 6.8 ਫੀ ਸਦੀ ਤੱਕ ਪਹੁੰਚ ਗਿਆ ਸੀ ਜੋ ਕਿ 31 ਸਾਲਾਂ ਵਿੱਚ ਸੱਭ ਤੋਂ ਜ਼ਿਆਦਾ ਸੀ।

ਬੈਂਕ ਨੇ ਇਹ ਵੀ ਪਾਇਆ ਕਿ ਮਹਿੰਗਾਈ ਦੀ ਰਫਤਾਰ ਐਨੀ ਤੇਜ਼ ਇਸ ਲਈ ਵੀ ਹੈ ਕਿਉਂਕਿ ਰੂਸ ਵੱਲੋਂ ਯੂਕਰੇਨ ਉੱਤੇ ਹਮਲਾ ਕੀਤਾ ਗਿਆ ਹੈ, ਚੀਨ ਵਿੱਚ ਕੋਵਿਡ ਲਾਕਡਾਊਨ ਕਾਰਨ ਤੇ ਸਪਲਾਈ ਚੇਨ ਵਿੱਚ ਆਉਣ ਵਾਲੇ ਵਿਘਣ ਕਰਕੇ ਵੀ ਗਲੋਬਲ ਅਰਥਚਾਰੇ ਦੀ ਰਫਤਾਰ ਮੱਠੀ ਹੋਣੀ ਸ਼ੁਰੂ ਹੋ ਗਈ ਹੈ। ਯੂਕਰੇਨ ਵਿੱਚ ਜਾਰੀ ਜੰਗ ਕਾਰਨ ਐਨਰਜੀ ਤੇ ਖੇਤੀਬਾੜੀ ਨਾਲ ਜੁੜੀਆਂ ਵਸਤਾਂ ਉੱਤੇ ਦਬਾਅ ਵਧਿਆ ਹੈ। ਬੈਂਕ ਦਾ ਮੰਨਣਾ ਹੈ ਕਿ ਇਸ ਨਾਲ ਯੂਰਪੀਅਨ ਅਰਥਚਾਰੇ ਉੱਤੇ ਨਕਾਰਾਤਮਕ ਅਸਰ ਪੈਣ ਦੀ ਵਧੇਰੇ ਸੰਭਾਵਨਾ ਹੈ।

# ਬੀ ਬੀ ਗੰਨ ਨਾਲ ਧਮਕਾਉਣ ਵਾਲੇ ਇੱਕ ਵਿਅਕਤੀ ਨੂੰ ਕੀਤਾ ਗਿਆ ਗ੍ਰਿਫਤਾਰ



ਬਰੈਂਪਟਨ, 2 ਜੂਨ (ਪੋਸਟ ਬਿਊਰੋ) : ਰੋਡ ਰੇਜ ਦੌਰਾਨ ਇੱਕ ਵਿਅਕਤੀ ਨੂੰ ਬੀ ਬੀ ਗੰਨ ਨਾਲ ਧਮਕਾਉਣ ਵਾਲੇ ਬਰੈਂਪਟਨ ਦੇ ਇੱਕ ਵਿਅਕਤੀ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੋ ਵਿਅਕਤੀਆਂ ਦੀ ਸ਼ਮੂਲੀਅਤ ਵਾਲੀ ਰੋਡ ਰੇਜ ਦੀ ਇਸ ਘਟਨਾ ਤੋਂ ਬਾਅਦ ਪੀਲ ਰੀਜਨਲ ਪੁਲਿਸ ਨੂੰ ਡਿਕਸੀ ਰੋਡ ਏਰੀਆ ਤੇ ਬੋਵੇਅਰਡ ਡਰਾਈਵ ਉੱਤੇ ਸਵੇਰੇ 6:00 ਵਜੇ ਸੱਦਿਆ ਗਿਆ। ਇਹ ਜਾਣਕਾਰੀ ਹਾਸਲ ਹੋਈ ਹੈ ਕਿ ਇਸ ਘਟਨਾ ਦੌਰਾਨ ਇੱਕ ਵਿਅਕਤੀ ਨੇ ਬੀਬੀ ਗੰਨ ਨਾਲ ਦੂਜੇ ਵਿਅਕਤੀ ਨੂੰ ਧਮਕਾਇਆ। ਜਿਸ ਵਿਅਕਤੀ ਨੂੰ ਇਹ ਧਮਕੀ ਦਿੱਤੀ ਗਈ ਉਹ ਜ਼ਖ਼ਮੀ ਨਹੀਂ ਹੋਇਆ। ਜਾਂਚਕਾਰਾਂ ਨੇ ਧਮਕੀਆਂ ਦੇਣ ਤੇ ਅਣਅਧਿਕਾਰਤ ਹਥਿਆਰ ਰੱਖਣ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਨੇ ਦੱਸਿਆ ਕਿ ਇਸ ਸ਼ਖਸ ਦੀ ਗੱਡੀ ਵਿੱਚੋਂ ਉਨ੍ਹਾਂ ਨੂੰ ਬੀਬੀ ਗੰਨ ਬਰਾਮਦ ਵੀ ਹੋ ਗਈ। ਪੁਲਿਸ ਨੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਤੇ ਹਥਿਆਰ ਦੀ ਵਰਤੋਂ ਕਰਕੇ ਸਾਹਮਣੇ ਵਾਲੇ ਵਿਅਕਤੀ ਨੂੰ ਡਰਾਉਣ ਲਈ ਬਰੈਂਪਟਨ ਦੇ 39 ਸਾਲਾ ਬ੍ਰੈਂਡਨ ਡਿਓਨੇਰੀਨ ਨੂੰ ਚਾਰਜ ਕੀਤਾ ਹੈ। ਉਸ ਨੂੰ 11 ਅਗਸਤ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਰੋਬਰਟ ਪੋਸਟ ਸੀਨੀਅਰਜ ਕਲੱਬ ਦੇ ਪ੍ਰਧਾਨ ਤੇ ਕਮੇਟੀ ਦੀ ਚੋਣ ਹੋਈ



ਪਿਛਲੇ ਸਨਿਚਰਵਾਰ ਨੂੰ ਰੋਬਰਟ ਪੋਸਟ ਸੀਨੀਅਰਜ ਕਲੱਬ ਬਰੈਂਪਟਨ ਦੇ ਸਾਰੇ ਮੈਂਬਰਾਂ ਦਾ ਕਲੱਬ ਦੇ ਪਾਰਕ ਵਿੱਚ ਆਮ ਇਜਲਾਸ ਹੋਇਆ। ਇਸ ਮੀਟਿੰਗ ਦਾ ਏਜੰਡਾ ਪਿਛਲੀ ਕਮੇਟੀ ਦੀ ਮਿਆਦ ਪੂਰੀ ਹੋ ਜਾਣ ਕਾਰਨ ਨਵੇਂ ਪ੍ਰਧਾਨ, ਹੋਰ ਅਹੁਦੇਦਾਰਾਂ ਤੇ ਡਇਰੈਕਟਰਜ ਦੀ ਚੋਣ ਕਰਨਾ ਸੀ। ਦੋ ਸਾਲ ਕਰੋਨਾ ਮਹਾਂਮਾਰੀ ਦੇ ਔਖੇ ਸਮੇ ਵਿਚੋ ਨਿਕਲ ਚੁੱਕੇ ਸੀਨੀਅਰਜ,ਹੁਣ ਪਾਬੰਦੀਆਂ ਤੋ ਰਹਿਤ ਮਿਲ ਜਾਣ ਤੇ ਕਾਫੀ ਖੁਸ਼ ਨਜਰ ਆ ਰਹੇ ਸਨ। ਕਲੱਬ ਦੇ ਐਡਵਾਈਜ਼ਰ ਪ੍ਰੀਤਮ ਸਿੰਘ ਨੇ ਕਲੱਬ ਦੇ ਸਾਰੇ ਮੈਂਬਰਾ ਨੂੰ ਜੀ ਆਇਆ ਕਿਹਾ ਤੇ ਖਾਸ ਤੌਰ ਤੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਨਵੇ ਮੈਂਬਰਾ ਨੂੰ ਕਲੱਬ ਦਾ ਹਿਸਾ ਬਣਨ ਤੇ ਵਧਾਈ ਦਿੱਤੀ। ਉਹਨਾਂ ਨੇ ਕਰੋਨਾ ਮਹਾਮਾਰੀ ਦੇ ਦਹਿਸ਼ਤ ਵਾਲੇ ਸਮੇ ਦੌਰਾਨ ਵੀ ਕਲੱਬ ਦੇ ਪ੍ਰਧਾਨ ਤੇ ਸਮੂਚੀ ਕਾਰਜ ਕਾਰਨੀ ਵੱਲੋ ਸਾਰੇ ਮੈਂਬਰਾ ਨਾਲ ਰਾਬਤਾ ਕਾਇਮ ਰੱਖਣ, ਤੇ ਉਹਨਾ ਨੂੰ ਕਰੋਨਾ ਤੋ ਬਚਾ ਲਈ ਨਿਯਮਾ ਦੀ ਪਾਲਣਾਂ ਕਰਨ ਲਈ ਲਗਾਤਾਰ ਪ੍ਰੇਰਿਤ ਕਰਦੇ ਰਹਿਣ, ਤੇ ਔਖੇ ਸਮੇ ਵਿਚ ਸਾਰਿਆਂ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਲਈ ਅਗਵਾਈ ਦੇਣ ਤੇ ਸਮੂਚੀ ਕਮੇਟੀ ਨੂੰ ਵਧਾਈ ਦਿੱਤੀ। ਪ੍ਰਧਾਨ ਬਲਵਿੰਦਰ ਸਿੰਘ ਸਿੱਧੂ ਨੇ ਪਿਛਲੇ ਤਿੰਨ ਸਾਲਾਂ ਦੀਆ ਕਲੱਬ ਦੀਆ ਪ੍ਰਾਪਤੀਆਂ ਤੇ ਗਤੀਵਿਧੀਆ ਬਾਰੇ ਜਾਣਕਾਰੀ ਦਿੱਤੀ, ਜਿਨਾ ਕਰਕੇ ਕਲੱਬ ਨੇ ਸਮੂਚੇ ਬਰੈਂਪਟਨ ਵਿੱਚ ਆਪਣਾ ਵੱਖਰਾ ਮੁਕਾਮ ਹਾਸਲ ਕਰ ਲਿਆ ਹੈ। ਮਹਿੰਦਰ ਸਿੰਘ ਮੋਹੀ ਵੱਲੋ ਵੀ ਕਲੱਬ ਦੀਆਂ ਸਲਾਹੁਣਯੋਗ ਕਾਰਜਾਂ ਖਾਸਕਰ ਸਿਟੀ, ਸਟੇਟ ਤੇ ਨੈਸ਼ਨਲ ਲੈਵਲ ਦੇ ਸਮਰਥ ਅਧਿਕਾਰੀਆ ਤੇ ਚੁਣੇ ਹੋਏ ਨੁਮ-ਾਇੰਦਿਆ ਕੋਲ ਸੀਨੀਅਰਜ ਦੇ ਮਸਲੇ ਉਠਾਉਣ ਤੇ ਉਹਨਾਂ ਦਾ ਹਲ ਕਰਨ ਲਈ ਕੀਤੇ ਗਏ ਯਤਨਾਂ ਦੀ ਜਾਣਕਾਰੀ ਦਿਤੀ। ਉਹਨਾਂ ਵੱਲੋ ਨਵੀ ਚੁਣੀ ਜਾਣ ਵਾਲੀ ਕਮੇਟੀ ਦੇ ਅਹੁਦੇਦਾਰਾਂ ਵਿੱਚ ਲੋਕ ਸੇਵਾ ਦੀ ਭਾਵਨਾ ਦਾ ਹੋਣਾ ਤੇ ਇਸ ਲਈ ਆਪਣੇ ਘਰਾਂ ਦਾ ਟਾਈਮ ਛਡ ਕੇ, ਹਮੇਸ਼ਾਂ ਤਤਪਰ ਰਹਿਣਾ ,ਸੀਨੀਅਰਜ ਦੇ ਭਖਦੇ ਮਸਲਿਆਂ ਦੀ ਜਾਣਕਾਰੀ ਦਾ ਹੋਣਾ ਤੇ ਉਹਨਾ ਨੂੰ ਸਬੰਧਿਤ ਅਧਿਕਾਰੀਆ ਕੋਲ ਦਲੀਲ ਨਾਲ ਪੇਸ਼ ਕਰਨ ਦੀ ਸਮਰੱਥਾ ਦਾ ਹੋਣਾ ਤੇ ਕੰਪਿਊਟਰ ਦਾ ਬੇਸਿਕ ਗਿਆਨ ਦਾ ਹੋਣਾ ਬਹੁਤ ਜ਼ਰੂਰੀ ਹੈ। ਅਖੀਰ ਵਿੱਚ ਸਾਰੇ ਮੈਂਬਰਾਨ ਵੱਲੋ ਪਿਛਲੀ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰਾਂ ਤੇ ਡਇਰੈਕਟਰਜ ਵੱਲੋ ਉਹਨਾਂ ਦੇ ਕਾਰਜਕਾਲ ਦੌਰਾਨ ਚੰਗੇ ਕੰਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਹਨਾਂ ਦੀ ਸਰਵਸੰਮਤੀ ਨਾਲ ਦੁਬਾਰਾ ਚੋਣ ਕੀਤੀ ਗਈ ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਪ੍ਰਧਾਨ:ਬਲਵਿੰਦਰ ਸਿੰਘ ਸਿੱਧੂ, ਉਪ ਪ੍ਰਧਾਨ :ਮਹਿੰਦਰ ਸਿੰਘ ਮੋਹੀ ਸਕੱਤਰ:ਮਨਜੀਤ ਸਿੰਘ ਚਾਹਲ, ਵਿਤ ਸਕੱਤਰ:ਸਤਨਾਮ ਸਿੰਘ ਬਰਾੜ, ਡਇਰੈਕਟਰਜ:ਪ੍ਰੀਤਮ ਸਿੰਘ ਸਰਾਂ,ਅਮਰਜੀਤ ਸਿੰਘ ਸਿੱਧੂ, ਮਹਿੰਦਰ ਸਿੰਘ ਥਿਆੜਾ, ਸ਼ਿਵਦੇਵ ਸਿੰਘ ਮੁਲਤਾਨੀ, ਹਰਵਿੰਦਰ ਸਿੰਘ ਬੈਨੀਪਾਲ, ਸੁਖਵਿੰਦਰ ਕੌਰ ਬਰਾੜ,ਗੁਰਪ੍ਰੀਤ ਕੌਰ ਸਿੱਧੂ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਐੱਨ.ਸੀ.ਸੀ ਦੀ ਮਹੱਤਤਾ ਅਤੇ ਭੂਮਿਕਾ

ਵਿਜੈ ਗਰਗ, ਸੇਵਾ ਮੁਕਤ ਪ੍ਰਿੰਸੀਪਲ ਤੇ ਸਿੱਖਿਆ ਸ਼ਾਸਤਰੀ ਮਲੋਟ



ਨੈਸ਼ਨਲ ਕੈਡੇਟ ਕੋਰ (ਐੱਨ. ਸੀ. ਸੀ.) ਭਾਰਤੀ ਫੌਜੀ ਕੈਡੇਟ ਕੋਰ ਹੈ ਜਿਸਦਾ ਮੁੱਖ ਦਫਤਰ ਨਵੀਂ ਦਿੱਲੀ ਵਿਖੇ ਹੈ। ਐਨਸੀਸੀ ਸਕੂਲ ਅਤੇ ਕਾਲਜ ਦੇ ਸਾਰੇ ਵਿਦਿਆਰਥੀਆਂ ਲਈ ਸਵੈਇੱਛਤ ਆਧਾਰ 'ਤੇ ਖੁੱਲ੍ਹੀ ਹੈ। ਐਨਸੀਸੀ ਦੀ ਕਲਪਨਾ 1917 ਵਿੱਚ ਕੀਤੀ ਗਈ ਸੀ ਜਦੋਂ ਯੂਨੀਵਰਸਿਟੀ ਕੋਰ ਨੂੰ ਵਧਾ ਕੇ ਹਥਿਆਰਬੰਦ ਬਲਾਂ ਵਿੱਚ ਕਮੀਆਂ ਨੂੰ ਪੂਰਾ ਕਰਨ ਦੇ ਉਦੇਸ਼ ਨਾਲ ਭਾਰਤ ਰੱਖਿਆ ਐਕਟ ਲਾਗੂ ਕੀਤਾ ਗਿਆ ਸੀ। 1920 ਵਿੱਚ ਇੰਡੀਆ ਟੈਰੀਟੋਰੀਅਲ ਐਕਟ ਪਾਸ ਕੀਤਾ ਗਿਆ ਅਤੇ ਯੂਨੀਵਰਸਿਟੀ ਕੋਰ ਨੂੰ ਯੂਨੀਵਰਸਿਟੀ ਟ੍ਰੇਨਿੰਗ ਕੋਰ ਦੁਆਰਾ ਬਦਲ ਦਿੱਤਾ ਗਿਆ। ਐਨਸੀਸੀ ਵਿੱਚ ਕੈਡਿਟਾਂ ਨੂੰ ਛੋਟੇ ਹਥਿਆਰਾਂ ਅਤੇ ਪਰੇਡਾਂ ਵਿੱਚ ਮੁਢਲੀ ਫੌਜੀ ਸਿਖਲਾਈ ਦਿੱਤੀ ਜਾਂਦੀ ਹੈ। ਦੀ ਸਿਖਲਾਈ ਲੈ ਰਹੇ ਅਫਸਰਾਂ ਜਾਂ ਕੈਡਿਟਾਂ ਦੀ ਸਰਗਰਮ ਫੌਜੀ ਸੇਵਾ ਲਈ ਕੋਈ ਜ਼ੰਮੇਵਾਰੀ ਨਹੀਂ ਹੁੰਦੀ ਹੈ ਜਦੋਂ ਉਹ ਪੂਰਾ ਕਰ ਲੈਂਦੇ ਹਨ।

1942 ਵਿੱਚ, ਨੈਸ਼ਨਲ ਕੈਡੇਟ ਕੋਰ ਦਾ ਨਾਮ ਬਦਲ ਕੇ ਯੂਨੀਵਰਸਿਟੀ ਆਫੀਸਰਜ਼ ਟ੍ਰੇਨਿੰਗ ਕੋਰ ਰੱਖਿਆ ਗਿਆ। 1946 ਵਿੱਚ, ਪੰਡਿਤ ਜਵਾਹਰ ਲਾਲ ਨਹਿਰੂ ਦੇ ਕਹਿਣ 'ਤੇ ਪੰਡਿਤ ਐਚ ਐਨ ਕੁੰਜ਼ਰੂ ਦੀ ਅਗਵਾਈ ਹੇਠ ਇੱਕ ਕਮੇਟੀ ਦੀ ਸਥਾਪਨਾ ਕੀਤੀ ਗਈ ਸੀ, ਜਿਸ ਦਾ ਉਦੇਸ਼ ਇੱਕ ਸੰਗਠਨ ਦੀ ਸਥਾਪਨਾ ਕਰਨਾ ਸੀ ਜੋ ਭਾਰਤੀ ਨੌਜਵਾਨਾਂ ਨੂੰ ਜੀਵਨ ਦੇ ਹਰ ਖੇਤਰ ਵਿੱਚ ਬਿਹਤਰ ਨਾਗਰਿਕ ਅਤੇ ਨੇਤਾ ਬਣਨ ਲਈ ਸਿਖਲਾਈ ਅਤੇ ਪ੍ਰੇਰਿਤ ਕਰੇਗੀ। ਜਿਸ ਦੇ ਨਤੀਜੇ ਵਜੋਂ ਨੈਸ਼ਨਲ ਕੈਡੇਟ ਕੋਰ 16 ਜੁਲਾਈ, 1948 ਨੂੰ 1948 ਦੇ ਐਨਸੀਸੀ ਐਕਟ ਦੇ ਐਲਾਨ ਨਾਲ ਲਾਗੂ ਹੋਇਆ ਅਤੇ ਐਨਸੀਸੀ ਨੂੰ ਰੱਖਿਆ ਮੰਤਰਾਲੇ ਦੇ ਅਧੀਨ ਰੱਖਿਆ ਗਿਆ।

ਨੈਸ਼ਨਲ ਕੈਡੇਟ ਕੋਰ ਨੂੰ ਟ੍ਰਾਈ-ਸਰਵਿਸਿਜ਼ ਆਰਗੇਨਾਈਜ਼ੇਸ਼ਨ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿੱਚ ਆਰਮੀ, ਨੇਵੀ ਅਤੇ ਏਅਰ ਫੋਰਸ ਸ਼ਾਮਲ ਹਨ। ਨੈਸ਼ਨਲ ਕੈਡਿਟ ਕੋਰ ਦਾ ਮੁੱਖ ਉਦੇਸ਼ ਦੇਸ਼ ਦੇ ਨੌਜਵਾਨਾਂ ਨੂੰ ਅਨੁਸ਼ਾਸਿਤ, ਜ਼ੰਮੇਵਾਰ ਅਤੇ ਦੇਸ਼ ਭਗਤ ਨਾਗਰਿਕ ਬਣਾਉਣਾ ਹੈ। ਭਾਰਤ ਵਿੱਚ ਨੈਸ਼ਨਲ ਕੈਡੇਟ ਕੋਰ ਇੱਕ ਸਵੈ-ਸੇਵੀ ਸੰਸਥਾ ਹੈ ਜੋ ਪੂਰੇ ਭਾਰਤ ਵਿੱਚ ਹਾਈ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਕੈਡਿਟਾਂ ਦੀ ਭਰਤੀ ਕਰਦੀ ਹੈ ਅਤੇ ਉਹਨਾਂ ਵਲੰਟੀਅਰਾਂ ਨੂੰ ਫੌਜੀ ਸਿਖਲਾਈ ਦਿੰਦੀ ਹੈ। ਨੌਜਵਾਨਾਂ ਵਿੱਚ ਰਾਸ਼ਟਰਵਾਦ ਅਤੇ ਧਰਮ ਨਿਰਪੱਖ ਨਜ਼ਰੀਏ ਦੀ ਭਾਵਨਾ ਪੈਦਾ ਕਰਦਾ ਹੈ ਜੋ ਇੱਕ ਮਜ਼ਬੂਤ ਰਾਸ਼ਟਰ ਦੇ ਨਿਰਮਾਣ ਵਿੱਚ ਯੋਗਦਾਨ ਪਾਵੇਗਾ ਅਤੇ ਇਸ ਤੋਂ ਇਲਾਵਾ ਨੌਜਵਾਨ ਭਾਰਤੀਆਂ ਦੀ ਊਰਜਾ ਨੂੰ ਚੈਨਲਾਈਜ਼ ਕਰਨ ਦੀ ਪ੍ਰਕਿਰਿਆ ਦੁਆਰਾ ਜਨਤਾ ਦੇ ਵਿਅਕਤੀਗਤ ਪੱਧਰ ਨੂੰ ਉੱਚਾ ਚੁੱਕਣ ਲਈ ਇੱਕ ਸਾਂਝਾ ਪਲੇਟਫਾਰਮ ਵੀ ਪ੍ਰਦਾਨ ਕਰਦਾ ਹੈ। ਇੱਕ ਰਚਨਾਤਮਕ ਉਦੇਸ਼. ਨੈਸ਼ਨਲ ਕੈਡੇਟ ਕੋਰ ਨੌਜਵਾਨਾਂ ਨੂੰ ਮਨੁੱਖ ਅਤੇ ਸਮਾਜ, ਸਮਾਜ ਅਤੇ ਕੁਦਰਤ ਵਿਚਕਾਰ ਸਬੰਧ ਅਤੇ ਉਹਨਾਂ ਦੀ ਅੰਤਰ-ਨਿਰਭਰਤਾ ਨੂੰ ਸਮਝਣ ਵਿੱਚ ਮਦਦ ਕਰਦੀ ਹੈ।

ਹਾਲਾਂਕਿ ਸਿਖਲਾਈ ਪੂਰੀ ਹੋਣ ਤੋਂ ਬਾਅਦ ਵਲੰਟੀਅਰ ਫੌਜ ਵਿੱਚ ਸ਼ਾਮਲ ਹੋਣ ਲਈ ਜਵਾਬਦੇਹ ਨਹੀਂ ਹਨ, ਫਿਰ ਵੀ ਉਹਨਾਂ ਦੇ ਵੈਧ ਸਰਟੀਫਿਕੇਟ ਵਾਲੇ ਉਮੀਦਵਾਰਾਂ ਨੂੰ ਕੋਰ ਵਿੱਚ ਪ੍ਰਾਪਤੀਆਂ ਦੇ ਅਧਾਰ 'ਤੇ ਚੋਣ ਦੌਰਾਨ ਆਮ ਉਮੀਦਵਾਰਾਂ ਨਾਲੋਂ ਤਰਜੀਹ ਦਿੱਤੀ ਜਾਂਦੀ ਹੈ। ਐੱਨ.ਸੀ.ਸੀ. ਵਿੱਚ ਸਰਗਰਮ ਲੋਕਾਂ ਲਈ ਰੱਖਿਆ ਖੇਤਰ ਵਿੱਚ ਕਰੀਅਰ ਬਣਾਉਣ ਲਈ ਕੋਈ ਮਜਬੂਰੀ ਨਹੀਂ ਹੈ, ਪਰ ਹਾਂ, ਨੌਕਰੀ ਦੀ ਚੋਣ ਦੌਰਾਨ ਉਹਨਾਂ ਨੂੰ ਆਮ ਉਮੀਦਵਾਰਾਂ ਨਾਲੋਂ ਤਰਜੀਹ ਦੇਣ ਦੇ ਨਾਲ ਇੱਕ ਬਿਹਤਰ ਮੌਕਾ ਮਿਲਦਾ ਹੈ।

## ਐਨਸੀਸੀ ਦਾ ਇਤਿਹਾਸ

ਭਾਰਤ ਵਿੱਚ ਨੈਸ਼ਨਲ ਕੈਡੇਟ ਕੋਰ ਦਾ ਗਠਨ 1948 ਦੇ ਨੈਸ਼ਨਲ ਕੈਡੇਟ ਕੋਰ ਐਕਟ ਨਾਲ ਕੀਤਾ ਗਿਆ ਸੀ ਜਿਸਦਾ ਉਦੇਸ਼ ਨੌਜਵਾਨਾਂ ਵਿੱਚ ਚਰਿੱਤਰ, ਹਿੰਮਤ, ਕਾਮਰੇਡਸ਼ਿਪ, ਅਨੁਸ਼ਾਸਨ, ਧਰਮ ਨਿਰਪੱਖ ਦ੍ਰਿਸ਼ਟੀਕੋਣ, ਸਾਹਸ ਦੀ ਭਾਵਨਾ, ਖੇਡ ਭਾਵਨਾ ਅਤੇ ਨਿਰਸਵਾਰਥ ਸੇਵਾ ਦੇ ਆਦਰਸ਼ਾਂ ਦੇ ਗੁਣਾਂ ਦਾ ਵਿਕਾਸ ਕਰਨਾ ਸੀ। ਉਹਨਾਂ ਨੂੰ ਲਾਭਦਾਇਕ ਨਾਗਰਿਕ ਅਤੇ ਉਹਨਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਕਰੀਅਰ ਬਣਾਉਣ ਲਈ ਉਤਸ਼ਾਹਿਤ ਕਰਨਾ। ਇਹ 15 ਜੁਲਾਈ 1948 ਨੂੰ ਉਭਾਰਿਆ ਗਿਆ ਸੀ। ਐਨਸੀਸੀ ਦੀ ਸ਼ੁਰੂਆਤ, ਜੋ 'ਯੂਨੀਵਰਸਿਟੀ ਕੋਰ' ਨਾਲ ਸ਼ੁਰੂ ਹੋਈ ਸੀ, ਨੂੰ ਭਾਰਤੀ ਰੱਖਿਆ ਐਕਟ 1917 ਦੇ ਤਹਿਤ ਬਣਾਇਆ ਗਿਆ ਸੀ, ਅਤੇ ਇਸਦਾ ਉਦੇਸ਼ ਭਾਰਤੀ ਫੌਜ ਦੀ ਘਾਟ ਨੂੰ ਪੂਰਾ ਕਰਨਾ ਸੀ।

ਇਹ 1920 ਵਿੱਚ ਸੀ ਜਦੋਂ ਇੰਡੀਅਨ ਟੈਰੀਟੋਰੀਅਲ ਐਕਟ ਪਾਸ ਕੀਤਾ ਗਿਆ ਸੀ ਅਤੇ ਯੂਟੀਸੀ ਦੀ ਸਥਿਤੀ ਨੂੰ ਉੱਚਾ ਚੁੱਕਣ ਅਤੇ ਇਸਨੂੰ ਰਾਸ਼ਟਰੀ ਨੌਜਵਾਨਾਂ ਲਈ ਹੋਰ ਆਕਰਸ਼ਕ ਬਣਾਉਣ ਦੇ ਉਦੇਸ਼ ਨਾਲ 'ਯੂਨੀਵਰਸਿਟੀ ਕੋਰ' ਨੂੰ ਯੂਨੀਵਰਸਿਟੀ ਟ੍ਰੇਨਿੰਗ ਕੋਰ () ਦੁਆਰਾ ਬਦਲ ਦਿੱਤਾ ਗਿਆ ਸੀ। ਅਫਸਰਾਂ ਅਤੇ ਕੈਡਿਟਾਂ ਨੇ ਫੌਜ ਦੀ ਤਰ੍ਹਾਂ ਪਹਿਰਾਵਾ ਪਹਿਨਿਆ ਅਤੇ ਇਹ ਹਥਿਆਰਬੰਦ ਬਲਾਂ ਦੇ ਸਵਦੇਸ਼ੀਕਰਨ ਵੱਲ ਇੱਕ ਮਹੱਤਵਪੂਰਨ ਕਦਮ ਸੀ।

ਪੰਡਿਤ ਐੱਚ.ਐੱਨ. ਕੁੰਜ਼ਰੂ ਦੀ ਅਗਵਾਈ ਵਾਲੀ ਕਮੇਟੀ ਨੇ ਸਿਫਾਰਿਸ਼ ਕੀਤੀ ਕਿ ਨੌਜਵਾਨਾਂ ਨੂੰ ਫੌਜੀ ਸਿਖਲਾਈ ਦੇਣ ਲਈ ਰਾਸ਼ਟਰੀ ਪੱਧਰ 'ਤੇ ਸਕੂਲਾਂ ਅਤੇ ਕਾਲਜਾਂ 'ਚ ਕੈਡਿਟ ਸੰਸਥਾ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ। ਨੈਸ਼ਨਲ ਕੈਡੇਟ ਕੋਰ ਐਕਟ ਨੂੰ ਗਵਰਨਰ ਜਨਰਲ ਦੁਆਰਾ ਸਵੀਕਾਰ ਕੀਤਾ ਗਿਆ ਅਤੇ 15 ਜੁਲਾਈ 1948 ਨੂੰ ਨੈਸ਼ਨਲ ਕੈਡੇਟ ਕੋਰ ਹੋਂਦ ਵਿੱਚ ਆਈ।

ਐਨ.ਸੀ.ਸੀ. ਦੀ ਗਰਲਜ਼ ਡਿਵੀਜ਼ਨ 1949 ਵਿੱਚ ਸਕੂਲ ਅਤੇ ਕਾਲਜ ਜਾਣ ਵਾਲੀਆਂ ਲੜਕੀਆਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਅਤੇ ਰਾਸ਼ਟਰੀ ਉਦੇਸ਼ ਲਈ ਉਹਨਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਦ੍ਰਿਸ਼ਟੀ ਨਾਲ ਬਣਾਈ ਗਈ ਸੀ। ਇਹ ਸਾਲ 1950 ਵਿੱਚ ਸੀ, ਜਦੋਂ ਏਅਰ ਵਿੰਗ ਨੂੰ ਜੋੜਿਆ ਗਿਆ ਤਾਂ ਐਨਸੀਸੀ ਨੂੰ ਇੱਕ ਅੰਤਰ-ਸੇਵਾ ਚਿੱਤਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਦੋ ਸਾਲ ਬਾਅਦ 1952 ਵਿੱਚ ਨੇਵਲ ਵਿੰਗ ਸ਼ਾਮਲ ਕੀਤਾ ਗਿਆ ਸੀ। ਉਸੇ ਸਾਲ, ਕਮਿਊਨਿਟੀ ਵਿਕਾਸ ਨੂੰ ਵੀ ਸ਼ਾਮਲ ਕਰਨ ਲਈ ਐਨਸੀਸੀ ਪਾਠਕ੍ਰਮ ਵਿੱਚ ਵਾਧਾ ਕੀਤਾ ਗਿਆ ਸੀ। ਸਿਲੇਬਸ ਦੇ ਇੱਕ ਹਿੱਸੇ ਵਜੋਂ ਸਮਾਜ ਸੇਵਾ ਦੀਆਂ ਗਤੀਵਿਧੀਆਂ ਵਜੋਂ। 1962 ਦੀ ਚੀਨ-ਭਾਰਤ ਜੰਗ ਤੋਂ ਬਾਅਦ, ਰਾਸ਼ਟਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, 1963 ਵਿੱਚ ਸਿਖਲਾਈ ਨੂੰ ਲਾਜ਼ਮੀ ਕਰ ਦਿੱਤਾ ਗਿਆ ਸੀ, ਹਾਲਾਂਕਿ, ਇਹ ਮਜਬੂਰੀ ਬਹੁਤੀ ਦੇਰ ਨਹੀਂ ਚੱਲੀ, ਅਤੇ ਫਿਰ 1968 ਵਿੱਚ, ਕੋਰ ਨੂੰ ਇੱਕ ਸਵੈ-ਸੇਵੀ ਸੰਸਥਾ ਬਣਾ ਦਿੱਤਾ ਗਿਆ।

ਇਹ 1965 ਦੀ ਭਾਰਤ-ਪਾਕਿਸਤਾਨ ਜੰਗ ਦੇ ਨਾਲ-ਨਾਲ 1971 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਸੀ, ਐਨਸੀਸੀ ਕੈਡਿਟ ਰੱਖਿਆ ਦੀ ਦੂਜੀ ਲਾਈਨ ਸਨ ਅਤੇ ਆਰਡੀਨੈਂਸ ਫੈਕਟਰੀਆਂ ਦੀ ਸਹਾਇਤਾ ਲਈ ਬਹੁਤ ਸਾਰੇ ਕੈਂਪਾਂ ਦਾ ਆਯੋਜਨ ਕੀਤਾ, ਮੋਰਚੇ ਨੂੰ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਸਪਲਾਈ ਕੀਤੀ ਅਤੇ ਇਹ ਵੀ ਸਨ। ਦੁਸ਼ਮਣ ਪੈਰਾਟ੍ਰੋਪਰਾਂ ਨੂੰ ਫੜਨ ਲਈ ਗਸ਼ਤ ਪਾਰਟੀਆਂ ਵਜੋਂ ਵਰਤਿਆ ਜਾਂਦਾ ਹੈ। ਐਨਸੀਸੀ ਕੈਡਿਟਾਂ ਨੇ ਸਰਗਰਮੀ ਨਾਲ ਹਿੱਸਾ ਲਿਆ ਅਤੇ ਸਿਵਲ ਡਿਫੈਂਸ ਅਥਾਰਟੀਆਂ ਦੇ ਨਾਲ ਹੱਥ ਮਿਲਾ ਕੇ ਕੰਮ ਕੀਤਾ ਅਤੇ ਸਾਰੇ ਬਚਾਅ ਕਾਰਜਾਂ ਦੇ ਨਾਲ-ਨਾਲ ਟ੍ਰੈਫਿਕ ਕੰਟਰੋਲ ਵਿੱਚ ਵੀ ਸਰਗਰਮੀ ਨਾਲ ਹਿੱਸਾ ਲਿਆ। 1965 ਅਤੇ 1971 ਦੀਆਂ ਜੰਗਾਂ ਤੋਂ ਬਾਅਦ, ਸਿਲੇਬਸ ਨੂੰ ਸੋਧਣ ਦੀ ਜ਼ਰੂਰਤ ਮਹਿਸੂਸ ਕੀਤੀ ਗਈ, ਨਾ ਕਿ ਸਿਰਫ ਰੱਖਿਆ ਦੀ ਦੂਜੀ ਲਾਈਨ ਹੋਣ ਦੀ ਬਜਾਏ, ਸਿਲੇਬਸ ਨੇ ਸਿਖਲਾਈ ਦੇ ਰਹੇ ਲੋਕਾਂ ਵਿੱਚ ਲੀਡਰਸ਼ਿਪ ਅਤੇ ਅਫਸਰ ਵਰਗੇ ਗੁਣਾਂ ਦੇ ਵਿਕਾਸ 'ਤੇ ਵਧੇਰੇ ਜ਼ੋਰ ਦਿੱਤਾ। ਐਨ.ਸੀ.ਸੀ. ਕੈਡਿਟਾਂ ਨੇ ਜੋ ਮਿਲਟਰੀ ਟਰੇਨਿੰਗ ਪ੍ਰਾਪਤ ਕੀਤੀ ਸੀ, ਉਸ ਨੂੰ ਘਟਾ ਦਿੱਤਾ ਗਿਆ ਅਤੇ ਸਮਾਜ ਸੇਵਾ ਦੇ ਨਾਲ-ਨਾਲ ਨੌਜਵਾਨ ਪ੍ਰਬੰਧਨ ਵਰਗੇ ਹੋਰ ਖੇਤਰਾਂ ਨੂੰ ਜ਼ਿਆਦਾ ਮਹੱਤਵ ਦਿੱਤਾ ਗਿਆ।

## ਸੰਗਠਨ

ਨੈਸ਼ਨਲ ਕੈਡੇਟ ਕੋਰ ਇੰਡੀਆ ਦੀ ਅਗਵਾਈ ਇੱਕ ਡਾਇਰੈਕਟਰ ਜਨਰਲ, ਲੈਫਟੀਨੈਂਟ ਜਨਰਲ ਦੇ ਰੈਂਕ ਦੇ ਇੱਕ ਫੌਜ ਅਧਿਕਾਰੀ ਦੁਆਰਾ ਕੀਤੀ ਜਾਂਦੀ ਹੈ। ਡਾਇਰੈਕਟਰ ਜਨਰਲ, ਸੁਪਰੀਮ ਹੈੱਡ ਮੂਲ ਰੂਪ ਵਿੱਚ ਦਿੱਲੀ ਵਿੱਚ ਸਥਿਤ ਨੈਸ਼ਨਲ ਕੈਡੇਟ ਕੋਰ ਹੈੱਡਕੁਆਰਟਰ ਰਾਹੀਂ ਦੇਸ਼ ਵਿੱਚ ਰਾਸ਼ਟਰੀ ਕੈਡੇਟ ਕੋਰ ਦੇ ਕੰਮਕਾਜ ਲਈ ਜ਼ੰਮੇਵਾਰ ਹੁੰਦਾ ਹੈ। ਉਹ ਆਪਣੇ ਪੱਧਰ 'ਤੇ ਕੁਝ ਮਹੱਤਵਪੂਰਨ ਫੈਸਲੇ ਲੈਣ ਲਈ ਅਧਿਕਾਰਤ ਵਿਅਕਤੀ ਹੈ। ਇੰਡੀਆ ਨੂੰ ਬਿਹਤਰ ਪ੍ਰਬੰਧਨ ਅਤੇ ਸਿਖਲਾਈ ਲਈ ਦੇਸ਼ ਭਰ ਵਿੱਚ ਵੱਖ-ਵੱਖ ਪੱਧਰਾਂ ਵਿੱਚ ਵੰਡਿਆ ਗਿਆ ਹੈ। ਸਹੂਲਤ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ, ਦੇਸ਼ ਨੂੰ 17 ਡਾਇਰੈਕਟੋਰੇਟਾਂ ਵਿੱਚ ਵੰਡਿਆ ਗਿਆ ਹੈ ਜੋ ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਕਵਰ ਕਰਦੇ ਹਨ। ਹਰੇਕ ਰਾਜ ਨੈਸ਼ਨਲ ਕੈਡੇਟ ਕੋਰ ਡਾਇਰੈਕਟੋਰੇਟ ਹੈੱਡਕੁਆਰਟਰ ਦੋ ਤੋਂ ਚੌਦਾਂ ਗਰੁੱਪ ਹੈੱਡਕੁਆਰਟਰਾਂ ਨੂੰ ਨਿਯੰਤਰਿਤ ਕਰਦਾ ਹੈ। ਜਦੋਂ ਕਿ ਬ੍ਰਿਗੇਡੀਅਰ ਜਾਂ ਉਨ੍ਹਾਂ ਦੇ ਬਰਾਬਰ ਦੇ ਸਾਰੇ ਡਾਇਰੈਕਟੋਰੇਟਾਂ ਦੀ ਕਮਾਂਡ, ਸਮੂਹਾਂ ਦੀ ਕਮਾਂਡ ਏਅਰ ਫੋਰਸ ਅਤੇ ਨੇਵੀ ਦੇ ਕਰਨਲ ਜਾਂ ਬਰਾਬਰ ਦੇ ਅਧਿਕਾਰੀਆਂ ਦੁਆਰਾ ਕੀਤੀ ਜਾਂਦੀ ਹੈ, ਐਨਸੀਸੀ ਯੂਨਿਟਾਂ ਦੀ ਕਮਾਂਡ ਮੇਜਰ/ਲੈਫਟੀਨੈਂਟ ਕਰਨਲ ਜਾਂ ਉਨ੍ਹਾਂ ਦੇ ਬਰਾਬਰ ਦੇ ਅਧਿਕਾਰੀਆਂ ਦੁਆਰਾ ਕੀਤੀ ਜਾਂਦੀ ਹੈ।

ਡਾਇਰੈਕਟੋਰੇਟ ਜਨਰਲ ਸਰਵਉੱਚ ਹੈ, ਸਾਰੇ ਡਾਇਰੈਕਟੋਰੇਟਾਂ ਨੂੰ ਨਿਯੰਤਰਿਤ ਕਰਦਾ ਹੈ, ਜੋ ਸਾਰੇ ਸਮੂਹਾਂ ਦੇ ਪ੍ਰਬੰਧਨ ਲਈ ਜ਼ੰਮੇਵਾਰ ਹਨ। ਇਹ ਸਮੂਹ ਅੱਗੇ ਵੱਖ-ਵੱਖ ਇਕਾਈਆਂ ਦੇ ਬਣੇ ਹੁੰਦੇ ਹਨ ਅਤੇ ਸੀਨੀਅਰ ਡਿਵੀਜ਼ਨਾਂ ਜਾਂ ਜੂਨੀਅਰ ਡਿਵੀਜ਼ਨਾਂ ਵਿੱਚ ਵੰਡੇ ਜਾ ਸਕਦੇ ਹਨ। ਇਸ ਸੀਨੀਅਰ ਅਤੇ ਜੂਨੀਅਰ ਡਿਵੀਜ਼ਨ ਨੂੰ ਐਨ.ਸੀ.ਸੀ. ਉਮੀਦਵਾਰਾਂ ਨੂੰ ਦਿੱਤੀ ਜਾਂਦੀ ਕਾਲਜ ਪੱਧਰ ਅਤੇ ਸਕੂਲ ਪੱਧਰ ਦੀ ਸਿਖਲਾਈ ਦੇ ਰੂਪ ਵਿੱਚ ਕਿਹਾ ਜਾ ਸਕਦਾ ਹੈ।

## ਸਿਖਲਾਈ

ਨੈਸ਼ਨਲ ਕੈਡੇਟ ਕੋਰ ਪ੍ਰੋਗਰਾਮ ਅਧੀਨ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਲਈ ਇੱਕ ਸਵੈ-ਸੇਵੀ ਸੰਸਥਾ ਹੈ। ਸਕੂਲੀ ਵਿਦਿਆਰਥੀਆਂ ਦੀ ਵਿੱਚ ਸ਼ਾਮਲ ਹੋਣ ਲਈ ਘੱਟੋ-ਘੱਟ ਉਮਰ ਸੀਮਾ 13 ਹੈ; 13 ਸਾਲ ਤੋਂ ਵੱਧ ਉਮਰ ਦੇ ਸਾਰੇ ਵਿਦਿਆਰਥੀ ਜੂਨੀਅਰ ਕੈਡਿਟਾਂ ਵਜੋਂ ਸ਼ਾਮਲ ਹੋ ਸਕਦੇ ਹਨ ਅਤੇ 11ਵੀਂ ਜਮਾਤ ਅਤੇ ਇਸ ਤੋਂ ਵੱਧ ਦੇ ਵਿਦਿਆਰਥੀ ਇਸ ਸੰਸਥਾ ਵਿੱਚ ਸੀਨੀਅਰ ਕੈਡਿਟਾਂ ਵਜੋਂ ਸ਼ਾਮਲ ਹੋ ਸਕਦੇ ਹਨ। ਇਸ ਸੰਸਥਾ ਨੇ 32500 ਸੀਨੀਅਰ ਕੈਡਿਟਾਂ ਅਤੇ 135000 ਜੂਨੀਅਰ ਕੈਡਿਟਾਂ ਦੀ ਆਪਣੀ ਨਿਮਾਣੀ ਸ਼ੁਰੂਆਤ ਤੋਂ ਬਹੁਤ ਵੱਡਾ ਵਿਕਾਸ ਕੀਤਾ ਹੈ ਅਤੇ 4.33 ਲੱਖ ਸੀਨੀਅਰ ਕੈਡਿਟਾਂ ਅਤੇ 7.3 ਲੱਖ ਜੂਨੀਅਰ ਕੈਡਿਟਾਂ ਦੇ ਨਾਲ ਗਿਆਰਾਂ ਲੱਖ ਤੋਂ ਵੱਧ ਕੈਡਿਟਾਂ ਨੂੰ ਸਿਖਲਾਈ ਦਿੱਤੀ ਹੈ। ਵਰਤਮਾਨ ਵਿੱਚ, ਪੂਰੇ ਭਾਰਤ ਵਿੱਚ ਲਗਭਗ 4560 ਕਾਲਜਾਂ ਅਤੇ 7040 ਸਕੂਲਾਂ ਨੂੰ ਕਵਰ ਕਰਦਾ ਹੈ ਅਤੇ ਲਗਭਗ 1400 ਸਕੂਲ ਅਤੇ ਕਾਲਜ ਵਿੱਚ ਸ਼ਾਮਲ ਹੋਣ ਲਈ ਉਡੀਕ ਸੂਚੀ ਵਿੱਚ ਹਨ ਅਤੇ ਕੁਝ ਅੰਤਿਮ ਪ੍ਰਵਾਨਗੀਆਂ ਦੀ ਉਡੀਕ ਕਰ ਰਹੇ ਹਨ। ਦਿੱਤੀ ਗਈ ਸਿਖਲਾਈ ਦਾ ਮੁੱਖ ਉਦੇਸ਼ ਇਹ ਹੈ:

ਨੌਜਵਾਨਾਂ ਵਿੱਚ ਚਰਿੱਤਰ, ਸਾਹਸ, ਕਾਮਰੇਡਸ਼ਿਪ, ਅਨੁਸ਼ਾਸਨ, ਧਰਮ ਨਿਰਪੱਖ ਦ੍ਰਿਸ਼ਟੀਕੋਣ, ਅਤੇ ਸਾਹਸ ਦੀ ਭਾਵਨਾ, ਖੇਡਾਂ ਅਤੇ ਨੌਜਵਾਨਾਂ ਵਿੱਚ ਨਿਰਸਵਾਰਥ ਸੇਵਾ ਦੇ ਆਦਰਸ਼ਾਂ ਦੀ ਗੁਣਵੱਤਾ ਦਾ ਵਿਕਾਸ ਕਰਨਾ ਤਾਂ ਜੋ ਉਨ੍ਹਾਂ ਨੂੰ ਲਾਭਦਾਇਕ ਨਾਗਰਿਕ ਬਣਾਇਆ ਜਾ ਸਕੇ ਜੋ ਆਪਣੇ ਦੇਸ਼ ਦੀ ਪ੍ਰਭਾਵਸ਼ਾਲੀ ਅਤੇ ਜੋਸ਼ ਨਾਲ ਸੇਵਾ ਕਰ ਸਕਣ।

ਹਥਿਆਰਬੰਦ ਸੈਨਾਵਾਂ ਸਮੇਤ ਜੀਵਨ ਦੇ ਹਰ ਖੇਤਰ ਵਿੱਚ ਲੀਡਰਸ਼ਿਪ ਦੇ ਗੁਣ ਪ੍ਰਦਾਨ ਕਰਨ ਅਤੇ ਉਹਨਾਂ ਨੂੰ ਇਸ ਤਰੀਕੇ ਨਾਲ ਸ਼ਕਤੀ ਪ੍ਰਦਾਨ ਕਰਨ ਲਈ ਨੌਜਵਾਨਾਂ ਨੂੰ ਸੰਗਠਿਤ ਕਰੋ, ਸਿਖਲਾਈ ਦਿਓ ਅਤੇ ਪ੍ਰੇਰਿਤ ਕਰੋ ਤਾਂ ਜੋ ਉਹ ਆਪਣੇ ਦੇਸ਼ ਦੀ ਸੇਵਾ ਕਰਨ ਲਈ ਹਮੇਸ਼ਾ ਤਿਆਰ ਰਹਿਣ।

ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਨਾ। ਸ਼ੁਰੂਆਤੀ ਪੜਾਅ 'ਤੇ ਅਜਿਹੀ ਸਿਖਲਾਈ ਪ੍ਰਦਾਨ ਕਰਨ ਨਾਲ ਬਹੁਤ ਸੰਤੁਸ਼ਟੀ ਅਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਹੁੰਦੀ ਹੈ, ਨੌਜਵਾਨ ਅਸਲ ਵਿੱਚ ਰਾਸ਼ਟਰ ਪ੍ਰਤੀ ਸਮਰਪਿਤ ਹੋ ਜਾਂਦੇ ਹਨ ਅਤੇ ਕਿਸੇ ਵੀ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦੇ ਹਨ, ਭਾਵੇਂ ਉਹ ਕੁਦਰਤੀ ਹੋਵੇ ਜਾਂ ਮਨੁੱਖ ਦੁਆਰਾ ਬਣਾਈ ਗਈ।

ਸਿਖਲਾਈ ਦੇਣ ਵਾਲੇ ਉਮੀਦਵਾਰਾਂ ਨੂੰ ਡ੍ਰਿਲ, ਸ਼ੂਟਿੰਗ, ਸਰੀਰਕ ਤੰਦਰੁਸਤੀ, ਨਕਸ਼ੇ ਪੜ੍ਹਨ, ਫਸਟ ਏਡ, ਗਲਾਈਡਿੰਗ/ਫਲਾਇੰਗ, ਕਿਸ਼ਤੀ ਖਿੱਚਣ, ਸਮੁੰਦਰੀ ਸਫ਼ਰ ਅਤੇ ਕੈਂਪ ਸਿਖਲਾਈ ਵਿੱਚ ਸਿਖਲਾਈ ਦਿੱਤੀ ਜਾਂਦੀ ਹੈ ਜਿਸ ਵਿੱਚ ਫੌਜ, ਨੇਵੀ ਅਤੇ ਹਵਾਈ ਸੈਨਾ ਵਿੱਚ ਫੌਜੀ ਸਿਖਲਾਈ ਦੀਆਂ ਲਗਭਗ ਸਾਰੀਆਂ ਬੁਨਿਆਦੀ ਗੱਲਾਂ ਸ਼ਾਮਲ ਹੁੰਦੀਆਂ ਹਨ। ਐਨਸੀਸੀ ਦੀ ਸਿਖਲਾਈ ਜ਼ਿਆਦਾਤਰ ਕੈਡਿਟਾਂ ਦੁਆਰਾ ਸਕੂਲਾਂ ਅਤੇ ਕਾਲਜਾਂ ਵਿੱਚ ਕੀਤੀ ਜਾਂਦੀ ਹੈ। ਸਿਖਲਾਈ ਅਸਲ ਵਿੱਚ ਸਖ਼ਤ ਨਹੀਂ ਹੈ ਅਤੇ ਕੁਝ ਆਮ ਯੋਗਤਾਵਾਂ ਦੁਆਰਾ ਹੀ ਪੂਰੀ ਕੀਤੀ ਜਾ ਸਕਦੀ ਹੈ। ਇਹ ਜ਼ਰੂਰੀ ਨਹੀਂ ਹੈ ਕਿ ਸਿਖਲਾਈ ਨੂੰ ਸਫਲਤਾਪੂਰਵਕ ਪੂਰਾ ਕਰਨ ਲਈ ਤੁਹਾਡੇ ਕੋਲ ਕੁਝ ਅਸਾਧਾਰਨ ਹੁਨਰ ਜਾਂ ਸਰੀਰ ਹੋਣ ਦੀ ਲੋੜ ਹੈ; ਕੁਝ ਆਮ ਹੁਨਰ ਤੁਹਾਨੂੰ ਸਫਲਤਾਪੂਰਵਕ ਪੂਰਾ ਕਰਨ ਵਿੱਚ ਮਦਦ ਕਰਨਗੇ। ਤੁਹਾਨੂੰ ਸਿਰਫ਼ ਪੱਕੇ ਇਰਾਦੇ ਦੀ ਲੋੜ ਹੈ। ਕੈਡਿਟਾਂ ਨੂੰ ਜਿਸ ਸੇਵਾ ਬਾਰੇ ਸਿਖਾਇਆ ਜਾ ਰਿਹਾ ਹੈ, ਉਸ ਦੇ ਆਧਾਰ 'ਤੇ, ਕੈਡਿਟਾਂ ਨੂੰ ਉਸ ਸੇਵਾ ਦਾ ਮੁਢਲਾ ਗਿਆਨ ਵੀ ਦਿੱਤਾ ਜਾਂਦਾ ਹੈ, ਜਿਸ ਵਿਚ ਗਲਾਈਡਿੰਗ, ਏਅਰ ਵਿੰਗ ਕੈਡਿਟਾਂ ਲਈ ਸੰਚਾਲਿਤ ਉਡਾਣ ਅਤੇ ਕਿਸ਼ਤੀ ਖਿੱਚਣ, ਨੇਵਲ ਵਿੰਗ ਦੇ ਕੈਡਿਟਾਂ ਲਈ ਸਮੁੰਦਰੀ ਸਫ਼ਰ, ਸੰਸਥਾਗਤ ਦਾ ਹਿੱਸਾ ਬਣ ਸਕਦਾ ਹੈ। ਸਿਖਲਾਈ ਇਹਨਾਂ ਗਤੀਵਿਧੀਆਂ ਵਿੱਚ ਪੂਰੇ ਸਿਲੇਬਸ ਦਾ ਲਗਭਗ 50% ਸ਼ਾਮਲ ਹੁੰਦਾ ਹੈ ਜੋ ਇੱਕ ਉਮੀਦਵਾਰ ਨੂੰ ਸਿਖਾਇਆ ਜਾਂਦਾ ਹੈ।

## ਦੁਆਰਾ ਸਮਾਜ ਸੇਵਾ ਦੀਆਂ ਗਤੀਵਿਧੀਆਂ

ਨੈਸ਼ਨਲ ਕੈਡੇਟ ਕੋਰ (ਐਨ.ਸੀ.ਸੀ.) ਦੇ ਮੁੱਖ ਉਦੇਸ਼ਾਂ ਵਿੱਚੋਂ ਇੱਕ ਦੇਸ਼ ਦੇ ਨਾਗਰਿਕਾਂ ਪ੍ਰਤੀ ਕੁਝ ਪ੍ਰਭਾਵਸ਼ਾਲੀ ਸਮਾਜ ਸੇਵਾ ਪ੍ਰਦਾਨ ਕਰਨਾ ਹੈ। ਨੇ ਕੈਡਿਟਾਂ ਵਿੱਚ ਸਮਾਜ ਪ੍ਰਤੀ ਨਿਰਸਵਾਰਥ ਸੇਵਾ, ਸਵੈ-ਸਹਾਇਤਾ ਦੀ ਮਹੱਤਤਾ, ਵਾਤਾਵਰਣ ਦੀ ਸੁਰੱਖਿਆ ਦੀ ਲੋੜ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਉਨ੍ਹਾਂ ਦੇ ਵਿਕਾਸ ਵਿੱਚ ਸਹਾਇਤਾ ਕਰਨ ਦੇ ਉਦੇਸ਼ ਨਾਲ ਕਮਿਊਨਿਟੀ ਵਿਕਾਸ ਗਤੀਵਿਧੀਆਂ ਨੂੰ ਅਪਣਾਇਆ ਹੈ। ਇਹ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਕੀਤਾ ਜਾਂਦਾ ਹੈ ਜਿਸਦਾ ਉਦੇਸ਼ ਸਮਾਜ ਦੀ ਮਦਦ ਕਰਨਾ ਹੈ ਅਤੇ ਇਸ ਦੌਰਾਨ ਉਮੀਦਵਾਰਾਂ ਵਿੱਚ ਆਪਣੇ ਸਮਾਜ, ਭਾਈਚਾਰੇ ਅਤੇ ਦੇਸ਼ ਦੀ ਮਦਦ ਕਰਨ ਪ੍ਰਤੀ ਜੋਸ਼ ਪੈਦਾ ਕਰਨਾ ਹੈ। ਸਮਾਜ ਸੇਵਾ ਪ੍ਰਤੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ:

ਵੱਖ-ਵੱਖ ਕੈਂਪਾਂ ਅਤੇ ਸੈਮੀਨਾਰਾਂ ਵਿੱਚ ਬਾਲਗ-ਸਿੱਖਿਆ ਪ੍ਰਦਾਨ ਕਰਨਾ

ਜਲਵਾਯੂ ਸੰਤੁਲਨ ਨੂੰ ਯਕੀਨੀ ਬਣਾਉਣ ਲਈ ਰੁੱਖ ਲਗਾਓ

ਖ਼ੂਨਦਾਨ ਕੈਂਪਾਂ ਦਾ ਉਦੇਸ਼ ਤੁਰੰਤ ਲੋੜਵੰਦਾਂ ਦੀ ਮਦਦ ਲਈ ਖ਼ੂਨ ਇਕੱਠਾ ਕਰਨਾ ਹੈ

ਵੱਖ-ਵੱਖ ਰੈਲੀਆਂ ਦੇ ਰੂਪ ਵਿੱਚ ਦਾਜ ਦੇ ਖਿਲਾਫ ਮੁਹਿੰਮ ਚਲਾਈ

ਮਾਦਾ ਭਰੂਣ ਹੱਤਿਆ ਵਿਰੋਧੀ ਸਹੁੰ

ਐਂਟੀ ਲੈਪਰੋਸੀ ਡਰਾਈਵ ਲੋਕਾਂ ਨੂੰ ਬਿਮਾਰੀ ਬਾਰੇ ਜਾਗਰੂਕ ਕਰਨ ਅਤੇ ਇਲਾਜ ਬਾਰੇ ਵੀ ਜਾਣਕਾਰੀ ਦੇਣ ਲਈ

ਇਸ ਬਿਮਾਰੀ ਬਾਰੇ ਜਾਣਕਾਰੀ ਫੈਲਾਉਣ ਲਈ ਏਡਜ਼ ਜਾਗਰੂਕਤਾ ਰੈਲੀ ਕੱਢੀ ਅਤੇ ਇਸ ਤੋਂ ਬਚਾਅ ਸਬੰਧੀ ਕੁਝ ਨੁਕਤਿਆਂ ਬਾਰੇ ਵੀ ਜਾਣਕਾਰੀ ਦਿੱਤੀ

ਓਲਡ ਏਜ ਹੋਮਜ਼ ਦਾ ਦੌਰਾ ਕਰਨਾ ਅਤੇ ਉੱਥੇ ਸੀਨੀਅਰ ਨਾਗਰਿਕਾਂ ਨਾਲ ਕੁਝ ਸਮਾਂ ਬਿਤਾਉਣਾ

ਝੁੱਗੀ-ਝੌਂਪੜੀ ਦੀ ਨਿਕਾਸੀ ਵਿੱਚ ਮਦਦ ਪ੍ਰਦਾਨ ਕਰਨਾ

ਜੰਗ ਅਤੇ ਮਹਾਂਮਾਰੀ ਦੇ ਸਮੇਂ ਆਫ਼ਤ ਪ੍ਰਬੰਧਨ ਅਤੇ ਰਾਹਤ

ਯੁਵਾ ਇੱਕ ਪ੍ਰਮੁੱਖ ਕਾਰਕ ਹੈ ਜੋ ਕਿਸੇ ਰਾਸ਼ਟਰ ਦੀ ਸਮੁੱਚੀ ਸਫਲਤਾ ਦਰ ਨੂੰ ਨਿਰਧਾਰਤ ਕਰਦਾ ਹੈ। ਇੱਕ ਸਿੱਖਿਅਤ ਅਤੇ ਸਸ਼ਕਤ ਨੌਜਵਾਨ ਸ਼ਕਤੀ ਇੱਕ ਰਾਸ਼ਟਰ ਨੂੰ ਸਫਲਤਾ ਵੱਲ ਲੈ ਜਾ ਸਕਦੀ ਹੈ ਜਦੋਂ ਕਿ ਉਹਨਾਂ ਵਿੱਚ ਨਕਾਰਾਤਮਕ ਸ਼ਕਤੀਆਂ ਨਸ਼ਾਖੋਰੀ, ਅੱਤਵਾਦ ਜਾਂ ਲੁੱਟ-ਖੋਹ ਵਰਗੀਆਂ ਕੁਝ ਕਾਰਵਾਈਆਂ ਵੱਲ ਵਧ ਸਕਦੀਆਂ ਹਨ। ਦੇਸ਼ ਦੇ ਨੌਜਵਾਨਾਂ ਵਿੱਚ ਸਮਾਜਿਕ ਕਦਰਾਂ-ਕੀਮਤਾਂ ਨੂੰ ਪੈਦਾ ਕਰਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਅਤੇ ਉਹਨਾਂ ਦੀ ਊਰਜਾ ਨੂੰ ਉਹਨਾਂ ਦੇ ਨਾਲ-ਨਾਲ ਸਮਾਜ ਲਈ ਲਾਭਦਾਇਕ ਬਣਾਉਣ ਲਈ ਵਰਤਦਾ ਹੈ। ਵੱਖ-ਵੱਖ ਸਮਾਜ ਸੇਵੀ ਗਤੀਵਿਧੀਆਂ ਜਿਵੇਂ ਕਿ ਬਿਪਤਾ ਦੇ ਸਮੇਂ ਪ੍ਰਸ਼ਾਸਨ ਨੂੰ ਸਹਾਇਤਾ, ਵਾਤਾਵਰਣ ਅਤੇ ਵਾਤਾਵਰਣ ਦੀ ਸੰਭਾਲ, ਖ਼ੂਨਦਾਨ ਮੁਹਿੰਮਾਂ, ਸਾਖਰਤਾ ਪ੍ਰੋਗਰਾਮ ਅਤੇ ਨਿਰਮਾਣ ਅਤੇ ਸਫਾਈ ਮੁਹਿੰਮਾਂ ਚਲਾਉਂਦਾ ਹੈ ਅਤੇ ਦੇਸ਼ ਦੇ ਨੌਜਵਾਨਾਂ ਨੂੰ ਸਵੈ-ਸੁਧਾਰ ਅਤੇ ਸਮਾਜ ਸੇਵਾ ਲਈ ਇੱਕ ਪ੍ਰਭਾਵਸ਼ਾਲੀ ਦਿਸ਼ਾ ਪ੍ਰਦਾਨ ਕਰਦਾ ਹੈ। ਦੇ ਨਾਲ ਨਾਲ. ਇਸ ਦੌਰਾਨ ਉਨ੍ਹਾਂ ਨੂੰ ਇਹ ਵੀ ਸਿਖਾਇਆ ਜਾਂਦਾ ਹੈ ਕਿ ਜ਼ਿੰਦਗੀ ਵਿਚ ਸਫ਼ਲ ਹੋਣ ਲਈ ਵੱਡੀ ਤਕਲੀਫ਼ ਵਿਚ ਵੀ ਗਿਲੇ-ਸ਼ਿਕਵੇ ਉਠਾਉਣ ਦੀ ਦਲੇਰੀ ਕਰਨੀ ਪੈਂਦੀ ਹੈ।

## ਸਿਖਲਾਈ ਦੀ ਮਿਆਦ

ਸੀਨੀਅਰ ਡਵੀਜ਼ਨ ਅਤੇ ਸੀਨੀਅਰ ਵਿੰਗ ਲਈ ਕੁੱਲ ਸਿਖਲਾਈ ਦੀ ਮਿਆਦ 2 ਸਾਲ ਹੈ। ਹਾਲਾਂਕਿ, ਇਸ ਮਿਆਦ ਨੂੰ 1 ਹੋਰ ਸਾਲ ਤੱਕ ਵਧਾਉਣ ਦੀ ਵੀ ਆਗਿਆ ਹੈ, ਹਾਲਾਂਕਿ ਜੂਨੀਅਰ ਡਵੀਜ਼ਨ ਅਤੇ ਜੂਨੀਅਰ ਵਿੰਗ ਲਈ ਸਿਖਲਾਈ ਦੀ ਮਿਆਦ 2 ਸਾਲ ਹੈ। ਸੀਨੀਅਰ ਜਾਂ ਜੂਨੀਅਰ ਡਿਵੀਜ਼ਨ ਦੇ ਹਰੇਕ ਕੈਡਿਟ ਨੂੰ ਸਿਖਲਾਈ ਸਾਲ ਦੌਰਾਨ ਹਫ਼ਤੇ ਵਿੱਚ ਘੱਟੋ-ਘੱਟ 4 ਘੰਟੇ ਦੀ ਸੇਵਾ ਸਿਖਲਾਈ ਲੈਣੀ ਪੈਂਦੀ ਹੈ। ਹਾਲਾਂਕਿ, ਕਾਲਜ ਜਾਂ ਸਕੂਲ ਵਿੱਚ ਛੁੱਟੀਆਂ ਦੇ ਸਮੇਂ ਦੌਰਾਨ ਕੋਈ ਸਿਖਲਾਈ ਨਹੀਂ ਦਿੱਤੀ ਜਾਂਦੀ ਹੈ ਜਿਸ ਰਾਹੀਂ ਇੱਕ ਕੈਡੇਟ ਦਾਖਲ ਹੁੰਦਾ ਹੈ। ਸਾਰੀ ਸਿਖਲਾਈ ਦੀ ਮਿਆਦ ਵਿੱਚੋਂ, ਸੀਨੀਅਰ ਅਤੇ ਜੂਨੀਅਰ ਡਿਵੀਜ਼ਨ ਦੇ ਹਰੇਕ ਕੈਡਿਟ ਨੂੰ ਸਾਲਾਨਾ ਕਾਲਜ ਅਤੇ ਸਕੂਲ ਸੈਸ਼ਨ ਦੌਰਾਨ ਕੁੱਲ ਘੰਟਿਆਂ ਦੇ ਘੱਟੋ-ਘੱਟ 75% ਸਮੇਂ ਲਈ ਸੇਵਾ ਸਿਖਲਾਈ ਲੈਣੀ ਪੈਂਦੀ ਹੈ, ਜੋ ਕਿ ਹਰੇਕ ਕੈਡਿਟ ਲਈ ਲਾਜ਼ਮੀ ਹੈ, ਸਿਵਾਏ ਕੁਝ ਮੈਡੀਕਲ ਕੇਸ. ਸਿਖਲਾਈ ਸਾਲ ਦੌਰਾਨ ਹਰੇਕ ਕੈਡਿਟ ਨੂੰ ਸੀਨੀਅਰ ਡਿਵੀਜ਼ਨ ਦੇ ਮਾਮਲੇ ਵਿੱਚ 14 ਦਿਨ ਅਤੇ ਜੂਨੀਅਰ ਡਿਵੀਜ਼ਨ ਦੇ ਮਾਮਲੇ ਵਿੱਚ 10 ਦਿਨਾਂ ਦੀ ਮਿਆਦ ਦੇ ਸਾਲਾਨਾ ਸਿਖਲਾਈ ਕੈਂਪ ਵਿੱਚ ਸ਼ਾਮਲ ਹੋਣ ਲਈ।

## ਯੂਥ ਐਕਸਚੇਂਜ ਪ੍ਰੋਗਰਾਮ

ਸਿਖਲਾਈ ਦੇ ਇੱਕ ਮਹੱਤਵਪੂਰਨ ਹਿੱਸੇ ਵਿੱਚ ਯੂਥ ਐਕਸਚੇਂਜ ਪ੍ਰੋਗਰਾਮ ਵੀ ਸ਼ਾਮਲ ਹੈ। ਇੱਥੇ ਬਹੁਤ ਸਾਰੇ ਪ੍ਰੋਗਰਾਮ ਚੱਲ ਰਹੇ ਹਨ। ਭਾਰਤ ਦੇ ਐਨਸੀਸੀ ਅਤੇ ਦੂਜੇ ਦੇਸ਼ਾਂ ਦੇ ਨੌਜਵਾਨ ਸੰਗਠਨਾਂ ਵਿਚਕਾਰ ਯੂਥ ਐਕਸਚੇਂਜ ਪ੍ਰੋਗਰਾਮ ਪਿਛਲੇ ਕਈ ਸਾਲਾਂ ਤੋਂ ਸਾਲਾਨਾ ਰੂਪ ਵਿੱਚ ਚਲਾਇਆ ਜਾਂਦਾ ਹੈ ਅਤੇ ਇਸ ਵਿੱਚ ਕਿਸੇ ਹੋਰ ਦੇਸ਼ ਵਿੱਚ 24 ਦਿਨਾਂ ਤੱਕ ਆਪਸੀ ਮੁਲਾਕਾਤਾਂ ਸ਼ਾਮਲ ਹੁੰਦੀਆਂ ਹਨ, ਜਿਸ ਵਿੱਚ ਕੈਡਿਟ ਪਰਿਵਾਰ, ਕਮਿਊਨਿਟੀ ਵਰਕ ਪ੍ਰੋਜੈਕਟ, ਵਿਦਿਅਕ ਗਤੀਵਿਧੀਆਂ ਆਦਿ ਦਾ ਕੰਮ ਕਰਦੇ ਹਨ। ਐਕਸਚੇਂਜ ਪ੍ਰੋਗਰਾਮ ਦਾ ਉਦੇਸ਼ ਆਪਸੀ ਸਤਿਕਾਰ, ਨਵੀਂ ਸਥਿਤੀ ਵਿੱਚ ਅਨੁਕੂਲਤਾ, ਨਵੇਂ ਲੋਕਾਂ ਵਿੱਚ ਕੰਮ ਕਰਨ ਦੀ ਸਿਖਲਾਈ, ਸਵੈ-ਅਨੁਸ਼ਾਸਨ, ਅੰਤਰ-ਸੱਭਿਆਚਾਰਕ ਸਿਖਲਾਈ ਅਤੇ ਸਭ ਤੋਂ ਵੱਧ, ਆਪਣੇ ਦੇਸ਼ ਲਈ ਪਿਆਰ ਨੂੰ ਵਿਕਸਤ ਕਰਨਾ ਹੈ। ਵਰਤਮਾਨ ਵਿੱਚ, ਭਾਰਤ ਦਾ ਵਿਸ਼ਵ ਭਰ ਦੇ ਵੱਖ-ਵੱਖ ਦੇਸ਼ਾਂ ਨਾਲ ਯੂਥ ਐਕਸਚੇਂਜ ਪ੍ਰੋਗਰਾਮ ਹੈ। ਇਨ੍ਹਾਂ ਵਿੱਚ ਆਸਟ੍ਰੇਲੀਆ, ਬੰਗਲਾਦੇਸ਼, ਭੂਟਾਨ, ਕੈਨੇਡਾ, ਮਾਲਦੀਵ, ਨੇਪਾਲ, ਸਿੰਗਾਪੁਰ, ਸ੍ਰੀਲੰਕਾ, ਯੂਨਾਈਟਿਡ ਕਿੰਗਡਮ ਅਤੇ ਵੀਅਤਨਾਮ ਆਦਿ ਸ਼ਾਮਲ ਹਨ। ਵੱਖ-ਵੱਖ ਦੇਸ਼ਾਂ ਨਾਲ ਇਹ ਆਦਾਨ-ਪ੍ਰਦਾਨ ਪ੍ਰੋਗਰਾਮ ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਅੰਤਰਰਾਸ਼ਟਰੀ ਮਾਹੌਲ ਦੀ ਵਧੀ ਹੋਈ ਸਮਝ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਸਿੱਖ ਕੌਮ ਬਣਨ ਵਿੱਚ ਮਦਦ ਕਰਦੇ ਹਨ।

# ਸਿਵਿਲ ਸਰਵਿਸ ਪ੍ਰੀਖਿਆ ਦੇ ਨਤੀਜਿਆਂ ਵਿਚ ਕੁੜੀਆਂ ਦੀ ਬੱਲੇ ਬੱਲੇ

ਵਿਜੈ ਗਰਗ, ਸੇਵਾ ਮੁਕਤ ਪ੍ਰਿੰਸੀਪਲ ਤੇ ਸਿੱਖਿਆ ਸ਼ਾਸਤਰੀ ਮਲੋਟ




ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ 2021 ਦੀ ਸਿਵਿਲ ਸਰਵਿਸ ਪ੍ਰੀਖਿਆ ਦੇ ਨਤੀਜਿਆਂ ਵਿਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਕੁੜੀਆਂ ਨੇ ਹਾਸਿਲ ਕੀਤੀਆਂ ਹਨ। ਔਰਤਾਂ ਨੇ ਪਹਿਲੀ ਪੁਜ਼ੀਸ਼ਨ ਸੱਤ ਸਾਲਾਂ ਦੇ ਪਿੱਛੋਂ ਹਾਸਿਲ ਕੀਤੀ ਹੈ। ਨਤੀਜੇ ਇਸ ਲਈ ਵੀ ਉਤਸ਼ਾਹਿਤ ਕਰਨ ਵਾਲੇ ਹਨ ਕਿ ਵਿਸ਼ੇਸ਼ ਅਧਿਕਾਰ ਪ੍ਰਾਪਤ ਕੁਲੀਨ ਵਰਗ ਦੇ ਨਾਲ ਨਾਲ ਸਾਧਾਰਨ ਪਿਛੋਕੜ ਵਾਲੇ ਪਰਿਵਾਰਾਂ ਨਾਲ ਸਬੰਧਿਤ ਨੌਜਵਾਨ ਵੀ ਸਫ਼ਲ ਹੋਏ ਹਨ। ਇਸ ਨਾਲ ਸਿਵਿਲ ਸਰਵਿਸ ਅੰਦਰ ਸਮਾਜ ਦੀ ਵੰਨ-ਸਵੰਨਤਾ ਨੂੰ ਸਮਝਣ ਦੀ ਸੰਭਾਵਨਾ ਵਧਦੀ ਹੈ। ਵੱਖ ਵੱਖ ਪਿਛੋਕੜਾਂ ਤੋਂ ਆਉਂਦੇ ਉਮੀਦਵਾਰਾਂ ਦੀ ਸਮੱਸਿਆਵਾਂ ਪ੍ਰਤੀ ਨਿੱਜੀ ਸਮਝਦਾਰੀ ਸਿਵਿਲ ਸਰਵਿਸ ਦੀ ਸਮੂਹਿਕ ਸੋਚ ਵਿਚ ਆਪਣਾ ਹਿੱਸਾ ਪਾਉਂਦੀ ਹੈ।

ਪ੍ਰੀਖਿਆ ਵਿਚ ਪਹਿਲੇ ਨੰਬਰ ਉੱਤੇ ਆਉਣ ਵਾਲੀ ਦਿੱਲੀ ਨਿਵਾਸੀ ਸ਼ਰੁਤੀ ਸ਼ਰਮਾ ਦਾ ਮੁੱਖ ਧਿਆਨ ਸਿੱਖਿਆ, ਸਿਹਤ ਅਤੇ ਔਰਤਾਂ ਦੇ ਸ਼ਕਤੀਕਰਨ ਵੱਲ ਹੈ। ਇਸੇ ਤਰ੍ਹਾਂ ਦੂਸਰੇ ਨੰਬਰ ਵਾਲੀ ਕੋਲਕਾਤਾ ਦੀ ਅੰਕਿਤਾ ਅਗਰਵਾਲ ਔਰਤਾਂ ਅਤੇ ਅਣਗੌਲੇ ਸਮਾਜ ਦੇ ਬੱਚਿਆਂ ਦੀ ਬਿਹਤਰੀ ਨੂੰ ਆਪਣਾ ਟੀਚਾ ਮੰਨਦੀ ਹੈ। ਤੀਸਰੇ ਨੰਬਰ ਉੱਤੇ ਆਈ ਪੰਜਾਬ ਦੇ ਸ਼ਹਿਰ ਸੁਨਾਮ ਦੀ ਜੰਮਪਲ ਪਰ ਇਸ ਸਮੇਂ ਆਨੰਦਪੁਰ ਸਾਹਿਬ ਦੀ ਨਿਵਾਸੀ ਗਾਮਨੀ ਸਿੰਗਲਾ ਇਨ੍ਹਾਂ ਹੀ ਸਮਾਜਿਕ ਮੁੱਦਿਆਂ ਨੂੰ ਅੱਗੇ ਵਧਾਉਣ ਲਈ ਕੰਮ ਕਰਨ ਦਾ ਇਰਾਦਾ ਪ੍ਰਗਟ ਕਰਦੀ ਹੈ। ਪੰਜਾਬ ਦੇ ਹੀ ਮੁਕਸਤਰ ਸਾਹਿਬ ਦੇ ਕਿਸਾਨ ਦੇ ਪੁੱਤਰ ਜਸਪਿੰਦਰ ਸਿੰਘ ਭੁੱਲਰ ਨੇ 33ਵਾਂ ਸਥਾਨ ਹਾਸਿਲ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਉਹ ਸੱਤਾ ਤੋਂ ਦੂਰ ਦੁਰਾਡੇ ਇਲਾਕਿਆਂ ਵਿਚ ਰਹਿੰਦੇ ਲੋਕਾਂ ਦੇ ਜੀਵਨ ਵਿਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਕਰੇਗਾ। ਇਸੇ ਤਰ੍ਹਾਂ ਹਿੰਦੀ ਮਾਧਿਅਮ ਵਿਚ ਸਿਵਿਲ ਸਰਵਿਸ ਦੀ ਪ੍ਰੀਖਿਆ ਦੇ ਪਹਿਲੇ ਨੰਬਰ ਉੱਤੇ ਆਉਣ ਵਾਲੇ ਸ੍ਰੀ ਗੰਗਾਨਗਰ (ਰਾਜਸਥਾਨ) ਦੇ ਰਵੀ ਕੁਮਾਰ ਸਿਹਾਗ ਦੀ ਸਫ਼ਲਤਾ ਜ਼ਮੀਨ ਨਾਲ ਜੁੜੇ ਹੋਣ ਦਾ ਪ੍ਰਮਾਣ ਹੈ।

ਸਿਵਿਲ ਸਰਵਿਸ ਦੀ ਪ੍ਰੀਖਿਆ ਵਿਚ ਸਫ਼ਲ ਹੋਣ ਵਾਲੇ ਨੌਜਵਾਨ ਮੁੰਡੇ ਕੁੜੀਆਂ ਦੇਸ਼ ਦੇ ਸਰਬਉੱਚ ਅਤੇ ਤਾਕਤਵਰ ਪ੍ਰਸ਼ਾਸਨਿਕ ਤੰਤਰ ਦਾ ਹਿੱਸਾ ਬਣਦੇ ਹਨ। ਉਹ ਸਾਰੇ ਪ੍ਰੀਖਿਆ ਦੇ ਸਖ਼ਤ ਮੁਕਾਬਲੇ ਵਿਚੋਂ ਲੰਘ ਕੇ ਆਉਂਦੇ ਹਨ ਅਤੇ ਉਨ੍ਹਾਂ ਦਾ ਸ਼ੁਮਾਰ ਦੇਸ਼ ਦੇ ਬੌਧਿਕ ਤੌਰ ਉੱਤੇ ਤੇਜ਼ ਤਰਾਰ ਚੁਨਿੰਦਾ ਲੋਕਾਂ ਵਿਚ ਹੁੰਦਾ ਹੈ। ਸਿਵਿਲ ਸਰਵਿਸ ਪ੍ਰੀਖਿਆ ਪਾਸ ਹੋਣ ਤੋਂ ਬਾਅਦ ਜਿੱਥੇ ਨਿੱਜੀ ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ ਦੀ ਗਰੰਟੀ ਮਿਲਦੀ ਹੈ, ਉੱਥੇ ਉਨ੍ਹਾਂ ਤੋਂ ਦੇਸ਼ ਦੀਆਂ ਸਮੱਸਿਆਵਾਂ ਪ੍ਰਤੀ ਸੰਵੇਦਨਸ਼ੀਲ ਤੇ ਲੋਕਾਂ ਪ੍ਰਤੀ ਜਵਾਬਦੇਹ ਪ੍ਰਸ਼ਾਸਨਿਕ ਪਹੁੰਚ ਅਪਣਾਉਣ ਦੀ ਉਮੀਦ ਕੀਤੀ ਜਾਂਦੀ ਹੈ। ਇਨ੍ਹਾਂ ਦਿਨਾਂ ਵਿਚ ਵਧ ਰਹੇ ਭ੍ਰਿਸ਼ਟਾਚਾਰ ਅਤੇ ਘਟ ਰਹੇ ਕੰਮ ਸੱਭਿਆਚਾਰ ਦੇ ਦੌਰ ਵਿੱਚ ਪ੍ਰਸ਼ਾਸਨ ਅਤੇ ਲੋਕਾਂ ਦੀ ਦੂਰੀ ਵਧਣ ਦਾ ਮਾਹੌਲ ਬਣ ਰਿਹਾ ਹੈ। ਇਕ ਤਰ੍ਹਾਂ ਦਾ ਆਦਰਸ਼ਵਾਦ ਲੈ ਕੇ ਸਿਵਲ ਸੇਵਾ ਵਿਚ ਆਉਣ ਵਾਲੇ ਨਵੇਂ ਅਫ਼ਸਰਾਂ ਤੋਂ ਸੰਵਿਧਾਨ ਅਤੇ ਕਾਨੂੰਨ ਦੇ ਸ਼ਾਸਨ ਨੂੰ ਮਜ਼ਬੂਤ ਕਰਨ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਦੀ ਉਮੀਦ ਰੱਖਣਾ ਸਮਾਜ ਦਾ ਹੱਕ ਹੈ।।

## ਰਸੋਈ

### ਘਰ ਵਿੱਚ ਬਣਾਓ ਇਮਲੀ ਦੀ ਖੱਟੀ-ਮਿੱਠੀ ਚਟਣੀ

ਸਮੱਗਰੀ: ਇਮਲੀ, ਖੰਡ ਇੱਕ (250 ਗਰਾਮ), ਕਿਸ਼ਮਿਸ਼ ਇੱਕ ਚਮਚ, ਖਜ਼ੂਰ ਦੋ (ਬਰੀਕ ਕੱਟੇ ਹੋਏ), ਖਰਬੂਜ਼ੇ ਦੇ ਬੀਜ-ਇੱਕ ਚਮਚ, ਗਰਮ ਮਸਾਲਾ ਇੱਕ ਛੋਟਾ ਚਮਚ, ਅਦਰਕ ਪਾਊਡਰ ਇੱਕ ਛੋਟਾ ਚਮਚ, ਭੁੰਨਿਆ ਜ਼ੀਰਾ ਪਾਊਡਰ ਇੱਕ ਛੋਟਾ ਚਮਚ, ਲਾਲ ਮਿਰਚ ਪਾਊਡਰ ਇੱਕ ਛੋਟਾ ਚਮਚ, ਕਾਲਾ ਨਮਕ ਇੱਕ ਛੋਟਾ ਚਮਚ, ਨਮਕ ਛੋਟਾ ਚਮਚ ਜਾਂ ਸਵਾਦ ਅਨੁਸਾਰ।

ਵਿਧੀ: ਇਮਲੀ ਕੜਾਹੀ ਵਿੱਚ ਪਾ ਦਿਓ। ਇਸ ਵਿੱਚ ਇੱਕ ਕੱਪ ਪਾਣੀ ਤੇ ਖੰਡ ਪਾ ਦਿਓ। ਚਟਣੀ ਨੂੰ ਖੰਡ ਘੁਲਣ ਤੱਕ ਪਕਾਓ ਤੇ ਇਸ ਵਿੱਚ ਚੰਗਾ ਉਬਾਲ ਤੱਕ ਤੇਜ਼ ਅੱਗ ਉੱਤੇ ਪੱਕਣ ਦਿਓ। ਫਿਰ ਇਸ ਵਿੱਚ ਅਦਰਕ ਪਾਊਡਰ, ਭੁੰਨਿਆ ਜ਼ੀਰਾ ਪਾਊਡਰ, ਲਾਲ ਮਿਰਚ ਪਾਊਡਰ, ਕਾਲਾ ਨਮਕ, ਸਫੇਦ ਨਮਕ ਅਤੇ ਗਰਮ ਮਸਾਲਾ ਪਾ ਦਿਓ। ਸਾਰੇ ਮਸਾਲਿਆਂ ਨੂੰ ਚੰਗੀ ਤਰ੍ਹਾਂ ਮਿਕਸ ਕਰ ਲਓ। ਇਸ ਵਿੱਚ ਕੱਟੇ ਹੋਏ ਖਜੂਰ ਤੇ ਕਿਸ਼ਮਿਸ਼ ਪਾ ਦਿਓ ਅਤੇ ਚਟਣੀ ਨੂੰ ਗਾੜ੍ਹਾ ਹੋਣ ਤੱਕ ਪਕਾ ਲਓ। ਸੱਤ ਮਿੰਟ ਵਿੱਚ ਚਟਣੀ ਗਾੜ੍ਹੀ ਹੋ ਕੇ ਤਿਆਰ ਹੋ ਜਾਂਦੀ ਹੈ, ਪਰ ਚਟਣੀ ਨੂੰ ਜੇ ਲੰਮੇ ਸਮੇਂ ਤੱਕ ਰੱਖਣਾ ਚਾਹੁੰਦੇ ਹੋ ਤਾਂ ਇਸ ਨੂੰ ਦੋ ਮਿੰਟ ਹੋਰ ਪਕਾ ਲਓ। ਤੁਸੀਂ ਚਾਹੋ ਤਾਂ ਇਸ ਦੀ ਇੱਕ ਬੂੰਦ ਪਿਆਲੀ ਵਿੱਚ ਟਪਕਾ ਕੇ ਦੇਖ ਸਕਦੇ ਹੋ। ਇਸ ਦੇ ਠੰਢਾ ਹੋਣ ਤੋਂ ਬਾਅਦ ਚਟਣੀ ਨੂੰ ਉਂਗਲ ਉੱਤੇ ਚਿਪਕਾਓ ਤੇ ਵੇਖੋ ਇਸ ਵਿੱਚ ਪੂਰਾ ਲੰਮਾ ਤਾਰ ਨਿਕਲ ਰਿਹਾ ਹੈ ਤਾਂ ਚਟਣ ਤਿਆਰ ਹੈ। ਚਟਣੀ ਦੀ ਕੜਾਹੀ ਉਤਾਰ ਕੇ ਜਾਲੀ ਸਟੈਂਡ ਉੱਤੇ ਰੱਖ ਲਓ। ਚਟਣੀ ਨੂੰ ਠੰਢਾ ਹੋਣ ਦਿਓ। ਠੰਢਾ ਹੋਣ ਉੱਤੇ ਚਟਣੀ ਹੋਰ ਗਾੜ੍ਹੀ ਹੋ ਜਾਂਦੀ ਹੈ। ਖਰਬੂਜ਼ੇ ਦੇ ਬੀਜ ਭੁੰਨਣ ਲਈ ਕੜਾਹੀ ਗੈਸ ਉੱਤੇ ਰੱਖੋ। ਇਸ ਵਿੱਚ ਬੀਜ ਪਾ ਕੇ ਇਨ੍ਹਾਂ ਹਿਲਾਉਂਦੇ ਹੋਏ ਫੁੱਲਣ ਤੱਕ ਭੁੰਨ ਲਓ। ਭੁੰਨੇ ਬੀਜ਼ਾਂ ਨੂੰ ਚਟਣੀ ਵਿੱਚ ਪਾ ਕੇ ਮਿਕਸ ਕਰ ਲਓ। ਚਟਣੀ ਨੂੰ ਪਿਆਲੀ ਵਿੱਚ ਕੱਢ ਲਓ। ਤੁਹਾਡੀ ਇਮਲੀ ਦੀ ਚਟਣੀ ਬਣ ਕੇ ਤਿਆਰ ਹੈ।

# ਸੰਗਰੂਰ ਤੋਂ ਨਵੀਂ ਸਰਕਾਰ ਦਾ ਟੈਸਟ ਨਹੀਂ, ਟੈਸਟਾਂ ਦੀ ਲੜੀ ਆਰੰਭ ਹੋਣ ਵਾਲੀ ਹੈ





ਜਤਿੰਦਰ ਪੰਨੂ

ਇੱਕ ਪੁਰਾਣੀ ਕਹਾਣੀ ਸਾਡੇ ਵਿੱਚੋਂ ਬਹੁਤ ਸਾਰਿਆਂ ਨੇ ਸੁਣੀ ਹੋਈ ਹੈ ਕਿ ਇੱਕਕਲਾਕਾਰ ਨੇ ਤਸਵੀਰ ਬਣਾ ਕੇ ਚੌਕ ਵਿੱਚ ਰੱਖ ਦਿੱਤੀ ਅਤੇ ਨਾਲ ਇੱਕ ਪੈੱਨ ਰੱਖ ਕੇ ਕੋਲ ਤਖਤੀ ਗੱਡ ਦਿੱਤੀ ਕਿ ਇਸ ਵਿੱਚ ਜਿੱਥੇ ਕੋਈ ਨੁਕਸ ਦੇਖਦੇ ਹੋ, ਉਸ ਥਾਂ ਨਿਸ਼ਾਨੀ ਲਾ ਦਿਉ। ਅਗਲੇ ਦਿਨ ਤੱਕ ਉਹ ਸਾਰੀ ਤਸਵੀਰ ਲੋਕਾਂ ਨੇ ਨਿਸ਼ਾਨੀਆਂ ਲਾ-ਲਾ ਕੇ ਭਰ ਦਿੱਤੀ ਤੇ ਇੰਜ ਜਾਪਦਾ ਸੀ ਕਿ ਲੋਕਾਂ ਦੀ ਸਮਝ ਵਿੱਚ ਉਸ ਕਲਾਕਾਰ ਨੂੰ ਤਸਵੀਰ ਬਣਾਉਣੀ ਹੀ ਨਹੀਂ ਆਉਂਦੀ।ਉਸ ਕਲਾਕਾਰ ਨੇ ਅਗਲੇ ਦਿਨ ਓਸੇ ਤਸਵੀਰ ਦੇ ਨਾਲ ਦੀ ਤਸਵੀਰ ਓਸੇ ਥਾਂ ਰੱਖ ਕੇ ਨਾਲ ਪੈੱਨ ਦੀ ਬਜਾਏ ਬੁਰਸ਼ ਅਤੇ ਹੋਰ ਸਾਮਾਨ ਰੱਖਿਆ ਅਤੇ ਤਖਤੀ ਲਾ ਦਿੱਤੀ ਕਿ ਜਿੱਥੇ ਕੋਈ ਨੁਕਸ ਦਿੱਸਦਾ ਹੈ, ਠੀਕ ਕਰਨ ਦੀ ਕ੍ਰਿਪਾ ਕਰੋ। ਅਗਲੇ ਦਿਨ ਤੱਕ ਲੋਕ ਆਈ ਗਏ, ਵੇਖ ਕੇ ਅੱਗੇ ਲੰਘਦੇ ਗਏ, ਕਿਸੇ ਨੇ ਵੀ ਠੀਕ ਕਰਨ ਦੀ ਹਿੰਮਤ ਨਹੀਂ ਸੀ ਵਿਖਾਈ, ਕਿਉਂਕਿ ਤਸਵੀਰ ਦੇ ਨੁਕਸ ਕੱਢਣਾ ਹੀ ਸੌਖਾ ਸੀ, ਉਸ ਦੇ ਨੁਕਸ ਦੂਰ ਕਰਨਾ ਨੁਕਸ ਦੱਸਣ ਵਰਗਾ ਸੌਖਾਲਾ ਕੰਮ ਨਹੀਂ ਸੀ।

ਭਾਰਤ ਅਤੇ ਇਸ ਵਿੱਚ ਸਾਡੇ ਪੰਜਾਬ ਦੇ ਰਾਜ ਪ੍ਰਬੰਧ ਵਿਚਲੇ ਨੁਕਸ ਦੱਸਣਾ ਵੀ ਸੌਖਾ ਹੋ ਸਕਦਾ ਹੈ ਅਤੇ ਸਾਡੇ ਵਿੱਚੋਂ ਹਰ ਕੋਈ ਪੰਜ ਨੁਕਸ ਪੁੱਛੇ ਜਾਣ ਉੱਤੇ ਪੈਂਤੀ ਗਿਣਾ ਸਕਦਾ ਹੋਵੇਗਾ, ਇਨ੍ਹਾਂ ਨੁਕਸਾਂ ਨੂੰ ਠੀਕ ਕਰਨਾ ਔਖਾ ਹੈ ਤੇ ਠੀਕ ਕਰਨ ਦੇ ਨਾਂਅ ਉੱਤੇ ਕੁਝ ਕਰ ਕੇ ਵਿਖਾਉਣਾ ਹੋਰ ਔਖਾ ਹੈ। ਸਿਰਫ ਔਖਾ ਕਹਿਣ ਦੀ ਥਾਂ ਬਹੁਤ ਸਾਰੇ ਸੱਜਣਾਂ ਨੂੰ ਇਹ ਕਹਿਣ ਵਿੱਚ ਝਿਜਕ ਨਹੀਂ ਹੋਵੇਗੀ ਕਿ ਇਹ ਕੰਮ ਤਾਂ ਹੋਣ ਵਾਲਾ ਹੀ ਨਹੀਂ। ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿੱਚ ਜਿਹੜੇ ਲੋਕ ਸ਼ਾਮਲ ਹੋਏ ਸਨ, ਉਹ ਕਿਹਾ ਕਰਦੇ ਸਨ ਕਿ ਲੀਡਰ ਦੀ ਨੀਤ ਠੀਕ ਚਾਹੀਦੀ ਹੈ, ਸਮਾਜ ਨੂੰ ਠੀਕ ਕਰਨਾ ਔਖਾ ਨਹੀਂ। ਉਹ ਇਹ ਸੋਚਦੇ ਸਨ ਕਿ ਆਗੂ ਦਾ ਠੀਕ ਹੋਣਾ ਹੀ ਸਾਰਾ ਕੁਝ ਠੀਕ ਕਰ ਦੇਵੇਗਾ, ਪਰ ਅਸੀਂ ਉਸ ਵੇਲੇ ਵੀ ਕਹਿੰਦੇ ਸਾਂ ਕਿ ਜਿਹੜੇ ਸਮਾਜ ਵਿੱਚ ਭ੍ਰਿਸ਼ਟਾਚਾਰ ਘਰ-ਘਰ ਅਤੇ ਨਸ-ਨਸ ਵਿੱਚ ਵੜਿਆ ਪਿਆ ਹੋਵੇ, ਉਸ ਦੇਸ਼ ਵਿੱਚ ਇਹ ਏਨਾ ਸੌਖਾ ਕੰਮ ਨਹੀਂ ਮੰਨਿਆ ਜਾ ਸਕਦਾ। ਇਹ ਗੱਲ ਅਸੀਂ ਅੱਜ ਵੀ ਕਹਿ ਸਕਦੇ ਹਾਂ।

ਸਾਡੇ ਵਿੱਚੋਂ ਬਹੁਤ ਸਾਰਿਆਂ ਦੀ ਇਹ ਆਮ ਧਾਰਨਾ ਹੈ ਕਿ ਆਗੂ ਤੇ ਅਫਸਰ ਗਲਤ ਹੋ ਸਕਦੇ ਹਨ, ਸਮਾਜ ਦੀ ਨੀਂਹ ਮੰਨੇ ਜਾਂਦੇ ਆਮ ਲੋਕ ਗਲਤ ਨਹੀਂ ਹੁੰਦੇ। ਪਿਛਲੇ ਸਮੇਂ ਵਿੱਚ ਸਾਡੇ ਅੱਖਾਂ ਅੱਗੇ ਇਹ ਕੁਝ ਵੀ ਹੋਇਆ ਕਿ ਭ੍ਰਿਸ਼ਟ ਲੀਡਰਾਂ ਨੇ ਆਮ ਲੋਕਾਂ ਨੂੰ ਗਲਤ ਲੀਹੇ ਪਾ ਕੇ ਪੰਜੀ-ਦੁੱਕੀ ਦੇ ਭ੍ਰਿਸ਼ਟਾਚਾਰ ਵਿੱਚ ਏਦਾਂ ਫਸਾ ਦਿੱਤਾ ਕਿ ਗਲਤ ਕੰਮਾਂ ਦੇ ਖਿਲਾਫ ਬੋਲਣ ਅਤੇ ਕੁਝ ਕਰਨ ਵਾਲਾ ਹਰ ਵਿਅਕਤੀ ਜਾਂ ਤਾਂ ਚੋਣਵੀਆਂ ਮੱਛੀਆਂ ਫੜੇ, ਜਾਂ ਫਿਰ ਸਮਾਜ ਦੇ ਆਮ ਲੋਕਾਂ ਨਾਲ ਆਢਾ ਲਾਉਣ ਲੱਗਾ ਰਹੇਗਾ। ਇਹ ਗੱਲ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਵਜੋਂ ਪਹਿਲੀ ਵਾਰ ਪੰਜਾਬ ਦੀ ਵਾਗ ਫੜਨ ਵੇਲੇ ਵੀ ਕਹੀ ਸੀ। ਕਾਰਨ ਇਹ ਸੀ ਕਿ ਉਸ ਨੇ ਆਉਂਦੇ ਸਾਰ ਪਿਛਲੀ ਬਾਦਲ ਸਰਕਾਰ ਦੇ ਵੇਲੇ ਸਮਾਜ-ਭਲਾਈ ਸਕੀਮ ਵਾਲੀਆਂ ਬੁਢਾਪਾ, ਵਿਧਵਾ ਅਤੇ ਹੋਰ ਪੈਨਸ਼ਨਾਂ ਅਤੇ ਸ਼ਗਮ ਸਕੀਮ ਦੇ ਫੰਡਾਂ ਦੀ ਵਰਤੋਂ ਦੀ ਜਾਂਚ ਸ਼ੁਰੂ ਕਰਵਾ ਦਿੱਤੀ ਸੀ। ਪਹਿਲੇ ਝਟਕੇ ਵਿੱਚ ਹੀ ਇਹ ਗੱਲ ਬਾਹਰ ਆ ਗਈ ਕਿ ਪੰਜਾਬ ਵਿੱਚ ਵੀਹ ਹਜ਼ਾਰ ਤੋਂ ਵੱਧ ਲੋਕਾਂ ਨੂੰ ਇਹ ਪੈਨਸ਼ਨਾਂ ਗਲਤ ਮਿਲੀ ਜਾ ਰਹੀਆਂ ਸਨ। ਜਵਾਨ ਮੁੰਡਿਆਂ ਨੇ ਬੁਢਾਪਾ ਪੈਨਸ਼ਨ ਲਈ ਵੱਡੀ ਉਮਰ ਦੇ ਸਰਟੀਫਿਕੇਟ ਡਾਕਟਰਾਂ ਤੋਂ ਬਣਵਾਏ ਸਨ ਤਾਂ ਜਾਂਚ ਵਿੱਚ ਉਹ ਸਾਰੇ ਡਾਕਟਰ ਤੇ ਪਿੰਡ ਦੇ ਲੰਬੜਦਾਰ ਸਮੇਤ ਕਈ ਲੋਕ ਫਸਣੇ ਸਨ। ਕੁਆਰੀਆਂ ਕੁੜੀਆਂ ਦੀ ਵਿਧਵਾ ਪੈਨਸ਼ਨ ਦੇ ਕੇਸਾਂ ਵਿੱਚ ਵੀ ਇਹੋ ਕੁਝ ਹੋਇਆ ਸੀ ਅਤੇ ਸ਼ਗਨ ਸਕੀਮ ਦੇ ਚੈੱਕਾਂ ਵਿੱਚ ਹੋਰ ਵੀ ਕਮਾਲ ਹੋ ਗਈ ਸੀ। ਫਰੀਦਕੋਟ ਵਿੱਚ ਇੱਕ ਅਕਾਲੀ ਕੌਂਸਲਰ ਨੇ ਆਪਣੀ ਮਾਂ ਨੂੰ ਉਨ੍ਹਾਂ ਦੋ ਧੀਆਂ ਦੇ ਵਿਆਹ ਦੇ ਚੈੱਕ ਦਿਵਾ ਲਏ ਸਨ, ਜਿਹੜੀਆਂ ਕਦੀ ਜੰਮੀਆਂ ਹੀ ਨਹੀਂ ਸਨ ਤੇ ਜਦੋਂ ਇਸ ਦੀ ਜਾਂਚ ਹੋਈ ਤਾਂ ਉਨ੍ਹਾਂ ਦੇ ਅਣਹੋਏ ਵਿਆਹਾਂ ਦੀ ਤਸਦੀਕ ਉਸ ਨੇ ਦੂਸਰੇ ਕੌਂਸਲਰ ਤੋਂ ਕਰਵਾਈ ਨਿਕਲੀ ਸੀ। ਏਦਾਂ ਹਰ ਕੇਸ ਵਿੱਚ ਇੱਕ ਲਾਭ-ਪਾਤਰੀ ਦੇ ਨਾਲ ਤਸਦੀਕ ਕਰਨ ਵਾਲੇ ਦਸ-ਬਾਰਾਂ ਜਣੇ ਫਸ ਸਕਦੇ ਸਨ ਅਤੇ ਇੱਕ ਜਣਾ ਛੱਡ ਦਿੱਤਾ ਤਾਂ ਬਾਕੀ ਇਸ ਦੀ ਦੁਹਾਈ ਪਾਉਂਦੇ ਸਨ। ਪੰਜਾਬ ਭਰ ਵਿੱਚੋਂ ਅੱਧੇ ਲੱਖ ਦੇ ਕਰੀਬ ਨਾਜਾਇਜ਼ ਲਾਭ ਹਾਸਲ ਕਰਨ ਵਾਲੇ ਅਤੇ ਉਨ੍ਹਾਂ ਨਾਲ ਤਸਦੀਕ ਕਰਨ ਵਾਲੇ ਲੋਕ ਫੜੇ ਜਾਂਦੇ ਤਾਂ ਲੱਖ ਤੋਂ ਵੱਧ ਲੋਕਾਂ ਨੂੰ ਜੇਲ੍ਹਾਂ ਵਿੱਚ ਰੱਖਣਾ ਤੇ ਫਿਰ ਉਨ੍ਹਾਂ ਦੇ ਕੇਸ ਦਾ ਅੰਤਲਾ ਫੈਸਲਾ ਹੋਣ ਤੱਕ ਮੁਫਤ ਦੀਆਂ ਰੋਟੀਆਂ ਦੇਣਾ ਕਿਸੇ ਸਰਕਾਰ ਦੇ ਵੱਸ ਦਾ ਨਹੀਂ ਸੀ। ਇਸ ਦੇ ਨਾਲ ਪਿੰਡ-ਪਿੰਡ ਨਵੀਂ ਸਰਕਾਰ ਦੇ ਖਿਲਾਫ ਇੱਕ ਮੁਹਿੰਮਬਾਜ਼ਾਂ ਦੀ ਨਵੀਂ ਧਿਰ ਵੀ ਖੜੀ ਹੋ ਜਾਣੀ ਸੀ, ਜਿਸ ਤੋਂ ਬਚਣ ਲਈ ਕਾਂਗਰਸੀਆਂ ਨੇ ਫਾਰਮੂਲਾ ਲੱਭ ਲਿਆ ਕਿ ਕਿਸੇ ਨੂੰ ਫੜਨ ਦੀ ਲੋੜ ਨਹੀਂ, ਜਿਹੜਾ ਕਮਾਈ ਦਾ ਰਾਹ ਅਕਾਲੀਆਂ ਨੇ ਵਰਤਿਆ ਹੋਇਆ ਸੀ, ਉਹੀ ਰਾਹ ਕਾਂਗਰਸ ਦੇ ਉੱਪਰੋਂ ਲੈ ਕੇ ਹੇਠਾਂ ਪਿੰਡ ਪੱਧਰ ਤੱਕ ਦੇ ਆਗੂ ਵੀ ਵਰਤਣ ਲੱਗ ਪਏ।

ਅਗਲੇ ਵੀਹ ਸਾਲ ਇਨ੍ਹਾਂ ਦੋਵਾਂ ਰਾਜਸੀ ਪਾਰਟੀਆਂ ਦੇ ਆਗੂਆਂ ਨੇ ਹਰ ਪਾਸੇ ਆਮ ਲੋਕਾਂ ਨੂੰ ਪੰਜੀ-ਦੁੱਕੀ ਵਾਲਾ ਦਾਅ ਲਾਉਣ ਦਾ ਇਹੋ ਜਿਹਾ ਚਸਕਾ ਲਾਇਆ ਕਿ 'ਚੋਰੀ ਲੱਖ ਦੀ ਵੀ ਤੇ ਕੱਖ ਦੀ ਵੀ' ਦੇ ਅਖਾਣ ਵਾਂਗ ਅਕਾਲੀ ਅਤੇ ਕਾਂਗਰਸੀ ਵਰਕਰ ਆਮ ਲੋਕਾਂ ਨੂੰ ਉਨ੍ਹਾਂ ਦੀ ਕਮੀ ਦਿਖਾ ਕੇ ਮਗਰ ਲਾ ਤੁਰਦੇ ਹਨ। ਨਹਿਰ ਦੇ ਪਾਣੀ ਦੀ ਚੋਰੀ ਦਾ ਕਿਸੇ ਸਾਧਾਰਨ ਕਿਸਾਨ ਦਾ ਕਦੇ-ਕਦਾਈਂ ਦਾ ਮਾਮਲਾ ਚਰਚਾ ਵਿੱਚ ਆ ਜਾਂਦਾ ਹੈ ਅਤੇ ਪਹਿਲਾਂ ਕਾਂਗਰਸੀ ਮੰਤਰੀ ਅਤੇ ਫਿਰ ਅਕਾਲੀ ਦਲ ਦੀ ਸਰਕਾਰ ਵੇਲੇ ਚੇਅਰਮੈਨ ਰਹਿ ਚੁੱਕੇ ਲੀਡਰ ਦਾ ਪਰਵਾਰ ਨਹਿਰ ਵਿੱਚ ਪੱਕੇ ਮੋਘੇ ਜੜ ਕੇ ਸਾਰਾ ਪਾਣੀ ਖਿੱਚੀ ਜਾਂਦਾ ਹੋਵੇ, ਟੇਲ ਉੱਤੇ ਕਦੇ ਪਾਣੀ ਨਾ ਪਹੁੰਚਣ ਦੇਵੇ, ਅਣਗੌਲਿਆ ਰਹਿ ਜਾਂਦਾ ਸੀ। ਨਵੀਂ ਸਰਕਾਰ ਆਪਣੇ ਤੌਰ ਉੱਤੇ ਮੁੱਢ ਵਿੱਚ ਕੁਝ ਕਦਮ ਚੁੱਕਣ ਲੱਗੀ ਹੈ, ਇਸ ਦੇ ਹੇਠਲੇ ਅਫਸਰਾਂ ਨੇ ਪਾਣੀ ਦੀ ਚੋਰੀ, ਘਰਾਂ ਦੇ ਬਿਜਲੀ ਮੀਟਰ ਆਦਿ ਦੇ ਮਾਮਲਿਆਂ ਵਿੱਚ ਆਮ ਲੋਕਾਂ ਉੱਤੇ ਕੌੜੀ ਅੱਖ ਦੀ ਝਲਕ ਦੇਣੀ ਸ਼ੁਰੂ ਕਰ ਦਿੱਤੀ, ਪਰ ਜਿਹੜੇ ਵੱਡੇ ਲੀਡਰਾਂ ਵੱਲ ਲੱਖਾਂ ਰੁਪਏ ਦੇ ਬਕਾਏ ਹਨ, ਕਰੋੜਾਂ ਦੀ ਚੋਰੀ ਕਰੀ ਜਾਂਦੇ ਹਨ, ਹੇਠਲੇ ਅਧਿਕਾਰੀ ਉਨ੍ਹਾਂ ਵੱਲ ਇਸ ਲਈ ਝਾਕਦੇ ਤੱਕ ਨਹੀਂ ਕਿ ਕੱਲ੍ਹ ਤੱਕ ਉਨ੍ਹਾਂ ਨਾਲ ਮਿਲ ਕੇ ਖਾਂਦੇ ਰਹੇ ਸਨ ਅਤੇ ਭਵਿੱਖਵਿੱਚ ਵੀ ਉਨ੍ਹਾਂ ਦੀ ਇਸ ਰਿਸ਼ਤੇਦਾਰੀ ਲਈ ਝਾਕ ਹਾਲੇ ਮੁੱਕੀ ਨਹੀਂ। ਉਹ ਸਰਕਾਰ ਦੀਆਂ ਹਦਾਇਤਾਂ ਨੂੰ ਟਿੱਚ ਜਾਣਦੇ ਅਤੇ ਰਾਤ-ਦਿਨ ਉਨ੍ਹਾਂ ਨਾਲ ਲਗਾਤਾਰ ਸਾਂਝ ਰੱਖੀ ਜਾ ਰਹੇ ਹਨ, ਜਿਨ੍ਹਾਂ ਨਾਲ ਸਾਲਾਂ-ਬੱਧੀ ਖਾਣ-ਪੀਣ ਅਤੇ ਕਮਾਉਣ ਦਾ ਗੱਠਜੋੜ ਬਣਿਆ ਹੋਇਆ ਹੈ।

ਪੰਜਾਬ ਦੀ ਨਵੀਂ ਸਰਕਾਰ ਦੇ ਮੁੱਖ ਮੰਤਰੀ ਨੇ ਆਪਣੇ ਇੱਕ ਮੰਤਰੀ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਦਾ ਇਕਬਾਲ ਕਰ ਲੈਣ ਦੇ ਬਾਅਦ ਮੰਤਰੀਪੁਣੇ ਤੋਂ ਕੱਢਿਆ ਅਤੇ ਪੁਲਸ ਦੇ ਹਵਾਲੇ ਕੀਤਾ ਹੈ, ਪਰ ਇਸ ਦੀ ਪਹਿਲੇ ਦਿਨ ਜਿਹੜੇ ਲੋਕਾਂ ਨੇ ਸ਼ਲਾਘਾ ਕਰਨ ਦੀ ਹਿੰਮਤ ਵਿਖਾਈ, ਉਸ ਤੋਂ ਅਗਲੇ ਦਿਨ ਇਸ ਉੱਤੇ ਕਿੰਤੂ ਕਰਨ ਲੱਗੇ ਸਨ। ਉਹ ਇਹ ਕਹਿਣ ਲੱਗੇ ਹਨ ਕਿ ਇਹ ਸੰਗਰੂਰ ਦੀ ਸੀਟ ਜਿੱਤਣ ਲਈ ਰਚਿਆ ਡਰਾਮਾ ਹੈ, ਪਰ ਏਦਾਂ ਦਾ ਡਰਾਮਾ ਆਪਣੀ ਸਰਕਾਰ ਹੁੰਦਿਆਂ ਤੋਂ ਕਾਂਗਰਸੀ ਜਾਂ ਅਕਾਲੀ ਕਿਉਂ ਨਹੀਂ ਕਰ ਸਕੇ, ਇਸ ਬਾਰੇ ਉਹ ਕਦੇ ਨਹੀਂ ਬੋਲਦੇ। ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਵੇਲੇ ਭ੍ਰਿਸ਼ਟਾਚਾਰ ਵਿਰੁੱਧ ਵੱਡਾ ਮਾਅਰਕਾ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਵਿੰਦਰਪਾਲ ਸਿੰਘ ਸਿੱਧੂ ਉਰਫ ਰਵੀ ਸਿੱਧੂ ਦੀ ਗ੍ਰਿਫਤਾਰੀ ਵਾਲਾ ਮਾਰਿਆ ਤੇ ਹਰ ਪਾਸੇ ਭੱਲ ਬਣਾ ਲਈ ਸੀ, ਪਰ ਇਸ ਦੀ ਭੱਲ ਦੋ ਮਹੀਨੇ ਵੀ ਕਾਇਮ ਨਾ ਰਹਿ ਸਕੀ। ਜਦੋਂ ਰਵੀ ਸਿੱਧੂ ਵਾਲੇ ਬੈਂਕ ਲਾਕਰ ਖੋਲ੍ਹੇ ਤਾਂ ਉਨ੍ਹਾਂ ਵਿੱਚੋਂ ਨਿਕਲੇ ਨੋਟਾਂ ਨਾਲ ਬੈਂਕ ਬ੍ਰਾਂਚ ਦੇ ਫਰਸ਼ ਦਰੀ ਵਾਂਗ ਢੱਕੇ ਗਏ ਸਨ, ਪਰ ਅਗਲੇ ਦਿਨ ਪਤਾ ਲੱਗਾ ਕਿ ਸਾਰੇ ਪੈਸੇ ਸਰਕਾਰੀ ਖਜ਼ਾਨੇ ਵਿੱਚ ਪੁੱਜਣ ਦੀ ਥਾਂ ਅੱਧ-ਪਚੱਧੇ ਇਸ ਕੇਸ ਵਿੱਚ ਪਾਏ ਗਏ ਅਤੇ ਬਾਕੀਆਂ ਲਈ ਬਾਂਦਰ-ਵੰਡ ਦੇ ਕਾਰਨ ਝਗੜਾ ਪੈ ਗਿਆ ਸੀ।

ਇਸ ਵਕਤ ਆਮ ਲੋਕਾਂ ਵਿੱਚ ਨਵੀਂ ਬਣੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਾਰੇ ਪਹਿਲਾ ਪ੍ਰਭਾਵ ਕੁਝ ਚੰਗਾ ਜਾਪਦਾ ਹੈ, ਪਰ ਇਹ ਪ੍ਰਭਾਵ ਕਦੇ ਵੀ ਸਥਾਈ ਨਹੀਂ ਹੁੰਦਾ। ਜੇ ਇਹ ਪ੍ਰਭਾਵ ਕਾਇਮ ਰੱਖਣਾ ਹੈ ਤਾਂ ਅਗਲੇ ਦਿਨਾਂ ਵਿੱਚ ਮੰਤਰੀ ਅਹੁਦੇ ਤੋਂ ਹਟਾਏ ਗਏ ਵਿਜੇ ਸਿੰਗਲਾ ਵਾਂਗ ਕੁਝ ਹੋਰ ਬੱਦੂ ਬੰਦੇ ਪਕੜਨੇ ਅਤੇ ਲੋਕਾਂ ਨੂੰ ਦੱਸਣਾ ਹੋਵੇਗਾ ਕਿ ਚੁਣ ਕੇ ਇੱਕੋ ਸ਼ਿਕਾਰ ਨਹੀਂ ਫੁੰਡਿਆ, ਭ੍ਰਿਸ਼ਟਾਚਾਰ ਨੂੰ ਹੂੰਝਣ ਦਾ ਆਗਾਜ਼ ਹੀ ਕੀਤਾ ਹੈ। ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਬਾਰੇ ਤੇ ਮੰਤਰੀਆਂ ਵਿੱਚੋਂ ਕੁਝ ਦੇ ਪਰਵਾਰਾਂ ਦੇ ਮੈਂਬਰਾਂ ਬਾਰੇ ਗੱਲਾਂ ਸੁਣਨ ਲੱਗ ਪਈਆਂ ਹਨ ਤਾਂ ਉਨ੍ਹਾਂ ਬਾਰੇ ਕੁਝ ਕਰ ਕੇ ਵਿਖਾਉਣਾ ਪਵੇਗਾ, ਨਹੀਂ ਤਾਂ ਇਹ ਪ੍ਰਭਾਵ ਕੱਚੇ ਰੰਗ ਵਾਂਗ ਲੱਥ ਜਾਵੇਗਾ। ਸੰਗਰੂਰ ਹਲਕੇ ਦੀ ਉੱਪ ਚੋਣ ਹੋਣ ਵਾਲੀ ਹੈ, ਪਰ ਇਹ ਪੰਜਾਬ ਦੀ ਸਰਕਾਰ ਦਾ ਇੱਕੋ-ਇੱਕ ਟੈੱਸਟ ਨਹੀਂ, ਟੈੱਸਟਾਂ ਦੀ ਲੜੀ ਦਾ ਮੁੱਢ ਮੰਨ ਕੇ ਚੱਲਣਾ ਪਵੇਗਾ, ਲੋਕ ਪੈਰ-ਪੈਰ ਉੱਤੇ ਸਰਕਾਰ ਦੇ ਵਿਹਾਰ ਨੂੰ ਪਰਖਣਗੇ। ਅਗਲੀਆਂ ਲੋਕ ਸਭਾਂ ਚੋਣਾ ਹੋਣ ਨੂੰ ਦੋ ਸਾਲ ਤੋਂ ਘੱਟ ਸਮਾਂ ਬਾਕੀ ਰਹਿ ਗਿਆ ਹੈ, ਅਸਲੀ ਟੈੱਸਟ ਉਸ ਵੇਲੇ ਹੋਵੇਗਾ। ਸਰਕਾਰ ਬਣਾਉਣ ਤੋਂ ਮਸਾਂ ਦੋ ਸਾਲ ਪਿੱਛੋਂ ਅਕਾਲੀ-ਭਾਜਪਾ ਸਰਕਾਰ ਵੀ ਪਾਰਲੀਮੈਂਟ ਚੋਣਾਂ ਵਿੱਚ ਹਾਰ ਗਈ ਸੀ ਤੇ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਚੱਲਦੀ ਕਾਂਗਰਸ ਪਾਰਟੀ ਨਾਲ ਵੀ ਦੋ ਸਾਲ ਦੀ ਸਰਕਾਰ ਚੱਲਣ ਪਿੱਛੋਂ ਇਹੋ ਵਾਪਰਿਆ ਸੀ। ਭਗਵੰਤ ਮਾਨ ਦੀ ਅਗਵਾਈ ਹੇਠ ਚੱਲਦੀ ਆਮ ਆਦਮੀ ਪਾਰਟੀ ਨੇ ਏਦਾਂ ਦਾ ਝਟਕਾ ਨਹੀਂ ਖਾਣਾ ਤਾਂ ਉਸ ਨੂੰ ਸੰਭਲ ਕੇ ਚੱਲਣਾ ਹੋਵੇਗਾ।

# ਕੇਂਦਰੀ ਸਿੱਖ ਅਜਾਇਬ ਘਰ ਅਤੇ ਬਲਬੀਰ ਸਿੰਘ ਦਾ ਚਿੱਤਰ

ਪ੍ਰਿੰਸੀਪਲ ਸਰਵਣ ਸਿੰਘ





ਓਲੰਪੀਅਨ ਬਲਬੀਰ ਸਿੰਘ ਦੇ ਅਕਾਲ ਚਲਾਣੇ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਪਾਸ ਕੀਤਾ ਸੀ ਕਿ ਸੰਸਾਰ ਦੇ ਸਰਬੋਤਮ ਹਾਕੀ ਖਿਡਾਰੀ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਇਆ ਜਾਵੇਗਾ, ਪਰ ਇਸ ਖਿਡਾਰੀ ਦਾ ਚਿੱਤਰ ਅਜੇ ਵੀ ਨਹੀਂ ਲਾਇਆ ਗਿਆ। ਉਹਦੀ ਤਸਵੀਰ ਕੈਨੇਡਾ ਦੇ ਸਭ ਤੋਂ ਵੱਡੇ ਗੁਰਦੁਆਰੇ ਵਿੱਚ ਜ਼ਰੂਰ ਲੱਗੀ ਹੋਈ ਹੈ। ਉਸ ਨੂੰ ਓਲੰਪਿਕ ਖੇਡਾਂ ਵਿੱਚੋਂ ਤਿੰਨ ਗੋਲਡ ਮੈਡਲ ਜਿੱਤਣ ਕਰ ਕੇ 'ਗੋਲਡਨ ਹੈਟ ਟ੍ਰਿਕ' ਵਾਲਾ ਬਲਬੀਰ ਵੀ ਕਿਹਾ ਜਾਂਦਾ ਸੀ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿੱਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ ਵਿੱਚ ਭਾਰਤੀ ਟੀਮ ਨੇ ਨੌਂ ਗੋਲਾਂ ਵਿੱਚੋਂ ਅੱਠ ਗੋਲ ਉਹਦੀ ਸਟਿਕ ਨਾਲ ਹੋਏ ਸਨ। ਨੀਦਰਲੈਂਡ ਵਿਰੁੱਧ ਫਾਈਨਲ ਮੈਚ ਵਿੱਚ ਉਸ ਨੇ ਪੰਜ ਗੋਲ ਕੀਤੇ ਸਨ, ਜੋ ਓਲੰਪਿਕ ਖੇਡਾਂ ਦਾ ਸੱਤਰ ਸਾਲ ਪੁਰਾਣਾ ਰਿਕਰ-ਡ ਹੈ। ਓਲੰਪਿਕ ਖੇਡਾਂ ਦੇ ਗੋਲਡਨ ਹੈਟ ਟ੍ਰਿਕ ਤੋਂ ਬਿਨਾਂ ਉਸ ਨੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਭਾਰਤ ਨੂੰ ਸੰਸਾਰ ਹਾਕੀ ਕੱਪ ਜਿਤਾਇਆ, ਜੋ ਅੱਜ ਤੱਕ ਭਾਰਤ ਇੱਕੋ ਵਾਰ ਜਿੱਤ ਸਕਿਆ ਹੈ। ਉਸ ਨੇ ਛੇ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ ਤੇ ਹਾਕੀ ਦੀ ਕੋਚਿੰਗ ਬਾਰੇ 'ਦਿ ਗੋਲਡਨ ਯਾਰਡ ਸਟਿੱਕ' ਪੁਸਤਕ ਲਿਖੀ। 1962 ਵਿੱਚ ਭਾਰਤ ਚੀਨ-ਜੰਗ ਵਲੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਰਿਲੀਫ ਫੰਡ ਲਈ ਦਾਨ ਕੀਤੇ ਅਤੇ ਫਿਰ ਆਪਣੀਆਂ ਸਾਰੀਆਂ ਖੇਡ ਨਿਸ਼ਾਨੀਆਂ ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਦੇ ਸਪੁਰਦ ਕਰ ਦਿੱਤੀਆਂ, ਜੋ ਸਾਈ ਨੇ ਪਤਾ ਨਹੀਂ ਕਿੱਥੇ 'ਗੁਆ' ਛੱਡੀਆਂ।

1957 ਵਿੱਚ ਭਾਰਤੀ ਖਿਡਾਰੀਆਂ ਵਿੱਚੋਂ ਸਭ ਤੋਂ ਪਹਿਲਾਂ ਬਲਬੀਰ ਸਿੰਘ ਨੂੰ ਪਦਮਸ੍ਰੀ ਦੀ ਉਪਾਧੀ ਦਿੱਤੀ ਗਈ ਸੀ। ਕੈਸੀ ਵਿਡੰਬਨਾ ਹੈ ਕਿ ਓਦੋਂ ਮਗਰੋਂ ਜੰਮੇ ਤੇ ਉਸ ਤੋਂ ਘੱਟ ਖੇਡ ਪ੍ਰਾਪਤੀਆਂ ਵਾਲੇ ਕੁਝ ਖਿਡਾਰੀਆਂ ਨੂੰ ਪਦਮ ਭੂਸ਼ਣ ਤੇ ਭਾਰਤ ਰਤਨ ਤੱਕ ਨਾਲ ਨਿਵਾਜਿਆ ਗਿਆ, ਪਰ ਬਲਬੀਰ ਸਿੰਘ ਨੂੰ ਪਦਮਸ੍ਰੀ ਤੱਕ ਸੀਮਿਤ ਰੱਖਿਆ ਗਿਆ। ਲੰਡਨ ਓਲੰਪਿਕ 2012 ਮੌਕੇ ਓਲੰਪਿਕ ਖੇਡਾਂ ਦੇ ਸਫਰ ਵਿੱਚੋਂ ਜਿਹੜੇ 16 'ਆਇਕੌਨਿਕ ਓਲੰਪੀਅਨ' ਚੁਣੇ ਗਏ, ਬਲਬੀਰ ਸਿੰਘ ਉਨ੍ਹਾਂ ਵਿੱਚੋਂ ਇੱਕ ਸੀ। ਭਾਰਤ, ਏਸ਼ੀਆ ਅਤੇ ਸੰਸਾਰ ਦਾ ਸਿਰਫ ਉਹੀ ਇੱਕੋ-ਇੱਕ ਹਾਕੀ ਖਿਡਾਰੀ ਸੀ, ਜਿਸ ਨੂੰ ਇਹ ਮਾਣ ਮਿਲਿਆ। ਬਲਬੀਰ ਸਿੰਘ ਦਾ ਜਨਮ ਉਸ ਦੇ ਨਾਨਕੇ ਪਿੰਡ ਹਰੀਪੁਰਾ ਖਾਲਸਾ ਵਿੱਚ ਹੋਇਆ ਸੀ। ਉਸ ਦਾ ਦਾਦਕਾ ਪਿੰਡ ਪਵਾਦੜਾ ਸੀ। ਦੋਵੇਂ ਪਿੰਡ ਤਹਿਸੀਲ ਫਿਲੌਰ ਵਿੱਚ ਹਨ। ਉਸ ਦੇ ਤਿੰਨੇ ਪੁੱਤਰ ਅੱਜਕੱਲ੍ਹ ਕੈਨੇਡੀਅਨ ਬਣ ਚੁੱਕੇ ਹਨ। ਉਹਦੇ ਜਵਾਈ ਵਿੰਗ ਕਮਾਂਡਰ ਮਲਵਿੰਦਰ ਸਿੰਘ ਭੋਮੀਆ ਦੀ 2012 ਵਿੱਚ ਮੌਤ ਹੋ ਗਈ ਸੀ। ਧੀ ਸੁਸ਼ਬੀਰ ਕੌਰ ਅਤੇ ਦੋਹਤਾ ਕਬੀਰ ਸਿੰਘ ਭੋਮੀਆ ਚੰਡੀਗੜ੍ਹ ਰਹਿੰਦੇ ਹਨ। ਜੀਵਨ ਦੇ ਆਖਰੀ ਸਾਹਾਂ ਤੱਕ ਬਲਬੀਰ ਸਿੰਘ ਕਹਿੰਦਾ ਰਿਹਾ ਸੀ, ''ਹਾਕੀ ਮੇਰਾ ਇਸ਼ਕ ਹੈ। ਮੇਰੇ ਉੱਤੇ ਵਾਹਿਗੁਰੂ ਦੀ ਕਿਰਪਾ ਹੈ, ਜਿਸ ਨੇ ਮੈਨੂੰ ਮਿਹਨਤ ਕਰਨੀ ਤੇ ਵੱਡਿਆਂ ਦੀ ਇੱਜ਼ਤ ਕਰਨੀ ਸਿਖਾਈ। ਮੈਨੂੰ ਅਨੁਸ਼ਾਸਨ ਸਿਖਾਇਆ, ਹਾਰ ਸਹਿਣੀ ਅਤੇ ਜਿੱਤਣੀ ਪਚਾਉਣੀ ਸਿਖਾਈ। ਮੈਂ ਜੋ ਕੁਝ ਹਾਂ, ਆਪਣੇ ਮਾਪਿਆਂ, ਅਧਿਆਪਕਾਂ, ਕੋਚ ਸਾਹਿਬਾਨ, ਟੀਮ ਸਾਥੀਆਂ, ਦੋਸਤਾਂ-ਮਿੱਤਰਾਂ ਤੇ ਪਰਵਾਰ ਦੇ ਸਹਿਯੋਗ ਸਦਕਾ ਹਾਂ। ਮੇਰੀਆਂ ਵੱਡੀਆਂ ਜਿੱਤਾਂ ਸੁਸ਼ੀਲ ਕੌਰ ਨਾਲ ਵਿਆਹ ਕਰਾਉਣ ਤੋਂ ਬਾਅਦ ਦੀਆਂ ਹਨ। ਮੈਂ ਅਕਸਰ ਆਖਦਾਂ, ਮੇਰੀ ਇੱਕ ਪਤਨੀ ਸੁਸ਼ੀਲ ਸੀ ਤੇ ਦੂਜੀ ਹਾਕੀ, ਪਰ ਸੁਸ਼ੀਲ ਨੇ ਹਾਕੀ ਨੂੰ ਸੌਂਕਣ ਸਮਝਣ ਦੀ ਥਾਂ ਭੈਣ ਸਮਝਿਆ।''

ਬਲਬੀਰ ਸਿੰਘ ਨੇ ਪਹਿਲਾ ਸਾਹ 31 ਦਸੰਬਰ 1923 ਨੂੰ ਲਿਆ ਸੀ ਅਤੇ ਆਖਰੀ ਸਾਹ 25 ਮਈ 2020 ਨੂੰ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਲਿਆ। 25 ਮਈ ਦੀ ਸ਼ਾਮ ਉਹਦੀ ਦੇਹ ਦਾ ਰਾਜਕੀ ਸਨਮਾਨ ਸਹਿਤ ਚੰਡੀਗੜ੍ਹ ਵਿੱਚ ਸਸਕਾਰ ਕਰ ਦਿੱਤਾ ਗਿਆ। ਉਹਦੀ ਇੱਛਾ ਅਨੁਸਾਰ ਉਹਦੀ ਹਾਕੀ ਵੀ ਚਿਤਾ ਵਿੱਚ ਨਾਲ ਸਸਕਾਰੀ ਗਈ। ਉਸ ਮੌਕੇ ਪੰਜਾਬ ਦੇ ਖੇਡ ਮੰਤਰੀ ਨੇ ਐਲਾਨ ਕੀਤਾ ਸੀ ਕਿ ਮੋਹਾਲੀ ਦੇ ਹਾਕੀ ਸਟੇਡੀਅਮ ਦਾ ਨਾਂਅ ਬਲਬੀਰ ਸਿੰਘ ਹਾਕੀ ਸਟੇਡੀਅਮ ਰੱਖਿਆ ਜਾਵੇਗਾ। ਇਹ ਵੀ ਕਿਹਾ ਸੀ, ਪੰਜਾਬ ਸਰਕਾਰ ਭਾਰਤ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰੇਗੀ ਕਿ ਉਹ ਆਇਕੌਨਿਕ ਓਲੰਪੀਅਨ ਬਲਬੀਰ ਸਿੰਘ ਨੂੰ ਭਾਰਤ ਰਤਨ ਪੁਰਸਕਾਰ ਨਾਲ ਨਿਵਾਜੇ। ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਸੀ ਕਿ ਗੁਰਸਿੱਖ ਖਿਡਾਰੀ ਬਲਬੀਰ ਸਿੰਘ ਦਾ ਚਿੱਤਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਇਆ ਜਾਵੇਗਾ। ਇੱਕੋ ਐਲਾਨ ਸਿਰੇ ਚੜ੍ਹਿਆ ਹੈ ਕਿ ਬਲਬੀਰ ਸਿੰਘ ਦੀ ਪਹਿਲੀ ਬਰਸੀ ਮੌਕੇ ਮੋਹਾਲੀ ਵਿੱਚ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਦਾ ਉਦਘਾਟਨ ਕਰ ਦਿੱਤਾ ਗਿਆ, ਪਰ ਉਸ ਦਾ ਚਿੱਤਰ ਅਜੇ ਅਜਾਇਬ ਘਰ ਵਿੱਚ ਸਸ਼ੋਭਿਤ ਨਹੀਂ ਹੋਇਆ ਤੇ ਨਾ ਭਾਰਤ ਰਤਨ ਦੀ ਗੱਲ ਅੱਗੇ ਤੁਰੀ ਹੈ।'ਗੋਲਡਨ ਹੈਟ ਟ੍ਰਿਕ' ਬਲਬੀਰ ਸਿੰਘ ਦੀ ਅੰਗਰੇਜ਼ੀ ਵਿੱਚ ਲਿਖੀ ਆਟੋਗਰਾਫੀ ਹੈ, ਜੋ 1977 ਵਿੱਚ ਛਪੀ। 'ਗੋਲਡਨ ਗੋਲ' ਮੇਰੇ ਵੱਲੋਂ ਪੰਜਾਬੀ ਵਿੱਚ ਲਿਖੀ ਉਹਦੀ ਜੀਵਨੀ ਹੈ, ਜੋ 2015 ਵਿੱਚ ਪ੍ਰਕਾਸ਼ਿਤ ਹੋਈ। ਉਹਦੀਆਂ ਅੰਤਲੀਆਂ ਸਤਰਾਂ ਹਨ: ਕੀ ਸਰਕਾਰ ਬਲਬੀਰ ਸਿੰਘ ਦੇ 'ਗੋਲਡਨ ਗੋਲ' ਦੀ ਉਡੀਕ ਵਿੱਚ ਹੈ? ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਨੂੰ ਜਿਊਂਦੇ ਜੀਅ ਭਾਰਤ ਰਤਨ ਦੇ ਦਿੱਤਾ ਗਿਆ। ਦੇਖਦੇ ਹਾਂ ਬਲਬੀਰ ਸਿੰਘ ਨੂੰ ਭਾਰਤ ਰਤਨ ਜਿਊਂਦੇ ਜੀਅ ਮਿਲਦਾ ਹੈ ਜਾਂ ਜੀਵਨ ਉਪਰੰਤ?

# ਗਰੀਬੀ, ਭੁੱਖਮਰੀ ਅਤੇ ਰਾਜਨੀਤਿਕ ਅਸਥਿਰਤਾ ਨੂੰ ਵਧਾ ਰਹੀਆਂ ਭੋਜਨ ਦੀਆਂ ਉੱਚੀਆਂ ਕੀਮਤਾਂ



ਸੰਸਾਰ ਭਰ ਵਿੱਚ ਖੁਰਾਕੀ ਵਸਤਾਂ ਦੀਆਂ ਕੀਮਤਾਂ ਰਿਕਾਰਡ ਪੱਧਰ ਤੱਕ ਵਧ ਗਈਆਂ ਹਨ, ਜਿਸ ਨਾਲ ਗਰੀਬੀ, ਭੁੱਖਮਰੀ ਅਤੇ ਸਿਆਸੀ ਅਸਥਿਰਤਾ ਵਧ ਰਹੀ ਹੈ। ਹਾਲਾਂਕਿ ਸੰਕਟ ਦਾ ਕੋਈ ਜਲਦੀ ਹੱਲ ਨਹੀਂ ਹੈ, ਪਰ ਬਿਹਤਰ ਦੇਸ਼ਾਂ ਨੂੰ ਘੱਟੋ ਘੱਟ ਇਸ ਨੂੰ ਹੋਰ ਵਿਗੜਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਵਰਲਡ ਫੂਡ ਪ੍ਰੋਗਰਾਮ ਦੇ ਅਨੁਸਾਰ, ਦੁਨੀਆ ਭਰ ਵਿੱਚ ਲਗਭਗ 193 ਮਿਲੀਅਨ ਲੋਕ ਗੰਭੀਰ ਭੋਜਨ ਅਸੁਰੱਖਿਆ ਦਾ ਸ਼ਿਕਾਰ ਹਨ, ਅੰਸ਼ਕ ਤੌਰ 'ਤੇ ਗਲੋਬਲ ਫੂਡ ਬਜ਼ਾਰਾਂ 'ਤੇ ਦਬਾਅ ਦੇ ਕਾਰਨ ਜੋ ਪਿਛਲੇ ਕੁਝ ਸਮੇਂ ਤੋਂ ਬਣ ਰਹੇ ਹਨ। 2021 ਵਿੱਚ ਊਰਜਾ ਦੀਆਂ ਵਧਦੀਆਂ ਕੀਮਤਾਂ ਨੇ ਕਿਸਾਨਾਂ ਨੂੰ ਲੋੜੀਂਦੇ ਖਾਦਾਂ ਅਤੇ ਈਂਧਨ ਦੀ ਲਾਗਤ ਨੂੰ ਵਧਾ ਦਿੱਤਾ। ਬ੍ਰਾਜ਼ੀਲ, ਸੰਯੁਕਤ ਰਾਜ ਅਤੇ ਕੈਨੇਡਾ ਵਰਗੇ ਵੱਡੇ ਭੋਜਨ ਉਤਪਾਦਕ ਦੇਸ਼ਾਂ ਵਿੱਚ ਖੁਸ਼ਕ ਮੌਸਮ ਨੇ ਫਸਲਾਂ ਨੂੰ ਬਰਬਾਦ ਕਰ ਦਿੱਤਾ। ਮਹਾਂਮਾਰੀ ਦੇ ਕਾਰਨ ਸ਼ਿਪਿੰਗ ਦੇਰੀ ਨੇ ਵਪਾਰ ਵਿੱਚ ਵਿਘਨ ਪਾਇਆ ਹੈ। ਯੂਕਰੇਨ 'ਤੇ ਰੂਸ ਦੇ ਹਮਲੇ ਨੇ ਸੰਕਟ ਨੂੰ ਹੋਰ ਵਧਾ ਦਿੱਤਾ ਹੈ। ਯੁੱਧ ਤੋਂ ਪਹਿਲਾਂ, ਦੋਵੇਂ ਦੇਸ਼ ਵਿਸ਼ਵ ਪੱਧਰ 'ਤੇ ਵਪਾਰਕ ਕਣਕ ਦਾ ਲਗਭਗ 30% ਹਿੱਸਾ ਲੈਂਦੇ ਸਨ। ਯੂਕਰੇਨ ਨੇ ਸੂਰਜਮੁਖੀ ਦੇ ਤੇਲ ਦਾ ਲਗਭਗ ਅੱਧਾ ਵਿਸ਼ਵ ਨਿਰਯਾਤ ਅਤੇ ਰੂਸ ਨੇ ਆਪਣੇ ਖਾਦ ਨਿਰਯਾਤ ਦਾ ਅੱਠਵਾਂ ਹਿੱਸਾ ਪ੍ਰਦਾਨ ਕੀਤਾ। ਰੂਸ 'ਤੇ ਪਾਬੰਦੀਆਂ ਨੇ ਊਰਜਾ ਦੀਆਂ ਕੀਮਤਾਂ ਨੂੰ ਹੋਰ ਵਧਾ ਦਿੱਤਾ ਹੈ, ਜਿਸ ਨਾਲ ਖਾਦਾਂ ਹੋਰ ਵੀ ਮਹਿੰਗੀਆਂ ਹੋ ਗਈਆਂ ਹਨ। ਇੱਕ ਲੰਮੀ ਜੰਗ ਦੇ ਵਿਸ਼ਵਵਿਆਪੀ ਨਤੀਜੇ ਗੰਭੀਰ ਹੋ ਸਕਦੇ ਹਨ। ਉੱਚ ਇਨਪੁਟ ਲਾਗਤ ਬਹੁਤ ਸਾਰੇ ਛੋਟੇ ਕਿਸਾਨਾਂ ਨੂੰ ਹੋਰ ਬੀਜਣ ਤੋਂ ਰੋਕ ਸਕਦੀ ਹੈ, ਮੰਗ ਨੂੰ ਪੂਰਾ ਕਰਨ ਤੋਂ ਸਪਲਾਈ ਨੂੰ ਰੋਕ ਸਕਦੀ ਹੈ ਅਤੇ ਅਸਥਿਰਤਾ ਵਧ ਸਕਦੀ ਹੈ। ਡਾਲਰ ਦੀ ਮਜ਼ਬੂਤੀ ਦੇ ਨਾਲ, ਬਹੁਤ ਸਾਰੇ ਦੇਸ਼ ਭੋਜਨ ਅਤੇ ਬਾਲਣ ਦੇ ਮੁੱਖ ਆਯਾਤ ਲਈ ਭੁਗਤਾਨ ਕਰਨ ਲਈ ਸੰਘਰਸ਼ ਕਰਨਗੇ. ਕੀਮਤਾਂ ਵਿੱਚ ਵਾਧਾ ਅਤੇ ਕਮੀ ਬੇਚੈਨੀ ਨੂੰ ਭੜਕਾ ਸਕਦੀ ਹੈ, ਜਿਵੇਂ ਕਿ ਉਹਨਾਂ ਨੇ 2011 ਵਿੱਚ ਅਰਬ ਬਸੰਤ ਦੇ ਦੌਰਾਨ ਕੀਤਾ ਸੀ, ਜਦੋਂ ਕਿ ਲੱਖਾਂ ਲੋਕਾਂ ਨੂੰ ਅਤਿ ਗਰੀਬੀ ਵਿੱਚ ਧੱਕ ਦਿੱਤਾ ਸੀ। ਸਰਕਾਰਾਂ ਇਸ ਸਮੱਸਿਆ ਨੂੰ ਸੁਰੱਖਿਆਵਾਦ ਨਾਲ ਜੋੜ ਰਹੀਆਂ ਹਨ। ਯੂਕਰੇਨ ਦੇ ਹਮਲੇ ਤੋਂ ਬਾਅਦ, ਘੱਟੋ-ਘੱਟ 20 ਦੇਸ਼ਾਂ ਨੇ ਭੋਜਨ ਨਿਰਯਾਤ 'ਤੇ ਪਾਬੰਦੀਆਂ ਲਗਾਈਆਂ ਹਨ, ਜਿਸ ਵਿੱਚ ਵਿਸ਼ਵ ਪੱਧਰ 'ਤੇ ਵਪਾਰ ਕੀਤੇ ਜਾਣ ਵਾਲੇ ਲਗਭਗ 17% ਕੈਲੋਰੀਆਂ ਸ਼ਾਮਲ ਹਨ, ਜਿਸ ਵਿੱਚ ਇੰਡੋਨੇਸ਼ੀਆ ਦੇ ਮਹੱਤਵਪੂਰਨ ਪਾਮ-ਤੇਲ ਦੀ ਬਰਾਮਦ ਨੂੰ ਰੋਕਣ ਦਾ ਫੈਸਲਾ ਵੀ ਸ਼ਾਮਲ ਹੈ। ਅਜਿਹੀਆਂ ਪਾਬੰਦੀਆਂ ਇੱਕ ਕੈਸਕੇਡਿੰਗ ਪ੍ਰਭਾਵ ਨੂੰ ਬੰਦ ਕਰਨ ਦਾ ਖਤਰਾ ਬਣਾਉਂਦੀਆਂ ਹਨ, ਹਰ ਕਿਸੇ ਲਈ ਕੀਮਤਾਂ ਨੂੰ ਵਧਾਉਂਦੀਆਂ ਹਨ: ਉਹਨਾਂ ਨੇ 2008-11 ਦੇ ਭੋਜਨ ਸੰਕਟ ਦੌਰਾਨ ਗਲੋਬਲ ਭੋਜਨ ਦੀਆਂ ਕੀਮਤਾਂ ਵਿੱਚ 13% ਵਾਧੇ ਦਾ ਅਨੁਮਾਨ ਲਗਾਇਆ ਹੈ। ਵਿਸ਼ਵ ਦੀ ਭੋਜਨ ਸਪਲਾਈ 'ਤੇ ਦਬਾਅ ਨੂੰ ਤਾਲਮੇਲ ਵਾਲੇ ਜਵਾਬ ਦੀ ਲੋੜ ਹੈ। ਕੋਈ ਨਵੀਂ ਵਪਾਰਕ ਪਾਬੰਦੀਆਂ ਨਹੀਂ ਜੋੜੀਆਂ ਜਾਣੀਆਂ ਚਾਹੀਦੀਆਂ ਹਨ ਜਦੋਂ ਕਿ ਪਹਿਲਾਂ ਹੀ ਲਗਾਈਆਂ ਗਈਆਂ ਪਾਬੰਦੀਆਂ ਨੂੰ ਜਿੰਨੀ ਜਲਦੀ ਹੋ ਸਕੇ ਹਟਾਇਆ ਜਾਣਾ ਚਾਹੀਦਾ ਹੈ। ਵਿਸ਼ਵ ਵਪਾਰ ਸੰਗਠਨ ਦੀ ਜੂਨ ਦੀ ਮੰਤਰੀ ਪੱਧਰੀ ਮੀਟਿੰਗ ਵਿੱਚ, ਦੇਸ਼ਾਂ ਨੂੰ ਇੱਕ ਹੋਰ ਬਾਈਡਿੰਗ ਸਮਝੌਤੇ ਦੀ ਮੰਗ ਕਰਨੀ ਚਾਹੀਦੀ ਹੈ, ਘੱਟੋ ਘੱਟ ਮਨੁੱਖਤਾਵਾਦੀ ਉਦੇਸ਼ਾਂ ਲਈ ਲੋੜੀਂਦੇ ਭੋਜਨ ਦੀ ਸਪਲਾਈ ਨੂੰ ਰੋਕਣ ਲਈ ਨਹੀਂ। ਉਹਨਾਂ ਨੂੰ ਸਟਾਕਾਂ ਅਤੇ ਸ਼ਿਪਿੰਗ ਲੌਜਿਸਟਿਕਸ ਬਾਰੇ ਉਹਨਾਂ ਕੋਲ ਕੋਈ ਵੀ ਜਾਣਕਾਰੀ ਸਾਂਝੀ ਕਰਨੀ ਚਾਹੀਦੀ ਹੈ, ਤਾਂ ਜੋ ਬਾਜ਼ਾਰ ਬੇਲੋੜੇ ਘਬਰਾ ਨਾ ਜਾਣ। ਇਸ ਤੋਂ ਇਲਾਵਾ, ਦੇਸ਼ਾਂ ਨੂੰ ਅਜਿਹੀਆਂ ਨੀਤੀਆਂ ਨੂੰ ਵਾਪਸ ਲੈਣਾ ਚਾਹੀਦਾ ਹੈ ਜੋ ਲੋੜ ਦੇ ਸਮੇਂ ਬਾਜ਼ਾਰ ਤੋਂ ਭੋਜਨ ਲੈ ਜਾਂਦੀਆਂ ਹਨ। ਅੰਤ ਵਿੱਚ, ਸਰਕਾਰਾਂ ਨੂੰ ਬਾਜ਼ਾਰਾਂ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ। ਸ਼ੁਰੂਆਤੀ ਸੰਕੇਤਾਂ ਤੋਂ ਪਤਾ ਚੱਲਦਾ ਹੈ ਕਿ ਯੂਐਸ ਅਤੇ ਯੂਰਪੀਅਨ ਕਿਸਾਨ ਵਧੇਰੇ ਬੀਜਣ ਦੁਆਰਾ ਉੱਚੀਆਂ ਕੀਮਤਾਂ ਦਾ ਜਵਾਬ ਦੇ ਰਹੇ ਹਨ। ਅਧਿਕਾਰੀ ਬਾਹਰ ਨਿਕਲ ਕੇ ਅਜਿਹੀਆਂ ਚੋਣਾਂ ਨੂੰ ਸਭ ਤੋਂ ਵਧੀਆ ਉਤਸ਼ਾਹਿਤ ਕਰ ਸਕਦੇ ਹਨ। ਸੰਕਟ ਦੀ ਸਥਿਤੀ ਵਿੱਚ, ਪਹਿਲਾ ਸਿਧਾਂਤ ਕੋਈ ਨੁਕਸਾਨ ਨਾ ਕਰਨਾ ਹੋਣਾ ਚਾਹੀਦਾ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ,*
*ਮਲੋਟ, ਪੰਜਾਬ।*




# ਪੰਜਾਬ ਪੁਲਸ ਕੋਲ ਸੁਰੱਖਿਆ ਬਹਾਲ ਕਰਾਉਣ ਦੀਆਂ ਅਰਜ਼ੀਆਂ ਦਾ ਹੜ੍ਹ ਆਇਆ

ਚੰਡੀਗੜ੍ਹ, 2 ਜੂਨ (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੋਂ ਪੰਜਾਬ ਵਿੱਚ ਉਪਜੀ ਕਾਨੂੰਨੀ ਵਿਵਸਥਾ ਦੀ ਸਥਿਤੀ ਕਾਰਨ ਸਿਆਸਤਦਾਨਾਂ ਨੇ ਸੁਰੱਖਿਆ ਬਹਾਲ ਕਰਾਉਣ ਲਈ ਸਰਕਾਰ ਉੱਤੇ ਦਬਾਅ ਵਧਾਉਣਾ ਸ਼ੁਰੂ ਕਰ ਦਿੱਤਾ ਹੈ। ਪੁਲਸ ਲਈ ਸਰਕਾਰ ਦੀਆਂ ਹਿਦਾਇਤਾਂ ਉੱਤੇ ਕਾਂਗਰਸ, ਅਕਾਲੀ ਸਿਆਸਤਦਾਨਾਂ, ਡੇਰੇਦਾਰਾਂ ਅਤੇ ਅਧਿਕਾਰੀਆਂ ਤੋਂ ਸੁਰੱਖਿਆ ਵਾਪਸ ਲੈਣ ਪਿੱਛੋਂ ਇੱਕ ਨਵਾਂ ਸੰਕਟ ਖੜ੍ਹਾ ਹੋ ਗਿਆ ਹੈ।

ਜਾਣਕਾਰ ਸੂਤਰਾਂ ਮੁਤਾਬਕ ਸੁਰੱਖਿਆ ਮੁਲਾਜ਼ਮਾਂ ਦੇ ਘੇਰੇ ਵਿੱਚ ਰਹਿਣ ਵਾਲੇ ਕਾਂਗਰਸੀ ਅਤੇ ਅਕਾਲੀ ਆਗੂਆਂ ਨੇ ਸੁਰੱਖਿਆ ਵਾਪਸੀ ਲਈ ਪੁਲਸ ਨੂੰ ਲਿਖਣਾ ਸ਼ੁਰੂ ਕਰ ਦਿੱਤਾ ਹੈ ਅਤੇ ਅੱਜ ਤਕ ਕਰੀਬ 100 ਜਣਿਆਂ ਨੇ ਪੁਲਸ ਤਕ ਪਹੁੰਚ ਕੀਤੀ ਹੈ। ਪਿਛਲੇ ਹਫਤੇ ਪੁਲਸ ਨੇ 424 ਸਿਆਸਤਦਾਨਾਂ, ਡੇਰੇਦਾਰਾਂ ਅਤੇ ਸਿਵਲ ਅਤੇ ਪੁਲਸ ਅਧਿਕਾਰੀਆਂ ਦੀ ਸੁਰੱਖਿਆ ਦੀ ਕਟੌਤੀ ਕੀਤੀ ਸੀ। ਇਹ ਕਟੌਤੀ ਅਪਰੇਸ਼ਨ ਬਲਿਊ ਸਟਾਰ ਦੀ ਵਰ੍ਹੇਗੰਢ ਕਾਰਨ ਕੀਤੀ ਗਈ ਸੀ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਪਿੱਛੋਂ ਭਾਰਤੀ ਜਨਤਾ ਪਾਰਟੀ, ਕਾਂਗਰਸ ਅਤੇ ਅਕਾਲੀ ਦਲ ਦੇ ਕਰੀਬ ਸਾਰੇ ਸਿਆਸਤਦਾਨਾਂ ਦੀ ਸੁਰੱਖਿਆ ਵਿੱਚ ਕਟੌਤੀ ਹੋਈ ਹੈ। ਸ੍ਰੀ ਅਕਾਲ



ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਪ੍ਰਮੁੱਖ ਡੇਰੇਦਾਰਾਂ, ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ, ਸਾਬਕਾ ਕਾਂਗਰਸ ਪ੍ਰਧਾਨ ਤੇ ਭਾਜਪਾ ਨੇਤਾ ਸੁਨੀਲ ਜਾਖੜ ਸਮੇਤ ਸਾਬਕਾ ਮੰਤਰੀਆਂ ਨੂੰ ਵੀ ਸੁਰੱਖਿਆ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਨੇ ਵੱਡਾ ਝਟਕਾ ਦਿੱਤਾ, ਪਰ ਆਮ ਆਦਮੀ ਪਾਰਟੀ ਨਾਲ ਸਬੰਧਤ ਆਗੂਆਂ ਦੀ ਸੁਰੱਖਿਆ ਵਿੱਚ ਭਾਰੀ ਵਾਧਾ ਕੀਤਾ ਗਿਆ ਹੈ। ਪੰਜਾਬ ਵਿੱਚ ਪੈਰਾ ਮਿਲਟਰੀ ਫੋਰਸ ਦੀਆਂ ਕੰਪਨੀਆਂ ਵੀ ਲਾਈਆਂ ਗਈਆਂ ਹਨ। ਪੰਜਾਬ ਪੁਲਸ ਦੇ ਅਧਿਕਾਰੀਆਂ ਮੁਤਾਬਕ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੋਂ ਸੁਰੱਖਿਆ ਦੀ ਮੰਗ ਵਿੱਚ ਭਾਰੀ ਵਾਧਾ ਹੋਇਆ ਹੈ। ਪੁਲਸ ਦੇ ਸੁਰੱਖਿਆ ਵਿੰਗ ਨਾਲ ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ 424 ਵਿਅਕਤੀਆਂ ਦੀ ਸੁਰੱਖਿਆ ਜੂਨ ਦੇ ਦੂਜੇ ਹਫਤੇ ਬਹਾਲ ਕੀਤੀ ਜਾਣੀ ਸੀ। ਸਿੱਧੂ ਮੂਸੇਵਾਲਾ ਦੀ ਹੱਤਿਆ ਪਿੱਛੋਂ ਪੁਲਸ ਸਾਰੇ ਮਾਮਲੇ ਦੀ ਸਮੀਖਿਆ ਕਰ ਰਹੀ ਹੈ।

ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਾਬਕਾ ਮੰਤਰੀਆਂ ਅਤੇ ਸਾਬਕਾ ਵਿਧਾਇਕਾਂ ਜਾਂ ਸੂਬਾ ਪ੍ਰਧਾਨ ਆਦਿ ਨੂੰ ਸੁਰੱਖਿਆ ਦੇਣ ਲਈ ਨੀਤੀ ਬਣਾਈ ਗਈ ਹੈ, ਪਰ ਜਿਹੜੇ ਵਿਅਕਤੀ ਨੀਤੀ ਵਿੱਚ ਫਿੱਟ ਨਹੀਂ ਬੈਠਦੇ ਤੇ ਕਾਂਗਰਸ ਦੇ ਰਾਜ ਵਿੱਚ ਸਿਰਫ ਹਾਕਮ ਧਿਰ ਨਾਲ ਸਬੰਧ ਹੋਣ ਕਰ ਕੇ ਸੁਰੱਖਿਆ ਮਿਲੀ ਸੀ, ਉਨ੍ਹਾ ਨੂੰ ਸੁਰੱਖਿਆ ਦੇਣ ਵਿੱਚ ਮੁਸ਼ਕਲ ਜ਼ਰੂਰ ਆ ਰਹੀ ਹੈ। ਅਧਿਕਾਰੀਆਂ ਦੀ ਰਾਏ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਦੀ ਘਟਨਾ ਨੂੰ ਸੁਰੱਖਿਆ ਦੇ ਚਾਹਵਾਨ ਇੱਕਹਥਿਆਰ ਵਜੋਂ ਵਰਤ ਰਹੇ ਹਨ ਅਤੇ ਪੁਲਸ ਅਧਿਕਾਰੀ ਕਿਸੇ ਤਰ੍ਹਾਂ ਦਾ ਜੋਖਮ ਲੈਣ ਨੂੰ ਤਿਆਰ ਨਹੀਂ।ਅਧਿਕਾਰੀ ਨੇ ਦੱਸਿਆ ਕਿ ਕਾਂਗਰਸ ਦੇ ਕੁਝ ਆਗੂਇਹ ਆਖ ਕੇ ਪੁਲਸ ਨੂੰ ਬਲੈਕਮੇਲ ਕਰਦੇ ਹਨ ਕਿ ਜੇ ਸੁਰੱਖਿਆ ਨੂੰ ਖਤਰਾ ਨਹੀਂ ਤਾਂ ਲਿਖ ਕੇ ਦਿੱਤਾ ਜਾਵੇ। ਸੁਖਪਾਲ ਸਿੰਘ ਖਹਿਰਾ ਸਮੇਤ ਕਾਂਗਰਸ ਦੇ ਕੁਝ ਆਗੂਆਂ ਨੇ ਜਨਤਕ ਤੌਰ ਉੱਤੇ ਕਿਹਾ ਹੈ ਕਿ ਨੁਕਸਾਨ ਹੋਣ ਦੀ ਸੂਰਤ ਵਿੱਚ ਸਰਕਾਰ ਜ਼ਿੰਮੇਵਾਰ ਹੋਵੇਗੀ। ਕਾਂਗਰਸ ਦੇ ਕਈ ਸਾਬਕਾ ਵਿਧਾਇਕਾਂ ਨੇ ਸੁਰੱਖਿਆ ਬਹਾਲੀ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਤਕ ਵੀ ਪਹੁੰਚ ਕੀਤੀ ਹੈ।

# ਵਿਧਾਇਕ ਜਗਦੀਪ ਗੋਲਡੀ ਨੇ ਛਾਪਾ ਮਾਰ ਕੇ ਨਾਜਾਇਜ਼ ਚੱਲਦੇ ਮੋਘੇ ਬੇਪਰਦ ਕੀਤੇ



ਜਲਾਲਾਬਾਦ, 2 ਜੂਨ (ਪੋਸਟ ਬਿਊਰੋ)- ਇੱਥੇ ਨੇੜਲੇ ਕਈ ਪਿੰਡਾਂ ਵਿੱਚ ਸਾਲ 1992 ਤੋਂ ਟੇਲਾਂ ਉਤੇ ਪਾਣੀ ਨਾ ਜਾਣ ਤੋਂ ਪ੍ਰੇਸ਼ਾਨ ਲੋਕਾਂ ਦੀਆਂ ਸ਼ਿਕਾਇਤਾਂ ਉੱਤੇ ਕੱਲ੍ਹ ਹਲਕਾ ਵਿਧਾਇਕ ਜਗਦੀਪ ਗੋਲਡੀ ਕੰਬੋਜ ਨੇ ਨਹਿਰੀ ਵਿਭਾਗ ਦੇ ਅਫਸਰਾਂ ਨੂੰ ਨਾਲ ਲੈ ਕੇ ਨਿਜ਼ਾਮ ਵਾਂ ਡਿਸਟਰੀਬਿਊਟਰੀ ਉੱਤੇ ਛਾਪਾ ਮਾਰਿਆਅਤੇ ਵਿਧਾਇਕ ਨੇ ਅਫਸਰਾਂ ਨੂੰ ਨਾਜਾਇਜ਼ ਮੋਘੇ ਅਤੇ ਪਾਈਪਾਂ ਲਾਉਣ ਵਾਲਿਆਂ ਖਿਲਾਫ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਵਿਧਾਇਕ ਗੋਲਡੀ ਕੰਬੋਜ ਨੇ ਖੁਦ ਮੋਟਰ ਸਾਈਕਲ ਉੱਤੇ ਬੈਠ ਕੇ ਨਹਿਰ ਦੀ ਪਟੜੀ ਦਾ ਜਾਇਜ਼ਾ ਲਿਆ ਅਤੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਸ਼ਹਿ ਉੱਤੇ ਇਲਾਕੇ ਵਿੱਚ ਵੱਡੀ ਮਾਤਰਾ ਵਿੱਚ ਨਹਿਰੀ ਪਾਣੀ ਦੀ ਚੋਰੀ ਹੁੰਦੀ ਰਹੀ ਹੈ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਪਤਾ ਲੱਗਾ ਕਿ ਕਈ ਜ਼ਿਮੀਂਦਾਰਾਂ ਨੇ ਵੱਡੇ-ਵੱਡੇ ਪੱਕੇ ਮੋਘੇ ਅਤੇ ਪਾਈਪਾਂ ਲਾ ਕੇ ਨਹਿਰੀ ਪਾਣੀ ਦੀ ਚੋਰੀ ਦਾ ਪ੍ਰਬੰਧ ਕਰ ਰੱਖਿਆ ਹੈ, ਜਿਵੇਂ ਉਨ੍ਹਾਂ ਨੂੰ ਕੋਈ ਡਰ ਨਾ ਹੋਵੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸੇ ਵੀ ਤਰ੍ਹਾਂ ਦੀ ਬੇਈਮਾਨੀ ਤੇ ਚੋਰੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਲੋਕਾਂ ਨਾਲ ਵਾਅਦਾ ਕੀਤਾ ਕਿ ਸਰਹੱਦੀ ਪਿੰਡਾਂ ਵਿੱਚ ਟੇਲਾਂ ਉੱਤੇ ਪੈਂਦੀਆਂ ਜ਼ਮੀਨਾਂ ਨੂੰ ਨਹਿਰੀ ਪਾਣੀ ਹਰ ਹਾਲਪੁਚਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਫੜੇ ਗਏ ਸਾਰੇ ਮੋਘਿਆਂਅਤੇ ਪਾਈਪਾਂ ਦੇ ਮਾਲਕਾਂ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਮਾਈਨਿੰਗ ਵਿਭਾਗ ਨੇ ਠੇਕੇਦਾਰ ਦੀ ਲੱਖਾਂ ਦੀ ਹੇਰਾਫੇਰੀ ਹੁੰਦੀ ਫੜੀ



ਰੂਪਨਗਰ, 2 ਜੂਨ (ਪੋਸਟ ਬਿਊਰੋ)- ਮਾਈਨਿੰਗ ਵਿਭਾਗਦੀ ਟੀਮ ਨੇ ਪਿੰਡ ਕੋਟਬਾਲਾ ਆਸਪੁਰ ਦੀ ਗਾਰ ਕੱਢਣ ਵਾਲੀ ਸਾਈਟ ਮਟੀਰੀਅਲ ਨੂੰ ਤੋਲਣ ਲਈ ਲੱਗੇ ਕੰਡੇ ਵਿੱਚ ਮਾਈਨਿੰਗ ਠੇਕੇਦਾਰ ਵੱਲੋਂ ਕੀਤੀ ਹੇਰਾਫੇਰੀ ਫੜੀ ਹੈ।

ਵਰਨਣ ਯੋਗ ਹੈ ਕਿ ਇਸ ਜ਼ਿਲ੍ਹੇ ਦੀਆਂ ਸਭ ਡੀਸਿਲਟਿੰਗ ਖੱਡਾਂ ਦਾ ਠੇਕਾ ਰਾਜੇਸ਼ ਚੌਧਰੀ ਕੋਲ ਹੈ। ਮਾਈਨਿੰਗ ਵਿਭਾਗ ਦੀ ਸ਼ਿਕਾਇਤ ਉੱਤੇਕੱਲ੍ਹ ਮਾਈਨਿੰਗ ਠੇਕੇਦਾਰ ਦੇ ਖਿਲਾਫ ਥਾਣਾ ਕੀਰਤਪੁਰ ਸਾਹਿਬ ਵਿੱਚ ਕੇਸ ਦਰਜ ਕੀਤਾ ਗਿਆ ਹੈ। ਮਾਈਨਿੰਗ ਦੇ ਐਸ ਡੀ ਓ ਬਰਜਿੰਦਰ ਸਿੰਘ ਨੇ ਦੱਸਿਆ ਕਿ ਕੋਟਬਾਲਾ ਅਤੇ ਆਸਪੁਰ ਵਿੱਚ ਡੀਸਿਲਟਿੰਗ ਦੇ ਕੰਮ ਵਿੱਚ ਠੇਕੇਦਾਰ ਨੇ ਕਰੀਬ 7 ਲੱਖ ਮੀਟ੍ਰਿਕ ਟਨ ਦੀ ਨਿਕਾਸੀ ਕੀਤੀ ਹੈ। ਇੱਥੋਂ 3 ਲੱਖ ਮੀਟ੍ਰਿਕ ਟਨ ਦੀ ਨਿਕਾਸੀ ਕਰਨੀ ਹੈ। ਉਨ੍ਹਾਂ ਦੱਸਿਆ ਕਿ ਮਾਈਨਿੰਗ ਸਾਈਟਾਂ ਉਤੇ ਲੱਗੇ ਕੰਡਿਆਂ ਦੇ ਕੈਮਰੇ ਵਿਭਾਗ ਦੇ ਹੈਡ ਆਫਿਸ ਨਾਲ ਜੁੜੇ ਹੋਏ ਹਨ, ਇਸ ਲਈ ਜਦੋਂ ਵਿਭਾਗ ਨੂੰ ਇਸ ਦੇ ਕੰਡੇ ਵਿੱਚ ਕੋਈ ਨੁਕਸ ਲੱਗਾ ਤਾਂ ਟੀਮ ਨੇ ਆ ਕੇ ਚੈਕਿੰਗ ਕੀਤੀ। ਉਥੇ ਖਾਲੀ ਟਿੱਪਰ ਦੀ ਚੈਕਿੰਗ ਦੌਰਾਨ ਟਿੱਪਰ ਦਾ ਕੰਡੇ ਉਤੇ ਵਜਨ ਕੀਤਾ ਤੇ ਇਹ 7800 ਕਿਲੋਗਰਾਮ ਨਿਕਲਿਆ। ਟਿੱਪਰ ਦੀ ਆਰ ਸੀ (ਰਜਿਸਟਰੇਸ਼ਨ) ਮੁਤਾਬਕ ਵਜਨ 10,100 ਕਿਲੋਗਰਾਮ ਸੀ। ਇਸ ਪਿੱਛੋਂ ਟੀਮ ਨੇ ਟਿੱਪਰ ਡਰਾਈਵਰ ਨੂੰ ਟਿੱਪਰ ਵਿੱਚ ਮਟੀਰੀਅਲ ਭਰ ਕੇ ਲਿਆਉਣ ਲਈ ਕਿਹਾ। ਜਦੋਂ ਭਰੇ ਹੋਏ ਟਿੱਪਰ ਦਾ ਕੰਡੇ ਉਤੇ ਭਾਰ ਕੀਤਾ ਤਾਂ ਇਹ 22,245 ਕਿਲੋ ਸੀ। ਜਦ ਇਸ ਟਿੱਪਰ ਦਾ ਵਜਨ ਦੂਜੇ ਕੰਡੇ ਉਤੇ ਕੀਤਾ ਤਾਂ ਇਸ ਦਾ ਭਾਰ 27,660 ਕਿਲੋਗਰਾਮ ਆਇਆ।ਪਿੰਡ ਤਰਫਮਜਾਰੀ ਤੇ ਸੈਸੋਵਾਲ ਵਿੱਚ ਵੀ ਮਾਈਨਿੰਗ ਅਧਿਕਾਰੀਆਂ ਨੇ ਖੱਡਾਂ ਦੀ ਮਿਣਤੀ ਕੀਤੀ, ਪਰ ਉਹਇਲਾਕਾ ਸੰਘਰਸ਼ ਕਮੇਟੀ ਦੇ ਆਗੂਆਂ ਅਤੇ ਲੋਕਾਂ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਕਤਰਾਉਂਦੇ ਰਹੇ। ਇਲਾਕਾ ਸੰਘਰਸ਼ ਕਮੇਟੀ ਦੇ ਪ੍ਰਧਾਨ ਹਰਦੇਵ ਸਿੰਘ ਨੇ ਕਿਹਾ ਕਿ ਵਿਭਾਗ ਡਰਾਮੇਬਾਜ਼ੀ ਕਰ ਰਿਹਾ ਹੈ, ਜਦੋਂ ਸਾਈਟ ਉੱਤੇ ਜਾਂਦਾ ਹੈ ਉਦੋਂ ਪਤਾ ਲੱਗ ਜਾਂਦਾ ਹੈ ਕਿ ਠੇਕੇਦਾਰ ਨੇ ਨਾਜਾਇਜ਼ ਪੁਟਾਈ ਪੈਂਤੀ ਤੋਂ ਚਾਲੀ ਫੁੱਟ ਡੂੰਘੀ ਕੀਤੀ ਹੈ। ਐਕਸੀਅਨ ਮਾਈਨਿੰਗ ਪੁਨੀਤ ਸ਼ਰਮਾ ਨੇ ਕਿਹਾ ਕਿ ਮੈਨੂੰ ਡਿਊਟੀ ਜੁਆਇਨ ਕੀਤੇ ਨੂੰ ਥੋੜ੍ਹੇ ਦਿਨ ਹੋਏ ਹਨ, ਹਾਲੇ ਸਥਿਤੀ ਨੂੰ ਸਮਝ ਰਿਹਾ ਹਾਂ।

# ਸੱਤ ਕੁੜੀਆਂ ਆਪਣੀਆਂ ਮੰਗਾਂ ਖਾਤਰ ਟੈਂਕੀ ਉੱਤੇ ਜਾ ਚੜ੍ਹੀਆਂ

ਸੰਗਰੂਰ, 2 ਜੂਨ (ਪੋਸਟ ਬਿਊਰੋ)- ਪੰਜਾਬ ਪੁਲਸ ਭਰਤੀ 2016 ਵੈਰੀਫਿਕੇਸ਼ਨ ਅਤੇ ਵੇਟਿੰਗ ਲਿਸਟ ਦੇ ਉਮੀਦਵਾਰ ਲੰਮੇ ਸਮੇਂ ਤੋਂ ਮੁੱਖ ਮੰਤਰੀ ਦੀ ਸੰਗਰੂਰ ਵਾਲੀ ਰਿਹਾਇਸ਼ ਅੱਗੇ ਪੱਕੇ ਧਰਨੇ ਉੱਤੇ ਬੈਠੇ ਹੋਏ ਹਨ। ਪੰਜਾਬ ਸਰਕਾਰ ਵੱਲੋਂ ਸੁਣਵਾਈਨਾ ਹੋਣ ਦੇ ਰੋਸ ਵਜੋਂ ਕੱਲ੍ਹ ਸਵੇਰੇ ਉਨ੍ਹਾਂ ਵਿੱਚੋਂ ਸੱਤ ਕੁੜੀਆਂ ਬਿਮਲਾ ਦੇਵੀ ਫਾਜ਼ਿਲਕਾ, ਹਰਪ੍ਰੀਤ ਕੌਰ ਬਠਿੰਡਾ, ਸਰਬਜੀਤ ਕੌਰ ਮੋਗਾ, ਹਰਦੀਪ ਕੌਰ ਅਬੋਹਰ, ਮਨਪ੍ਰੀਤ ਕੌਰ ਗੁਰਦਾਸਪੁਰ, ਕੁਲਦੀਪ ਕੌਰ ਫਾਜ਼ਿਲਕਾ ਅਤੇ ਮਨਜੀਤ ਕੌਰ ਫਿਰੋਜ਼ਪੁਰ ਪਾਣੀ ਦੀ ਟੈਂਕੀ ਉੱਤੇਜਾ ਚੜ੍ਹੀਆਂ ਤੇ ਕੁਝ ਨੇ ਟੈਂਕੀ ਦੇ ਹੇਠਾਂ ਮੋਰਚਾ ਲਾ ਲਿਆ ਹੈ।



ਇਸ ਮੌਕੇ ਲਖਵਿੰਦਰ ਸਿੰਘ ਫਾਜ਼ਿਲਕਾ ਅਤੇ ਹੋਰਨਾਂ ਨੇ ਕਿਹਾ ਕਿ ਅਸੀਂ ਕਾਫੀ ਦਿਨਾਂ ਤੋਂ ਮੁੱਖ ਮੰਤਰੀ ਦੀ ਕੋਠੀ ਅੱਗੇ ਧਰਨੇ ਉੱਤੇ ਬੈਠੇ ਸੀ, ਪਰ ਸਰਕਾਰ ਨੇ ਸਾਡੇ ਵੱਲ ਧਿਆਨ ਨਹੀਂ ਦਿੱਤਾ, ਸਰਕਾਰ ਟਾਲਮਟੋਲ ਵਾਲੀ ਨੀਤੀ ਰੱਖੀ ਬੈਠੀ ਹੈ, ਜਿਸ ਤੋਂ ਅੱਕ ਕੇ ਅਸੀਂ ਟੈਂਕੀ ਦੇ ਉਪਰ ਪੱਕਾ ਮੋਰਚਾ ਲਾ ਲਿਆ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਵੀ ਬਾਕੀ ਸਰਕਾਰਾਂ ਵਾਂਗ ਲਾਰਾ-ਲੱਪਾ ਵਰਤ ਰਹੀ ਹੈ ਅਤੇ ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਉਨ੍ਹਾ ਨੇ ਮੰਗ ਕੀਤੀ ਕਿ ਸਾਡੀਆਂ ਮੰਗਾਂ ਪਹਿਲ ਦੇ ਆਧਾਰ ਉੱਤੇ ਮੰਨ ਕੇ ਸਾਡੀ ਭਰਤੀ ਸਿਰੇ ਚਾੜ੍ਹੀ ਜਾਵੇ।

# ਪਰਿਵਾਰਕ ਕਲੇਸ਼ ਕਾਰਨ ਦਾਦੀ ਨੇ ਪੋਤੀ ਸਮੇਤ ਖ਼ੁਦਕੁਸ਼ੀ ਕੀਤੀ

ਫ਼ਿਰੋਜ਼ਪੁਰ, 2 ਜੂਨ (ਪੋਸਟ ਬਿਊਰੋ)- ਥਾਣਾ ਸਦਰ ਫ਼ਿਰੋਜ਼ਪੁਰ ਦੇ ਖੇਤਰ ਕੋਠੀ ਰਾਏ ਸਾਹਿਬ ਤੋਂ ਇੱਕ ਪਰਵਾਰ ਅੰਦਰ ਕਲੇਸ਼ ਕਾਰਨ ਇੱਕ ਮਹਿਲਾ ਵੱਲੋਂ ਸੱਤ ਮਹੀਨੇ ਦੀ ਬੱਚੀ ਸਮੇਤ ਖ਼ੁਦਕੁਸ਼ੀ ਕਰਨ ਦੀ ਖ਼ਬਰ ਹੈ।



ਇਸ ਬਾਰੇ ਥਾਣਾ ਸਦਰ ਦੀਪੁਲਸ ਨੇ ਦੱਸਿਆ ਕਿ ਸੁਨੀਲ ਕੁਮਾਰੀ ਦਾ ਆਪਣੇ ਪਤੀ ਮਨਦੀਪ ਉਰਫ਼ ਮੋਨੂੰ ਵਾਸੀ ਕੋਠੀ ਰਾਏ ਸਾਹਿਬ ਨਾਲ ਘਰੇਲੂ ਕਲੇਸ਼ ਸੀ, ਜਿਸ ਵਿੱਚ ਸੁਨੀਲ ਕੁਮਾਰੀ ਦੀ ਸੱਸ ਊਸ਼ਾ ਰਾਣੀ ਆਪਣੀ ਨੂੰਹ ਦੀ ਮਦਦ ਕਰਦੀ ਸੀ। ਸੁਨੀਲ ਕੁਮਾਰੀ ਵਾਸੀ ਗਾਂਧੀਨਗਰ ਦਾ ਵਿਆਹ ਚਾਰ ਸਾਲ ਪਹਿਲਾਂ ਮਨਦੀਪ ਉਰਫ਼ ਮੋਨੂੰ ਨਾਲ ਹੋਇਆ ਸੀ, ਜਿਸ ਵਿੱਚੋਂ ਉਸਦੀ ਇੱਕ ਸੱਤ ਮਹੀਨੇ ਦੀ ਬੇਟੀ ਸੀ। ਉਸ ਨੇ ਦੱਸਿਆ ਕਿ ਉਸ ਦਾ ਪਤੀ ਮਨਦੀਪ ਆਪਣੇ ਭਰਾ ਸੋਨੂੰ ਅਤੇ ਪਿਤਾ ਅਨਵਰ ਭੱਟੀ ਸਮੇਤ ਉਸ ਦੀ ਕੁੱਟਮਾਰ ਕਰ ਕੇ ਉਸ ਨੂੰ ਘਰੋਂ ਕੱਢ ਦਿੰਦੇ ਸੀ, ਜਿਸ ਬਾਰੇ ਸੁਨੀਲ ਕੁਮਾਰੀ ਦੀ ਸੱਸ ਊਸ਼ਾ ਉਨ੍ਹਾਂ ਨੂੰ ਕੁੱਟਮਾਰ ਕਰਨ ਤੋਂ ਰੋਕਦੀ ਸੀ। ਬੀਤੀ 8 ਮਈ ਨੂੰ ਉਨ੍ਹਾ ਨੇ ਸੁਨੀਲ ਕੁਮਾਰੀ ਨੂੰ ਉਸ ਦੀ ਸੱਤ ਮਹੀਨੇ ਦੀ ਬੇਟੀ ਦੇ ਘਰੋਂ ਕੱਢ ਦਿੱਤਾ ਤਾਂਉਹ ਆਪਣੇ ਭਰਾ ਦੇ ਘਰ ਗਾਂਧੀ ਨਗਰ ਆ ਗਈ। ਉਸਦਾ ਪਤੀ ਮਨਦੀਪ ਆ ਕੇ ਉਸ ਕੋਲੋਂ ਉਸਦੀ ਬੇਟੀ ਬਲਨੂਰ ਭੱਟੀ ਨੂੰ ਧੱਕੇ ਨਾਲ ਲੈ ਗਿਆ। ਇਸੇ ਪਰੇਸ਼ਾਨੀ ਹੇਠ 26 ਮਈ ਨੂੰ ਸੁਨੀਲ ਕੁਮਾਰੀ ਦੀ ਸੱਸ ਊਸ਼ਾ ਰਾਣੀ ਨੇ ਆਪਣੀ ਪੋਤੀ ਸਮੇਤ ਝੋਕ ਹਰੀਹਰ ਨੇੜੇ ਬੁੱਕਣ ਖਾਂ ਨਹਿਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ ਸੀ, ਜਿਨ੍ਹਾਂ ਦੀਆਂ ਲਾਸ਼ਾਂ ਕੱਲ੍ਹ ਮਿਲੀਆਂ ਹਨ। ਪੁਲਸ ਨੇ ਸੁਨੀਲ ਕੁਮਾਰੀ ਦੇ ਬਿਆਨਾਂ ਉੱਤੇਦੋਸ਼ੀ ਮਨਦੀਪ ਪੁੱਤਰ ਅਨਵਰ ਭੱਟੀ, ਸੰਦੀਪ ਉਰਫ਼ ਸੋਨੂੰ ਪੁੱਤਰ ਅਨਵਰ ਭੱਟੀ ਅਤੇ ਅਨਵਰ ਭੱਟੀ ਪੁੱਤਰ ਸਫੀ ਵਿਰੁੱਧ ਵੱਖ-ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਸੰਦੀਪ ਉਰਫ਼ ਸੋਨੂੰ ਨੂੰ ਕਾਬੂ ਕਰ ਲਿਆ ਗਿਆ ਹੈ।

# ਖਾਲਸਾ ਕਾਲਜ ਨੇੜੇ ਗੋਲੀਬਾਰੀ ਵਿੱਚ ਨੌਜਵਾਨ ਦੀ ਮੌਤ

ਅੰਮ੍ਰਿਤਸਰ, 2 ਜੂਨ (ਪੋਸਟ ਬਿਊਰੋ)- ਇੱਥੋਂ ਦੇ ਖਾਲਸਾ ਕਾਲਜ ਮੂਹਰੇ ਕੱਲ੍ਹ ਬਾਅਦ ਦੁਪਹਿਰ ਹੋਈ ਗੋਲੀਬਾਰੀ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ ਹੈ ਤੇ ਇੱਕ ਜ਼ਖਮੀ ਹੋ ਗਿਆ ਹੈ। ਗੋਲੀ ਲੱਗਣ ਨਾਲ ਮਾਰੇ ਗਏ ਨੌਜਵਾਨ ਦੀ ਪਛਾਣ ਲਵਪ੍ਰੀਤ ਸਿੰਘ ਵਜੋਂ ਹੋਈ ਅਤੇ ਜ਼ਖਮੀ ਨੌਜਵਾਨ ਦਾ ਨਾਂਅ ਗੁਰਸਿਮਰਨ ਸਿੰਘ ਹੈ।



ਮਿਲੀ ਜਾਣਕਾਰੀ ਮੁਤਾਬਕ ਹਮਲਾਵਰਾਂ ਤੇ ਇਨ੍ਹਾਂ ਦੋਵਾਂ ਨੌਜਵਾਨਾਂ ਵਿਚਾਲੇ ਕਿਸੇ ਗੱਲ ਬਾਰੇ ਝਗੜਾ ਹੋਣ ਮਗਰੋਂ ਗੋਲੀ ਚੱਲੀ ਸੀ। ਹਮਲਾਵਰਾਂ ਦੀ ਗੋਲੀ ਨਾਲ ਲਵਪ੍ਰੀਤ ਤੇ ਗੁਰਸਿਮਰਨ ਸਿੰਘ ਦੋਵੇਂ ਜ਼ਖਮੀ ਹੋ ਗਏ। ਇਨ੍ਹਾਂ ਨੂੰ ਨੇੜੇ ਇੱਕ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੇ ਲਵਪ੍ਰੀਤ ਸਿੰਘ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੇ ਰਿਸ਼ਤੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਲਵਪ੍ਰੀਤ ਸਿੰਘ (24) ਨੇ ਪੋਸਟ ਗ੍ਰੈਜੂਏਸ਼ਨ ਕੀਤੀ ਹੋਈ ਸੀ ਤੇ ਉਹ ਕੁਸ਼ਤੀ ਮੁਕਾਬਲਿਆਂ ਵਿੱਚ ਵੀ ਹਿੱਸਾ ਲੈਂਦਾ ਰਿਹਾ ਹੈ। ਉਹ ਅੱਜਕੱਲ੍ਹ ਪ੍ਰਾਈਵੇਟ ਬੈਂਕ ਵਿੱਚ ਨੌਕਰੀ ਕਰ ਰਿਹਾ ਸੀ। ਕੱਲ੍ਹ ਉਹ ਆਪਣੇ ਇੱਕ ਮਿੱਤਰ ਗੁਰਸਿਮਰਨ ਸਿੰਘ ਨਾਲ ਇੱਥੇ ਆਇਆ ਸੀ। ਇਸੇ ਦੌਰਾਨ ਜੰਡਿਆਲਾ ਵਾਸੀ ਪੰਜ-ਛੇ ਨੌਜਵਾਨਾਂ ਨਾਲ ਕਿਸੇ ਗੱਲ ਬਾਰੇ ਝਗੜੇ ਕਾਰਨ ਉਨ੍ਹਾਂ ਗੋਲੀਆਂ ਚਲਾ ਦਿੱਤੀਆਂ। ਉਸ ਨੇ ਦੱਸਿਆ ਕਿ ਲਵਪ੍ਰੀਤ ਦੇ ਤਿੰਨ ਗੋਲੀਆਂ ਲੱਗੀਆਂ ਹਨ, ਜੋ ਉਸ ਲਈ ਜਾਨਲੇਵਾ ਸਾਬਤ ਹੋਈਆਂ। ਦੂਜੇ ਨੌਜਵਾਨ ਦੇ ਇੱਕ ਗੋਲੀ ਲੱਗੀ ਤੇ ਉਸ ਦੀ ਹਾਲਤ ਸਥਿਰ ਹੈ। ਉਸ ਨੇ ਦੱਸਿਆ ਕਿ ਤਿੰਨ-ਚਾਰ ਦਿਨ ਪਹਿਲਾਂ ਵੀ ਗੁਰਸਿਮਰਨ ਸਿੰਘ ਅਤੇ ਦੂਜੀ ਧਿਰ ਵਿਚਾਲੇ ਕਿਸੇ ਗੱਲ ਬਾਰੇ ਤਕਰਾਰ ਹੋਈ ਸੀ, ਪਰ ਦੋਵਾਂ ਵਿਚਾਲੇ ਬਾਅਦ ਵਿੱਚ ਸੁਲ੍ਹਾ-ਸਫਾਈ ਹੋ ਗਈ, ਪਰ ਕੱਲ੍ਹ ਮੁੜ ਦੂਜੀ ਧਿਰ ਨੇ ਹਮਲਾ ਕਰ ਦਿੱਤਾ।

ਪਤਾ ਲੱਗਾ ਹੈ ਕਿ ਮ੍ਰਿਤਕ ਨੌਜਵਾਨ ਅਤੇ ਜ਼ਖਮੀ ਨੌਜਵਾਨ ਕੋਲ ਵੀ ਰਿਵਾਲਵਰ ਸੀ। ਮੌਕੇ ਉੱਤੇ ਹਾਜ਼ਰ ਲੋਕਾਂ ਨੇ ਦੱਸਿਆ ਕਿ ਜਿਸ ਜਗ੍ਹਾ ਘਟਨਾ ਵਾਪਰੀ, ਉਥੇ ਕਾਰਾਂ ਲੱਗੀਆਂ ਹੋਈਆਂ ਸਨ। ਅਚਾਨਕ ਗੋਲੀਆਂ ਦੀ ਆਵਾਜ਼ ਆਈ ਅਤੇ ਫਿਰ ਨੌਜਵਾਨ ਪੁਤਲੀਘਰ ਵੱਲ ਭੱਜੇ, ਜਦ ਕਿ ਦੋ ਨੌਜਵਾਨ ਜ਼ਖਮੀ ਸਨ, ਜਿਨ੍ਹਾਂ ਦਾ ਖੂਨ ਵਗ ਰਿਹਾ ਸੀ। ਇਸ ਨੂੰ ਪੁਲਸ ਕਮਿਸ਼ਨਰ ਨੇ ਨਿੱਜੀ ਰੰਜਿਸ਼ ਦਾ ਮਾਮਲਾ ਅਤੇ ਵਿਦਿਆਰਥੀਆਂ ਦਾ ਝਗੜਾ ਆਖਿਆ। ਉਨ੍ਹਾਂ ਕਿਹਾ ਕਿ ਇਹ ਗੈਂਗਵਾਰ ਨਹੀਂ। ਜ਼ਖਮੀ ਤੇ ਮ੍ਰਿਤਕ ਨੌਜਵਾਨ ਦੋਵੇਂ ਬਟਾਲਾ ਦੇ ਹਨ। ਪੁਲਸ ਨੇ ਇਸ ਬਾਰੇ ਕੇਸ ਦਰਜ ਕਰ ਲਿਆ ਅਤੇ ਜਾਂਚ ਸ਼ੁਰੂ ਕੀਤੀ ਜਾ ਰਹੀ ਹੈ। ਗੋਲੀਆਂ ਚਲਾਉਣ ਵਾਲਿਆਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ। ਜ਼ਖਮੀ ਨੌਜਵਾਨ ਦੀਆਂ ਇੱਕ ਲੜਕੀ ਨਾਲ ਤਸਵੀਰਾਂ ਸਨ, ਜਿਸ ਉੱਤੇ ਦੂਜੀ ਧਿਰ ਨੂੰ ਇਤਰਾਜ਼ ਸੀ ਤੇ ਉਨ੍ਹਾਂ ਗੋਲੀਆਂ ਚਲਾਈਆਂ ਸਨ।




# ਪੰਜਾਬ ਵਿੱਚ ਚਾਰ ਸਾਲਾਂ ਵਿੱਚ ਪੰਜ ਲੱਖ ਲੋਕਾਂ ਨੂੰ ਕੁੱਤਿਆਂ ਨੇ ਵੱਢਿਆ

ਲੁਧਿਆਣਾ, 2 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੀ ਮਹਾਮਾਰੀ ਕਾਰਨ ਲੱਗੇ ਲਾਕਡਾਊਨ ਦੇ ਬਾਅਦ ਹਾਲਾਤ ਸਧਾਰਨ ਹੋਣ ਉੱਤੇ ਲੋਕਾਂ ਨੂੰ ਕੁੱਤਿਆਂ ਦੇ ਵੱਢਣ ਦੀ ਘਟਨਾਵਾਂ ਫਿਰ ਵੱਧ ਗਈਆਂ ਹਨ। ਸਰਕਾਰੀ ਹਸਪਤਾਲਾਂ ਵਿੱਚ ਐਂਟੀ ਰੈਬੀਜ਼ ਦੇ ਇੰਜੈਕਸ਼ਨ ਦੀ ਸ਼ਾਰਟੇਜ਼ ਕਾਰਨ ਲੋਕਾਂ ਨੂੰ ਨਿੱਜੀ ਹਸਪਤਾਲਾਂ ਵਿੱਚ ਜਾਣਾ ਪੈ ਰਿਹਾ ਹੈ।

ਪਿਛਲੇ ਚਾਰ ਸਾਲਾਂ ਵਿੱਚ ਰਾਜ ਵਿੱਚ ਪੰਜ ਲੱਖ ਲੋਕਾਂ ਨੂੰ ਕੁੱਤਿਆਂ ਨੇਵੱਢਿਆ ਹੈ। ਲੁਧਿਆਣਾ ਇਸ ਵਿੱਚ ਸਭ ਤੋਂ ਵੱਧ ਪ੍ਰਭਾਵਤ ਹੈ। ਪੰਜਾਬ ਵਿੱਚ ਹਰ ਸਾਲ 20 ਹਜ਼ਾਰ ਦੇ ਕਰੀਬ ਲੋਕਾਂ ਦੀ ਕੱਤਿਆਂ ਦੇ ਵੱਢਣ ਕਾਰਨ ਮੌਤ ਹੋ ਜਾਂਦੀ ਹੈ। ਰਾਜ ਸਰਕਾਰ ਨੇ ਕੁੱਤਿਆਂ



ਦੀ ਸਟਰਲਾਈਜੇਸ਼ਨ ਦੀਆਂ ਕਈ ਸਕੀਮਾਂ ਸ਼ੁਰੂ ਕਰਨ ਦੀ ਗੱਲ ਕਹੀ ਹੈ, ਪਰ ਕੋਈ ਵੀ ਯੋਜਨਾ ਸਿਰੇ ਨਹੀਂ ਚੜ੍ਹ ਸਕੀ ਅਤੇ ਕੁੱਤਿਆਂ ਦੀ ਗਿਣਤੀ ਪਹਿਲਾਂ ਤੋਂ ਵੱਧ ਗਈ ਹੈ। ਕਈ ਗੈਰ-ਸਰਕਾਰੀ ਸੰਗਠਨਾਂ ਨੇ ਗਊਸ਼ਾਲਾ ਵਾਂਗ ਕੁੱਤਾ ਘਰ ਬਣਾਉਣ ਦੀ ਗੱਲ ਕਹੀ, ਪਰ ਉਸ ਉੱਤੇ ਵੀ ਕੋਈ ਖਾਸ ਅਮਲ ਨਹੀਂ ਹੋਇਆ। ਲੋਕਾਂ ਨੂੰ ਰਾਹਤ ਦੇਣ ਲਈ ਸਰਕਾਰੀ ਹਸਪਤਾਲਾਂ ਵਿੱਚ ਕੁੱਤਿਆਂ ਦੇ ਕੱਟਣ ਉੱਤੇ ਲੱਗਣ ਵਾਲੇ ਐਂਟੀ ਰੈਬੀਜ਼ ਇੰਜੈਕਸ਼ਨ ਮੁਫਤ ਲਾਉਣ ਦੀ ਵਿਵਸਥਾ ਹੈ, ਪਰ ਅਕਸਰ ਇਹ ਇੰਜੈਕਸ਼ਨ ਖਤਮ ਹੋਏ ਰਹਿੰਦੇ ਹਨ। ਲੋਕਾਂ ਦੇ ਵਿਰੋਧ ਦੇ ਡਰ ਤੋਂ ਕਈ ਸਰਕਾਰੀ ਹਸਪਤਾਲ ਐਂਟੀ ਰੈਬੀਜ਼ ਦੇ ਕੁਝ ਇੰਜੈਕਸ਼ਨ ਵੀ ਆਈ ਪੀ ਲੋਕਾਂ ਦੇ ਲਈ ਰਿਜ਼ਰਵ ਰੱਖਦੇ ਹਨ, ਆਮ ਲੋਕਾਂ ਦੇ ਲਈ ਇਹ ਨਹੀਂ ਮਿਲਦੇ, ਉਨ੍ਹਾਂ ਨੂੰ ਇਲਾਜ ਲਈ ਨਿੱਜੀ ਡਾਕਟਰ ਕੋਲ ਜਾਣਾ ਪੈਂਦਾ ਹੈ।

ਸਿਹਤ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਇਸ ਸਾਲ ਮਈ ਤਕ 50 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਕੁੱਤਿਆਂ ਨੇ ਵੱਢਿਆ ਹੈ, ਪਰ ਇੰਨੇ ਇੰਜੈਕਸ਼ਨ ਸਰਕਾਰੀ ਹਸਪਤਾਲਾਂ ਵਿੱਚ ਨਹੀਂ ਸਨ।



# ਮੋਦੀ ਹੰਕਾਰ ਛੱਡ ਦੇਣ ਤਾਂ ਕਈ ਸਮੱਸਿਆਵਾਂ ਹੱਲ ਹੋ ਜਾਣ: ਰਾਉਤ

ਪੁਣੇ, 2 ਜੂਨ (ਪੋਸਟ ਬਿਊਰੋ)- ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਸੰਜੇ ਰਾਉਤ ਨੇ ਕੱਲ੍ਹ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣਾ ਹੰਕਾਰ ਛੱਡ ਦੇਣ ਤਾਂ ਕਈ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ।

ਸੰਜੇ ਰਾਉਤ ਪੁਣੇ ਵਿੱਚ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਸਭਿਆਚਾਰਕ ਭਵਨ ਦੇ ਉਦਘਾਟਨ ਮੌਕੇ ਇੱਕ ਸਭਾ ਅੱਗੇ ਬੋਲ ਰਹੇ ਸਨ। ਉਨ੍ਹਾਂ ਕਿਹਾ,''ਗੌਤਮ ਬੁੱਧ ਦਾ ਸਿਰਫ਼ ਇੱਕ ਸੰਦੇਸ਼ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਉਹ ਹੈ ਹੰਕਾਰ ਛੱਡਣਾ। ਜਿਨ੍ਹਾਂ ਲੋਕਾਂ ਨੇ ਆਪਣਾ ਹੰਕਾਰ ਛੱਡਿਆ ਉਹ ਜ਼ਿੰਦਗੀ ਵਿੱਚ ਕਦੇ ਨਹੀਂ ਹਾਰੇ, ਪਰ ਕੁਝ ਲੋਕ ਹੰਕਾਰ ਨੂੰ ਪਾਲਦੇ ਹਨ। ਜੇ ਹੰਕਾਰ ਛੱਡ ਦਿੱਤਾ ਜਾਵੇ ਤਾਂ ਸਮਾਜ, ਰਾਜ ਅਤੇ ਦੇਸ਼ ਨੂੰ ਪ੍ਰੇਸ਼ਾਨ ਕਰਦੇ ਕਈ ਮੁੱਦਿਆਂ ਦਾ ਹੱਲ ਹੋ ਜਾਵੇਗਾ। ਕਿਸੇ ਨੂੰ ਇਹ ਨਰਿੰਦਰ ਮੋਦੀ ਨੂੰ ਦੱਸਣਾ ਚਾਹੀਦਾ ਹੈ।''

ਮਹਾਰਾਸ਼ਟਰ ਵਿੱਚ ਵੱਖ-ਵੱਖ ਨਗਰ ਨਿਗਮਾਂ ਦੀਆਂਅਗਲੀਆਂ ਚੋਣਾਂ ਬਾਰੇ ਸੰਜੇ ਰਾਉਤ ਨੇ ਹਨੂੰਮਾਨ ਚਾਲੀਸਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ,''ਹਨੂੰਮਾਨ ਚਾਲੀਸਾ ਦਾ ਪਾਠ ਕਰਨਾ ਚਾਹੀਦਾ, ਪਰ ਲੋਕਾਂ ਦੀਆਂ ਸਮੱਸਿਆਵਾਂ ਵੀ ਮਹੱਤਵਪੂਰਨ ਹਨ। ਸ਼ਿਵ ਸੈਨਾ ਦੇ ਕੌਂਸਲਰ ਲੋਕਾਂ ਤੋਂ ਸਬੰਧਤ ਕਈ ਬੁਨਿਆਦੀ ਮੁੱਦਿਆਂ ਨੂੰ ਹੱਲ ਕਰਨ ਲਈ ਸਖ਼ਤ ਮਿਹਨਤ ਕਰਦੇ ਹਨ, ਪਰ ਅਸੀਂ ਲਾਊਡ ਸਪੀਕਰ ਉੱਤੇ ਇਸ ਦਾ ਐਲਾਨ ਨਹੀਂ ਕੀਤਾ। ਇਸ ਵਾਰ ਅਸੀਂ ਲੋਕਾਂ ਨੂੰ ਇਹ ਦੱਸਣ ਲਈ ਲਾਊਡਸਪੀਕਰ ਵੀ ਲਾਵਾਂਗੇ ਕਿ ਸ਼ਿਵ ਸੈਨਾ ਨੇ ਕੀ ਕੀਤਾ ਹੈ।''

# ਕਿਡਨੀ ਰੈਕਟ ਦਾ ਪਰਦਾਫਾਸ਼, 20 ਕਿਡਨੀਆਂ ਟਰਾਂਸਪਲਾਂਟ ਕਰਾ ਚੁੱਕਾ ਗੈਂਗ ਫੜ੍ਹਿਆ ਗਿਆ

ਨਵੀਂ ਦਿੱਲੀ, 2 ਜੂਨ (ਪੋਸਟ ਬਿਊਰੋ)- ਦਿੱਲੀ ਵਿੱਚ ਸਾਊਥ ਡਿਸਟ੍ਰਿਕਟ ਪੁਲਸ ਨੇ ਕਿਡਨੀ ਰੈਕਟ ਵਿੱਚ ਸ਼ਾਮਲ ਇੱਕ ਡਾਕਟਰ ਸਮੇਤ 10 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਗਿਰੋਹ ਨੇ ਸੋਸ਼ਲ ਮੀਡੀਆ ਉੱਤੇ ਕਿਡਨੀ ਡੋਨਰਸ ਦੇ ਨਾਂਅ ਤੋਂ ਅਲੱਗ ਅਲੱਗ ਪੇਜ਼ ਬਣਾਏ ਹੋਏ ਸਨ। ਇਹ ਗਿਰੋਹ ਉਨ੍ਹਾਂ ਲੋਕਾਂ ਨਾਲ ਸੰਪਰਕ ਕਰਦਾ ਸੀ, ਜਿਨ੍ਹਾਂ ਦੀ ਆਰਥਿਕ ਸਥਿਤੀ ਕਮਜ਼ੋਰ ਹੁੰਦੀ ਸੀ। ਉਨ੍ਹਾਂ ਦੇ ਬ੍ਰੇਨ ਵਾਸ਼ ਕਰ ਕੇ ਅਤੇ ਪੈਸਿਆਂ ਦਾ ਲਾਲਚ ਦੇ ਕੇ ਕਿਡਨੀ ਦੇਣ ਨੂੰ ਤਿਆਰ ਕੀਤਾ ਜਾਂਦਾ ਸੀ। ਇਸ ਪਿੱਛੋਂ ਇਹ ਗੈਂਗ ਗੋਹਾਨਾ ਵਾਲੇ ਸ੍ਰੀ ਰਾਮਚੰਦਰ ਹਸਪਤਾਲ ਵਿੱਚ ਕਿਡਨੀ ਟਰਾਂਸਪਲਾਂਟ ਕਰਾਉਂਦਾ ਸੀ। ਇਹ ਹਸਪਤਾਲ ਡਾਕਟਰ ਸੋਨੂ ਰੋਹਿੱਲਾ ਦਾ ਹੈ। ਇੱਥੇ ਆਪਰੇਸ਼ਨ ਥੀਏਟਰ ਵਿੱਚ ਕਿਡਨੀ ਕੱਢੀ ਜਾਂਦੀ ਸੀ।



ਪੁਲਸ ਸੂਤਰਾਂ ਮੁਤਾਬਕ ਫੜੇ ਗਏ ਵਿਕਾਸ ਉਰਫ ਬਿਕਾਸ ਅਤੇ ਵਿਪਨ ਉਰਫ ਅਭਿਸ਼ੇਕ ਕਿਡਨੀ ਡੋਨੇਟ ਕਰਨ ਵਾਲੇ ਲੋਕਾਂ ਨੂੰ 30-40 ਹਜ਼ਾਰ ਰੁਪਏ ਦਿੰਦੇ ਸਨ। ਫਿਰ ਉਹੀ ਕਿਡਨੀ ਲੋੜਵੰਦ ਨੂੰ ਲੱਖਾਂ ਰੁਪਏ ਦੀ ਵੇਚੀ ਜਾਂਦੀ ਸੀ। ਇਸ ਬਾਰੇ ਦਿੱਲੀ ਦੇ ਹੌਜ਼ਖਾਸ ਥਾਣੇ ਵਿੱਚ ਕੇਸ ਦਰਜ ਹੋਇਆ ਹੈ।ਹੌਜ਼ਖਾਸ ਦੀ ਇੱਕ ਪੈਥਲੈਬ ਵਿੱਚ ਕਿਡਨੀ ਡੋਨਰਸ ਦੇ ਟੈਸਟ ਕਰਵਾਏ ਜਾਂਦੇ ਹਨ। ਪੁਲਸ ਅਨੁਸਾਰ ਇਹ ਗੈਂਗ ਸਾਰੇ ਦੇਸ਼ ਵਿੱਚ ਕਾਫੀ ਲੋਕਾਂ ਨੂੰ ਸ਼ਿਕਾਰ ਬਣਾ ਕੇ ਵੀਹ ਦੇ ਕਰੀਬ ਕਿਡਨੀਆਂ ਟਰਾਂਸਪਲਾਂਟ ਕਰਵਾ ਚੁੱਕਾ ਹੈ।ਦੋਸ਼ੀਆਂ ਦੀ ਪਛਾਣ ਸਰਬਜੀਤ ਜੈਲਵਾਨ, ਸ਼ੈਲੇਸ਼ ਪਟੇਲ, ਮੁਹੰਮਦ ਲਤੀਫ, ਵਿਕਾਸ, ਰਣਜੀਤ ਗੁਪਤਾ, ਡਾਕਟਰ ਸੋਨੂੰ ਰੋਹਿ-ੱਲਾ (ਝੋਲਾਛਾਪ), ਸੌਰਭ ਮਿੱਤਲ, ਕੁਲਦੀਪ ਰੇ ਵਿਸ਼ਵਕਰਮਾ, ਓਮ ਪ੍ਰਕਾਸ਼ ਸ਼ਰਮਾ ਅਤੇ ਮਨੋਜ ਤਿਵਾੜੀ ਵਜੋਂ ਹੋਈ। ਇਨ੍ਹਾਂ ਵਿੱਚ ਮਨੋਜ ਤਿਵਾੜੀ, ਓਮ ਪ੍ਰਕਾਸ਼ ਸ਼ਰਮਾ, ਕੁਲਦੀਪ ਰੇ ਓ ਟੀ ਟੈਕਨੀਸ਼ੀਅਨ ਹਨ। ਸਰਬਜੀਤ ਅਤੇ ਸ਼ੈਲੇਸ਼ ਪਟੇਲ ਪੀੜਤ ਲੋਕਾਂ ਨੂੰ ਮੁੱਖ ਦੋਸ਼ੀ ਕੋਲ ਲੈ ਜਾਂਦੇ ਸਨ। ਮੁਹੰਮਦ ਲਤੀਫ ਹੌਜ਼ਖਾਸ ਦੇ ਇਮੇਜਿੰਗ ਸੈਂਟਰ ਵਿੱਚ ਫੀਲਡ ਬੁਆਏ ਵਜੋਂ ਕੰਮ ਕਰਦਾ ਸੀ, ਜਿਹੜਾ ਪੀੜਤਾਂ ਨੂੰ ਪ੍ਰੀ ਟੈਸਟ ਵਿੱਚ ਮਦਦ ਕਰਦਾ ਸੀ। ਡਾਕਟਰ ਰਣਜੀਤ ਗੋਹਾਨਾ ਵਿਚਲੇ ਸੈਟਅਪ ਦਾ ਮਾਲਕ ਹੈ, ਜਿੱਥੇ ਡਾਕਟਰ ਸੌਰਭ ਮਿੱਤਲ ਕਿਡਨੀ ਟਰਾਂਸਪਲਾਂਟ ਕਰਦਾ ਸੀ।ਦੋਸ਼ੀ ਕੁਲਦੀਪ ਇਸ ਗੈਂਗ ਦਾ ਮਾਸਟਰਮਾਈਂਡ ਹੈ। ਉਹੀ ਲੋਕਾਂ ਨੂੰ ਪ੍ਰੇਰਿਤ ਕਰਦਾ ਸੀ। ਉਹ ਇਸ ਰੈਕਟ ਵਿੱਚ ਸ਼ਾਮਲ ਲੋਕਾਂ ਨੂੰ ਉਨ੍ਹਾਂ ਦੇ ਰੋਲ ਦੇ ਹਿਸਾਬ ਨਾਲ ਰੁਪਏ ਦਿੰਦਾ ਸੀ। ਬੀਤੇ ਛੇ-ਸੱਤ ਮਹੀਨੇ ਵਿੱਚ ਇਹ ਗੈਂਗ ਗੋਹਾਨਾ ਵਿੱਚ 12 ਤੋਂ 14 ਨਾਜਾਇਜ਼ ਤਰੀਕੇ ਨਾਲ ਟਰਾਂਸਪਲਾਂਟ ਕਰ ਚੁੱਕਾ ਸੀ। ਇਸ ਗੈਂਗ ਦੇ ਨਿਸ਼ਾਨੇ ਉੱਤੇ 20 ਤੋਂ 30 ਸਾਲ ਦੀ ਉਮਰ ਦੇ ਨੌਜਵਾਨ ਹੁੰਦੇ ਸਨ, ਜਿਨ੍ਹਾਂ ਨੂੰ ਰੁਪਿਆਂ ਦੀ ਜ਼ਰੂਰਤ ਹੁੰਦੀ ਸੀ।

# ਸਾਡੇ ਪ੍ਰਾਜੈਕਟ ਸਿੰਧੂ ਜਲ ਸਮਝੌਤੇ ਅਨੁਸਾਰ ਹਨ: ਭਾਰਤ

ਨਵੀਂ ਦਿੱਲੀ, 2 ਜੂਨ (ਪੋਸਟ ਬਿਊਰੋ)- ਭਾਰਤ-ਪਾਕਿ ਪੱਕੇ ਸਿੰਧੂ ਕਮਿਸ਼ਨ ਦੀ ਕੱਲ੍ਹ ਹੋਈ ਮੀਟਿੰਗ ਦੌਰਾਨ ਭਾਰਤ ਨੇ ਪਾਕਿ-ਸਤਾਨ ਨੂੰ ਸਪੱਸ਼ਟ ਕਰ ਦਿੱਤਾ ਕਿ ਉਸ ਦੇ ਪ੍ਰਾਜੈਕਟ ਪੂਰੀ ਤਰ੍ਹਾਂ ਸਿੰਧੂ ਜਲ ਸਮਝੌਤੇ ਦੀਆਂ ਧਾਰਾਵਾਂ ਦੇ ਅਨੁਸਾਰ ਹਨ ਅਤੇ ਉਹ ਸਥਾਈ ਸਿੰਧੂ ਕਮਿਸ਼ਨ (ਪੀ ਆਈ ਸੀ) ਦੀ ਬੈਠਕ ਮੌਕੇ ਪਾਕਿਸਤਾਨ ਵੱਲੋਂ ਦਿੱਤੇ ਸੁਝਾਵਾਂ ਅਤੇ ਮੁੱਦਿਆਂ ਦੇ ਦੁਵੱਲੇ ਹੱਲ ਲਈ ਵਚਨਬੱਧ ਹੈ, ਪਰ ਪਾਕਿਸਤਾਨੀ ਧਿਰ ਦੀ ਰਾਏ ਪਤਾ ਨਹੀਂ ਚੱਲ ਸਕੀ।

ਜਾਣਕਾਰ ਸੂਤਰਾਂ ਮੁਤਾਬਕ ਭਾਰਤ ਅਤੇ ਪਾਕਿਸਤਾਨ ਨੇ 30-31 ਮਈ ਨੂੰ ਸਥਾਈ ਸਿੰਧੂ ਕਮਿਸ਼ਨ ਦੀ 118ਵੀਂ ਬੈਠਕ ਵਿੱਚ ਸਿੰਧੂ ਕਮਿਸ਼ਨ ਦੀ ਰੂਪ-ਰੇਖਾ ਤਹਿਤ ਵੱਖ-ਵੱਖ ਮੁੱਦਿਆਂ ਉੱਤੇ ਚਰਚਾ ਕੀਤੀ। ਭਾਰਤ ਨੇ ਕਿਹਾ ਕਿ ਉਹ ਜ਼ਿਆਦਾ ਪਾਣੀ ਤੇ ਹੜ੍ਹ ਦੇ ਵਹਿਣ ਦੀ ਜਾਣਕਾਰੀ ਪਹਿਲਾਂ ਹੀ ਦੇਂਦਾ ਰਿਹਾ ਹੈ। ਇਸ ਤੋਂ ਪਹਿਲਾਂ ਪਾਕਿਸਤਾਨ ਨੇ ਭਾਰਤ ਨੂੰ ਹੜ੍ਹ ਸਬੰਧੀ ਪਹਿਲਾਂ ਸੂਚਨਾ ਦੇਣ ਲਈ ਕਿਹਾ ਸੀ। ਉਨ੍ਹਾਂ ਦੱਸਿਆ ਕਿ ਬੈਠਕ ਦੌਰਾਨ ਕੋਈ ਤਕਨੀਕੀ ਚਰਚਾ ਨਹੀਂ ਹੋਈ। ਭਾਰਤ ਨੇ ਭਰੋਸਾ ਦਿੱਤਾ ਕਿ ਸੰਧੀ ਅਨੁਸਾਰ ਸਾਰੀਆਂ ਚੀਜ਼ਾਂ ਜਾਰੀ ਰਹਿਣਗੀਆਂ। ਉਨ੍ਹਾਂ ਕਿਹਾ ਕਿ ਪੱਛਮੀ ਨਦੀਆਂ ਉੱਤੇ ਭਾਰਤ ਦੇ ਪਣ ਬਿਜਲੀ ਪ੍ਰਾਜੈਕਟਾਂ ਬਾਰੇ ਪਾਕਿਸਤਾਨ ਦੇ ਇਤਰਾਜ਼ ਉਤੇ ਚਰਚਾ ਨਹੀਂ ਹੋਈ। ਸੂਤਰਾਂ ਅਨੁਸਾਰ ਭਾਰਤ ਨੇ ਭਰੋਸਾ ਦਿੱਤਾ ਹੈ ਕਿ ਭਾਰਤੀ ਪ੍ਰਾਜੈਕਟ ਪੂਰੀ ਤਰ੍ਹਾਂ ਸੰਧੀ ਦੀਆਂ ਧਾਰਾਵਾਂ ਅਨੁਸਾਰ ਹਨ ਅਤੇ ਉਹ ਮੁੱਦਿਆਂ ਦਾ ਹੱਲ ਦੁਵੱਲੇ ਤਰੀਕੇ ਨਾਲ ਕੱਢਣ ਲਈ ਵਚਨਬੱਧ ਹੈ।

# ਸੁਪਰੀਮ ਕੋਰਟ ਨੇ ਆਖਿਆ, ਸਸਤੀ ਪੜ੍ਹਾਈ ਲਈ ਯੂਕਰੇਨ ਜਾਂਦੇ ਨੇ ਭਾਰਤੀ ਵਿਦਿਆਰਥੀ

* ਭਾਰਤ ਵਿੱਚ ਵਿਦਿਆ ਨੂੰ ਬਿਜ਼ਨਸ ਬਣ ਗਈ ਦੱਸਿਆ

ਨਵੀਂ ਦਿੱਲੀ, 2 ਜੂਨ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਭਾਰਤ ਵਿੱਚ ਵਿਦਿਆ ਅਸਲ ਵਿੱਚ ਬਿਜ਼ਨਿਸ ਬਣ ਗਈ ਹੈ ਅਤੇ ਵਿਦਿਆਰਥੀ ਸਸਤੀ ਵਿਦਿਆ ਲਈ ਯੂਕਰੇਨ ਜਾਂਦੇ ਹਨ।



ਵਰਨਣ ਯੋਗ ਹੈ ਕਿ ਇੱਕ ਪਾਸੇ ਗੁਣਵੱਤਾ ਰਹਿਤ ਫਾਰਮੇਸੀ ਕਾਲਜਾਂ ਤਾਬੜਤੋੜ ਬਣੀ ਜਾਂਦੇ ਹਨਅਤੇ ਦੂਸਰੇ ਪਾਸੇ ਵਿਦਿਆਰਥੀਆਂ ਲਈ ਉਚਿਤ ਮੁੱਲ ਉੱਤੇ ਮੈਡੀਕਲ ਦੀ ਪੜ੍ਹਾਈ ਦੇ ਸੰਤੁਲਨ ਦੀ ਚਿੰਤਾ ਹਰ ਕਿਸੇ ਨੂੰ ਹੋਣ ਲੱਗੀ ਹੈ। ਇਹ ਚਿੰਤਾ ਆਮ ਲੋਕਾਂ ਵਿੱਚ ਤਾਂ ਹੈ ਹੀ, ਕੱਲ੍ਹ ਸੁਪਰੀਮ ਕੋਰਟ ਵਿੱਚ ਵੀ ਨਜ਼ਰ ਆਈ ਤੇ ਕੋਰਟ ਦੇ ਨਵੇਂ ਫਾਰਮੇਸੀ ਕਾਲਜ ਖੋਲ੍ਹਣ ਉੱਤੇ ਰੋਕ ਦੇ ਕੇਸ ਦੀ ਸੁਣਵਾਈ ਦੌਰਾਨ ਕਿਹਾ ਕਿ 'ਅੱਜਕੱਲ੍ਹ ਸਿੱਖਿਆ ਬਿਜ਼ਨਸ ਬਣ ਗਈ ਹੈ ਤੇ ਵੱਡੇ ਕਾਰੋਬਾਰੀ ਘਰਾਣੇ ਇਸ ਵਿੱਚ ਸ਼ਾਮਲ ਹਨ, ਦੂਸਰਾ ਪਹਿਲੂ ਇਹ ਹੈ ਕਿ ਇੱਥੇ ਮੈਡੀਕਲ ਦੀ ਪੜ੍ਹਾਈ ਮਹਿੰਗੀ ਹੋਣ ਕਰ ਕੇ ਭਾਰਤੀ ਵਿਦਿਆਰਥੀ ਯੂਕਰੇਨ ਪੜ੍ਹਨ ਜਾਂਦੇ ਹਨ।' ਇਸ ਦੇ ਨਾਲ ਹੀ ਕੋਰਟ ਨੇ ਅੰਤ੍ਰਿਮ ਹੁਕਮ ਦਿੰਦੇ ਹੋਏ ਫਾਰਮੇਸੀ ਕੌਂਸਲ ਆਫ ਇੰਡੀਆ (ਪੀ ਸੀ ਆਈ) ਨੂੰ ਨਿਰਦੇਸ਼ ਦਿੱਤਾ ਕਿ ਉਹ ਉਨ੍ਹਾਂ ਨਵੇਂ ਫਾਰਮੇਸੀ ਕਾਲਜਾਂ ਦੀਆਂ ਅਰਜ਼ੀਆਂ ਨੂੰ ਸਵੀਕਾਰ ਕਰ ਕੇ ਪ੍ਰੋਸੈਸ ਕਰੇ, ਜਿਨ੍ਹਾਂ ਨੇ ਪੀ ਸੀ ਆਈ ਵੱਲੋਂ ਲੱਗੀ ਪਾਬੰਦੀ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਪ੍ਰੰਤੂ ਉਨ੍ਹਾਂ ਨੂੰ ਮਨਜ਼ੂਰ ਕਰਨ ਜਾਂ ਰੱਦ ਕਰਨ ਉੱਤੇ ਅੰਤਿਮ ਫੈਸਲਾ ਹਾਲੇ ਨਹੀਂ ਲਿਆ ਜਾਏਗਾ।

ਜਸਟਿਸ ਬੀ ਆਰ ਗਵਈ ਅਤੇ ਜਸਟਿਸ ਹਿਮਾ ਕੋਹਲੀ ਦੀ ਬੈਂਚ ਨੇ ਦਿੱਲੀ ਅਤੇ ਕਰਨਾਟਕ ਹਾਈ ਕੋਰਟ ਦੇ ਫੈਸਲਿਆਂ ਨੂੰ ਚੁਣੌਤੀ ਦੇਣ ਵਾਲੀ ਪੀ ਸੀ ਆਈ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਉਪਰੋਕਤ ਟਿੱਪਣੀ ਕੀਤੀ। ਕੋਰਟ ਨੇ ਨਵੀਆਂ ਪਟੀਸ਼ਨਾਂ ਉੱਤੇ ਨੋਟਿਸ ਜਾਰੀ ਕਰਦੇ ਹੋਏ ਸੰਬੰਧਤ ਧਿਰਾਂ ਨੂੰ ਜਵਾਬ ਦੇਣ ਦੀ ਪ੍ਰਕਿਰਿਆ 22 ਜੁਲਾਈ ਤਕ ਪੂਰੀ ਕਰਨ ਨੂੰ ਕਿਹਾ ਅਤੇ ਕੇਸ 26 ਜੁਲਾਈ ਨੂੰ ਸੁਣਵਾਈ ਉੱਤੇ ਲਾਉਣ ਦਾ ਹੁਕਮ ਦਿੱਤਾ। ਪੀ ਸੀ ਆਈ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਨਾਲ ਪੀ ਸੀ ਆਈ ਵੱਲੋਂ ਨਵੇਂ ਫਾਰਮੇਸੀ ਕਾਲਜ ਖੋਲ੍ਹਣ ਉੱਤੇਹਾਈ ਕੋਰਟ ਦੇ ਲਾਈ ਪੰਜ ਸਾਲ ਦੀ ਰੋਕ ਵਾਲੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਇਹ ਰੋਕ 2020-21 ਦੇ ਸੈਸ਼ਨ ਤੋਂ ਲਾਗੂ ਸੀ।ਸੁਪਰੀਮ ਕੋਰਟ ਵਿੱਚ ਪੀ ਸੀ ਆਈ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ ਕਿ ਫਾਰਮੇਸੀ ਕਾਲਜਾਂ ਦੀ ਤੇਜ਼ੀ ਨਾਲ ਵਧਦੀ ਗਿਣਤੀ ਦੇਖ ਕੇ ਰੋਕ ਲਾਈ ਸੀ। ਉਨ੍ਹਾਂ ਕਿਹਾ ਕਿ ਸੰਸਥਾਵਾਂ ਦੇ ਪਰਦੇਹੇਠ ਇਹ ਬਿਜ਼ਨਸ ਹੈ। ਕਾਲਜਾਂ ਵੱਲੋਂ ਪੇਸ਼ ਵਕੀਲਾਂ ਨੇ ਕਿਹਾ ਕਿ ਰੋਕ ਨਾਲ ਉਨ੍ਹਾਂ ਦੇ ਤਿੰਨ ਸਾਲ ਬਰਬਾਦ ਹੋ ਗਏ ਹਨ। ਸਰਕਾਰੀ ਵਕੀਲ ਨੇ ਇਸ ਦੇ ਵਿਰੋਧ ਵਿੱਚ ਕਿਹਾ ਕਿ ਸਿੱਖਿਆ ਵਪਾਰ ਨਹੀਂ ਹੈ, ਜੇ ਵਿਦਿਆਰਥੀ ਕਹਿੰਦੇ ਹਨ ਕਿ ਉਹ ਪੜ੍ਹਨਾ ਚਾਹੁੰਦੇ ਹਨ ਤਾਂ ਗੱਲ ਸਮਝ ਪੈਂਦੀ ਹੈ, ਪਰ ਇੱਥੇ ਤਾਂ ਕਾਲਜ ਹੀ ਸ਼ਿਕਾਇਤ ਕਰ ਰਹੇ ਹਨ ਕਿ ਤਿੰਨ ਸਾਲ ਬਰਬਾਦ ਹੋ ਗਏ।

# ਰਾਸ਼ਟਰੀ ਖਪਤਕਾਰ ਕਮਿਸ਼ਨ ਵੱਲੋਂ ਹਸਪਤਾਲ ਤੇ ਉਸ ਦੇ ਡਾਕਟਰ ਨੂੰ ਰਾਹਤ

* ਕਈ ਵਾਰ ਗਲਤੀ ਹੁੰਦੀ ਹੈ, ਪਰ ਇਹ ਲਾਪਰਵਾਹੀ ਨਹੀਂ ਮੰਨ ਸਕਦੇ



ਨਵੀਂ ਦਿੱਲੀ, 2 ਮਈ (ਪੋਸਟ ਬਿਊਰੋ)- ਮੈਡੀਕਲ ਲਾਪਰਵਾਹੀ ਦੇ ਮਾਮਲਿਆਂ ਵਿੱਚ ਰਾਸ਼ਟਰੀ ਖਪਤਕਾਰ ਕਮਿਸ਼ਨ ਨੇ ਅਹਿਮ ਫੈਸਲਾ ਸੁਣਾਇਆ ਹੈ। ਫੋਰਮ ਦੇ ਜਸਟਿਸ ਐਸ ਐਮ ਕਾਂਤੀਕਾਰ ਤੇ ਜਸਟਿਸ ਬਿਨੋਏ ਕੁਮਾਰ ਦੀ ਬੈਂਚ ਨੇ ਇੱਕ ਕੇਸ ਵਿੱਚ ਕਿਹਾ ਹੈ ਕਿ ਜੇ ਕਿਸੇ ਡਾਕਟਰ ਵੱਲੋਂ ਸਰਜਰੀ ਦੌਰਾਨ ਮਰੀਜ਼ ਦੇ ਹਿਤ ਵਿੱਚ ਲਏ ਫੈਸਲੇ ਵਿੱਚ ਗਲਤੀ ਹੋਵੇ ਤਾਂ ਇਸ ਨੂੰ ਮੈਡੀਕਲ ਲਾਪਰਵਾਹੀ ਨਹੀਂ ਮੰਨਿਆ ਜਾ ਸਕਦਾ।

ਆਪਣੀ ਇਸ ਟਿੱਪਣੀ ਨਾਲ ਫੋਰਮ ਨੇ ਕੇਰਲ ਦੇ ਲਾਡਿਸ ਹਸਪਤਾਲ ਅਤੇ ਉਸ ਦੇ ਡਾਕਟਰ ਨੂੰ ਰਾਹਤ ਦਿੱਤੀ ਹੈ ਅਤੇ ਉਨ੍ਹਾਂ ਦੇ ਖਿਲਾਫ ਮੈਡੀਕਲ ਲਾਪਰਵਾਹੀ ਦੀ ਸ਼ਿਕਾਇਤ ਰੱਦ ਕਰ ਦਿੱਤੀ ਹੈ। ਕਮਿਸ਼ਨ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇ ਰਾਜ ਖਪਤਕਾਰ ਕਮਿਸ਼ਨ ਦੇ ਹੁਕਮ ਉੱਤੇ ਹਸਪਤਾਲ ਪ੍ਰਬੰਧਕ ਸ਼ਿਕਾਇਤਕਰਤਾ ਨੂੰ ਤਿੰਨ ਲੱਖ ਰੁਪਏ ਹਰਜਾਨੇ ਦਾ ਭੁਗਤਾਨ ਕਰ ਚੁੱਕਾ ਹੈ ਤਾਂ ਉਹ ਰਕਮ ਵਾਪਸ ਨਹੀਂ ਲਈ ਜਾਏਗੀ। ਕਮਿਸ਼ਨ ਨੇ ਆਪਣੇ ਫੈਸਲੇ ਵਿੱਚ ਪਹਿਲੇ ਕੁਝ ਫੈਸਲਿਆਂ ਦਾ ਹਵਾਲਾ ਦੇ ਕੇ ਕਿਹਾ ਹੈ ਕਿ ਕਿਸੇ ਕੇਸ ਵਿੱਚ ਸਰਜਰੀ ਜਾਂ ਇਲਾਜ ਦੌਰਾਨ ਹੋਈ ਘਟਨਾ ਨੂੰ ਲਾਪਰਵਾਹੀ ਨਹੀਂ ਕਿਹਾ ਜਾ ਸਕਦਾ ਤੇ ਇੱਕ ਪੇਸ਼ੇਵਰ ਡਾਕਟਰ ਵੱਲੋਂ ਫੈਸਲੇ ਲੈਣ ਵਿੱਚ ਹੋਈ ਗਲਤੀ ਨੂੰ ਵੀ ਮੈਡੀਕਲ ਲਾਪਰਵਾਹੀ ਨਹੀਂ ਮੰਨਿਆ ਜਾ ਸਕਦਾ। ਕਈ ਵਾਰ ਐਮਰਜੈਂਸੀ ਵਿੱਚ ਜਲਦੀ ਨਾਲ ਕੰਮ ਕਰਨਾ ਹੁੰਦਾ ਹੈ। ਅਜਿਹੇ ਵਿੱਚ ਐਮਰਜੈਂਸੀ ਵਿੱਚ ਤੀਬਰਤਾ ਤੇ ਜਟਿਲਤਾ ਜਿੰਨੀ ਜ਼ਿਆਦਾ ਹੋਵੇਗੀ ਉਸ ਵਿੱਚ ਫੈਸਲਾ ਲੈਣ ਵਿੱਚ ਗਲਤੀ ਹੋਣ ਦੀ ਸੰਭਾਵਨਾ ਵੀ ਓਨੀ ਹੀ ਹੁੰਦੀ ਹੈ। ਕਦੇ-ਕਦੇ ਐਮਰਜੈਂਸੀ ਵਿੱਚ ਪੇਸ਼ੇਵਰ ਡਾਕਟਰ ਨੂੰ ਸ਼ੈਤਾਨ ਜਾਂ ਡੂੰਘੇ ਸਮੁੰਦਰ ਵਿੱਚੋਂ ਕਿਸੇ ਇੱਕ ਨੂੰ ਚੁਣਨਾ ਪੈਂਦਾ ਹੈ। ਕਹਿਣ ਦਾ ਅਰਥ ਹੈ ਕਿ ਡਾਕਟਰ ਨੂੰ ਮਰੀਜ਼ ਦੇ ਹਿੱਤ ਵਿੱਚ ਇਹ ਫੈਸਲਾ ਲੈਣਾ ਹੁੰਦਾ ਹੈ ਕਿ ਬੁਰੇ ਤੇ ਜ਼ਿਆਦਾ ਬੁਰੇ ਵਿੱਚੋਂ ਕਿਸ ਨੂੰ ਚੁਣਨ, ਜਿਸ ਤੋਂ ਮਰੀਜ਼ ਨੂੰ ਘੱਟ ਪ੍ਰੇਸ਼ਾਨੀ ਹੋਵੇ। ਡਾਕਟਰ ਨੂੰ ਅਕਸਰ ਸਰਜਰੀ ਜਾਂ ਆਪਰੇਸ਼ਨ ਦੇ ਦੌਰਾਨ ਅਜਿਹੇ ਫੈਸਲੇ ਲੈਣੇ ਪੈਂਦੇ ਹਨ। ਕਈ ਵਾਰ ਖਤਰੇ ਭਰੇ ਇਲਾਜ ਵਿੱਚ ਅਸਫਲਤਾ ਦੀ ਸੰਭਾਵਨਾ ਵੱਧ ਹੁੰਦੀ ਹੈ।

# ਕਰਾਊਨ ਚਿੱਟ ਫੰਡ ਕੰਪਨੀ ਦਾ ਐਮ ਡੀ ਗੁਜਰਾਤ ਤੋਂ ਕਾਬੂ

* ਹਜ਼ਾਰਾਂ ਲੋਕਾਂ ਨਾਲ 10 ਹਜ਼ਾਰ ਕਰੋੜ ਦੀ ਠੱਗੀ ਦਾ ਮਾਮਲਾ

ਚੰਡੀਗੜ੍ਹ, 2 ਜੂਨ (ਪੋਸਟ ਬਿਊਰੋ)- ਹਰਿਆਣਾ ਪੁਲਸ ਨੇ ਕਰਾਊਨ ਚਿੱਟ ਫੰਡ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ (ਐੱਮ ਡੀ) ਜਗਜੀਤ ਸਿੰਘ ਨੂੰ ਗੁਜਰਾਤ ਵਿੱਚੋਂ ਗ੍ਰਿਫਤਾਰ ਕਰ ਲਿਆ ਹੈ। ਇਸ ਕੰਪਨੀ ਉੱਤੇ ਉਤਰੀ ਭਾਰਤ ਦੇ ਹਜ਼ਾਰਾਂ ਨਿਵੇਸ਼ਕਾਂ ਨਾਲ ਕਰੀਬ 10 ਹਜ਼ਾਰ ਕਰੋੜ ਰੁਪਏ ਦੀ ਠੱਗੀ ਮਾਰਨ ਦਾ ਦੋਸ਼ ਹੈ, ਜਿਸ ਦਾ ਸਾਲ 2015 ਵਿੱਚ ਭੇਦ ਖੁੱਲ੍ਹਾ ਸੀ। ਰੌਲਾ ਪੈਣ ਉੱਤੇ ਬਰਨਾਲਾ ਪੁਲਸ ਨੇ ਸਤੰਬਰ 2015 ਵਿੱਚ ਕੰਪਨੀ ਦੇ ਐਮ ਡੀ ਜਗਜੀਤ ਸਿੰਘ ਸਮੇਤ ਹੋਰ ਅੱਠ ਜਣਿਆਂ ਦੇ ਖਿਲਾਫ ਕੇਸ ਦਰਜ ਕੀਤਾ ਸੀ। ਸੱਤ ਸਾਲਾਂ ਮਗਰੋਂ ਕਰਾਊਨ ਕੰਪਨੀ ਫਿਰ ਚਰਚਾ ਵਿੱਚ ਹੈ।



ਵਰਨਣ ਯੋਗ ਹੈ ਕਿ ਕਰਾਊਨ ਚਿੱਟ ਫੰਡ ਕੰਪਨੀ ਨੇ ਸਭ ਤੋਂ ਵੱਧ ਠੱਗੀ ਮਾਲਵਾ ਖਿੱਤੇ ਦੇ ਲੋਕਾਂ ਨਾਲ ਕੀਤੀ ਤੇ ਇਕੱਲੇ ਮਾਲਵੇ ਵਿੱਚ ਦਰਜਨਾਂ ਦਫਤਰ ਖੋਲ੍ਹੇ ਸਨ। ਸਾਲ 2015 ਵਿੱਚ ਪੁਲਸ ਨੂੰ 470 ਸ਼ਿਕਾਇਤਾਂ ਮਿਲੀਆਂ ਸਨ। ਸਭ ਤੋਂ ਵੱਧ ਪੀੜਤ ਬਰਨਾਲਾ, ਸੰਗਰੂਰ ਤੇ ਬਠਿੰਡਾ ਖਿੱਤੇ ਦੇ ਲੋਕ ਸਨ। ਬੀਤੇ ਦਿਨੀਂ ਹਰਿਆਣਾ ਪੁਲਸ ਨੂੰ ਭਿਣਕ ਪਈ ਕਿ ਇਸ ਕੰਪਨੀ ਦਾ ਐਮ ਡੀ ਜਗਜੀਤ ਸਿੰਘ ਭੇਸ ਬਦਲ ਕੇ ਗੁਜਰਾਤ ਵਿੱਚ ਲੁਕਿਆ ਹੈ ਤੇ ਉਦੋਂ ਤੋਂ ਪੁਲਸ ਉਸ ਦੀ ਪੈੜ ਨੱਪ ਰਹੀ ਸੀ। ਜਾਣਕਾਰ ਸੂਤਰਾਂ ਅਨੁਸਾਰ ਜਗਜੀਤ ਸਿੰਘ ਨੇ ਆਪਣਾ ਹੁਲੀਆ ਬਦਲਿਆ ਹੋਇਆ ਸੀ। ਪਹਿਲਾਂ ਉਹ ਪਗੜੀਧਾਰੀ ਸਿੱਖ ਸੀ, ਅੱਜਕੱਲ੍ਹ ਕਲੀਨਸ਼ੇਵ ਹੈ। ਦੱਸਦੇ ਹਨ ਕਿ ਐਮ ਡੀ ਜਗਜੀਤ ਸਿੰਘ ਭਗੌੜਾ ਤੇ ਮੋਸਟ ਵਾਂਟਿਡ ਹੈ। ਕਰਾਊਨ ਚਿੱਟ ਫੰਡ ਦੇ ਨਿਵੇਸ਼ਕਾਂ ਨੇ ਇੱਕ ਸੰਘਰਸ਼ ਕਮੇਟੀ ਬਣਾਈ ਹੋਈ ਹੈ। ਵੱਡਾ ਕੇਸ ਹੋਣ ਕਰ ਕੇ ਓਦੋਂ ਪੰਜਾਬ ਪੁਲਸ ਨੇ ਸੀਨੀਅਰ ਅਫਸਰ ਨੌਨਿਹਾਲ ਸਿੰਘ ਦੀ ਅਗਵਾਈ ਵਿੱਚ ਸਾਲ 2016 ਵਿੱਚ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਈ ਸੀ। ਇਸ ਕੰਪਨੀ ਦੇਮੋਢੀਦੀ ਇੰਗਲੈਂਡ ਵਿੱਚ ਹੋਣ ਦੀ ਸੂਹ ਹੈ। ਪੰਜਾਬ ਪੁਲਸ ਹਰਿਆਣਾ ਪੁਲਸ ਤਕ ਪਹੁੰਚ ਕਰੇਗੀ ਕਿਉਂਕਿ ਦੋਸ਼ੀ ਪੰਜਾਬ ਵਿੱਚ ਲੋੜੀਂਦਾ ਹੈ। ਅਦਾਲਤ ਨੇ ਜਗਜੀਤ ਸਿੰਘ ਨੂੰ ਦਸ ਦਿਨਾਂ ਦੇ ਪੁਲਸ ਰਿਮਾਂਡ ਵਿੱਚ ਦਿੱਤਾ ਹੈ। ਹਰਿਆਣਾ ਪੁਲਸ ਨੇ 26 ਜਨਵਰੀ 2017 ਨੂੰ ਲੋਕਾ ਦੀ ਸ਼ਿਕਾਇਤ ਉੱਤੇ ਜਗਜੀਤ ਸਿੰਘ, ਜਸਵਿੰਦਰ ਸਿੰਘ ਤੋਂ ਇਲਾਵਾ ਟੋਹਾਣਾ ਵਾਸੀ ਸੰਦੀਪ ਸਿੰਗਲਾ ਅਤੇ ਉਸ ਦੇ ਲੜਕੇ ਸੌਰਵ ਸਿੰਗਲਾ ਅਤੇ ਬੱਸੀ ਪਠਾਣਾ ਦੇ ਅਵਤਾਰ ਸਿੰਘ ਖਿਲਾਫ ਕੇਸ ਦਰਜ ਕੀਤਾ ਸੀ।ਪੰਜਾਬ ਸਰਕਾਰ ਨੇ ਪਰਲਜ਼ ਗਰੁੱਪ ਸਮੇਤ ਵੱਡੀਆਂ ਚਿੱਟ ਫੰਡ ਕੰਪਨੀਆਂ ਨੂੰ ਹੱਥ ਪਾਉਣ ਦੀ ਯੋਜਨਾਬੰਦੀ ਬਣਾਈ ਹੈ ਤਾਂ ਜੋ ਹਜ਼ਾਰਾਂ ਨਿਵੇਸ਼ਕਾਂ ਦਾ ਡੁੱਬਿਆ ਪੈਸਾ ਵਾਪਸ ਕਰਾਇਆ ਜਾ ਸਕੇ।

# ਪਤੀ ਨਾਲ ਝਗੜੇ ਪਿੱਛੋਂ ਔਰਤ ਨੇ ਛੇ ਬੱਚੇ ਖੂਹ ਵਿੱਚ ਸੁੱਟ ਕੇ ਮਾਰੇ

ਮੁੰਬਈ, 2 ਜੂਨ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਰਾਏਗੜ੍ਹ ਜ਼ਿਲ੍ਹੇ ਵਿੱਚ ਕੱਲ੍ਹ ਮਹਾਡ ਤਹਿਸੀਲ ਦੀ ਇੱਕ ਔਰਤ ਨੇ ਆਪਣੇ ਛੇ ਬੱਚਿਆਂ ਨੂੰ ਖੂਹ ਵਿੱਚ ਸੁੱਟ ਦਿੱਤਾ, ਜਿਸ ਕਾਰਨ ਸਾਰਿਆਂ ਦੀ ਮੌਤ ਹੋ ਗਈ। ਦੱਸਿਆ ਗਿਆ ਹੈ ਕਿ ਰੂਨਾ ਨਾਂ ਦੀ ਔਰਤ ਦਾ ਆਪਣੇ ਪਤੀ ਚਿਖੂਰੀ ਸਾਹਨੀ ਨਾਲ ਝਗੜਾ ਹੋ ਗਿਆ ਸੀ। ਇਸ ਪਿੱਛੋਂ ਕੱਲ੍ਹ ਰਾਤ ਕਰੀਬ 8 ਵਜੇ ਉਸ ਨੇ ਆਪਣੇ ਛੇ ਬੱਚਿਆਂ ਨੂੰ ਖੂਹ ਵਿੱਚ ਧੱਕਾ ਦੇ ਕੇ ਸੁੱਟ ਦਿੱਤਾ ਅਤੇ ਫਿਰ ਖੁਦ ਖੂਹ ਵਿੱਚ ਛਾਲ ਮਾਰ ਦਿੱਤੀ। ਜਦੋਂ ਰੂਨਾ ਖੂਹ ਵਿੱਚ ਛਾਲ ਮਾਰਨ ਲੱਗੀ ਤਾਂ ਉਥੋਂ ਲੰਘਦੇ ਇੱਕ ਵਿਅਕਤੀ ਨੇ ਉਸ ਨੂੰ ਦੇਖ ਕੇ ਰੌਲਾ ਪਾ ਕੇ ਪਿੰਡ ਵਾਲਿਆਂ ਨੂੰ ਇਕੱਠਾ ਕਰ ਲਿਆ। ਰੂਨਾ ਨੂੰ ਕੱਢ ਲਿਆ ਗਿਆ, ਪਰ ਮਾਸੂਮ ਬੱਚਿਆਂ ਨੂੰ ਬਚਾਇਆ ਨਹੀਂ ਜਾ ਸਕਿਆ। ਪੁਲਸ ਨੇ ਖੂਹ ਵਿੱਚੋਂ ਬੱਚਿਆਂ ਦੀਆਂ ਲਾਸ਼ਾਂ ਕੱਢ ਲਈਆਂ ਹਨ। ਰੂਨਾ ਦਾ ਪਤੀ ਸ਼ਰਾਬੀ ਹੈ ਅਤੇ ਉਸਦੀ ਕੁੱਟਮਾਰ ਕਰਦਾ ਸੀ। ਕੱਲ੍ਹ ਵੀ ਰੂਨਾ ਦਾ ਆਪਣੇ ਪਤੀ ਨਾਲ ਝਗੜਾ ਹੋਇਆ ਸੀ। ਰੂਨਾ ਦੀਆਂ ਪੰਜ ਧੀਆਂ ਅਤੇ ਇੱਕ ਪੁੱਤਰ ਸੀ।

# ਭਾਰਤੀ ਕੁੜੀਆਂ ਨੇ ਆਈ ਐਸ ਐਸ ਐਫ ਵਿਸ਼ਵ ਕੱਪ ਵਿਚ 10 ਮੀਟਰ ਏਅਰ ਰਾਈਫਲ ਵਿੱਚ ਸੋਨ ਤਮਗਾ ਜਿੱਤਿਆ



ਨਵੀਂ ਦਿੱਲੀ, 2 ਜੂਨ (ਪੋਸਟ ਬਿਊਰੋ)- ਭਾਰਤੀ ਮਹਿਲਾ ਨਿਸ਼ਾਨੇਬਾਜ਼ਾਂ ਦੀ ਤਿੱਕੜੀ ਐਲਾਵੈਨਿਲ ਵਲਾਰੀਵਨ, ਰਮਿਤਾ ਅਤੇ ਸ਼੍ਰੇਆ ਅਗਰਵਾਲ ਨੇ ਅਜ਼ਰਬਾਈਜਾਨ ਦੇ ਬਾਕੂ ਵਿੱਚ ਹੋ ਰਹੇ ਆਈ ਐਸ ਐਸ ਐਫ ਵਿਸ਼ਵ ਕੱਪ ਵਿੱਚ 10 ਮੀਟਰ ਏਅਰ ਰਾਈਫਲ ਟੀਮ ਮੁਕਾਬਲੇ ਵਿੱਚ ਦੇਸ਼ ਲਈ ਸੋਨ ਤਮਗਾ ਜਿੱਤਿਆ ਹੈ। ਉਨ੍ਹਾ ਨੇ ਡੈਨਮਾਰਕ ਦੀ ਐਨਾ ਨੀਲਸਨ, ਐਮਾ ਕੋਚ ਅਤੇ ਰਿਕੀ ਮੋਂਗ ਇਬਸਨ ਦੀ ਟੀਮ ਨੂੰ ਫਾਈਨਲ ਵਿੱਚ 17-5 ਦੇ ਵੱਡੇ ਫਰਕ ਨਾਲ ਹਰਾਇਆ। ਕਾਂਸੀ ਦਾ ਤਮਗਾ ਪੋਲੈਂਡ ਨੂੰ ਮਿਲਿਆ। ਵਿਸ਼ਵ ਦੀ ਸਾਬਕਾ ਨੰਬਰ ਇੱਕ ਐਲਾਵੈਨਿਲ, ਰਮਿਤਾ ਤੇ ਸ਼੍ਰੇਆ ਕੁਆਲੀਫਾਈਂਗ ਗੇੜ ਦੇ ਦੋ ਰਾਊਂਡਜ਼ ਮਗਰੋਂ ਫਾਈਨਲ ਵਿੱਚ ਪੁੱਜੀਆਂ ਸਨ।

ਇਸ ਮੁਕਾਬਲੇ ਵਿੱਚ ਭਾਰਤੀ ਤਿੱਕੜੀ ਦੀਆਂ ਖਿਡਾਰਨਾਂ ਕੁਆਲੀਫਾਈਂਗ ਗੇੜ ਵਿੱਚ ਨੱਬੇ ਸ਼ਾਟਸ ਵਿੱਚ 944.4 ਦੇ ਸਾਂਝੇ ਯਤਨ ਨਾਲ ਸਿਖਰ ਉੱਤੇ ਰਹੀਆਂ। ਉਂਜ ਦੂਜੇ ਗੇੜ ਵਿੱਚ ਉਹ ਡੈਨਮਾਰਕ ਤੋਂ ਪਛੜ ਗਈਆਂ ਸਨ। ਪੁਰਸ਼ਾਂ ਦੇ ਏਅਰ ਰਾਈਫਲ ਟੀਮ ਮੁਕਾਬਲੇ ਵਿੱਚ ਭਾਰਤ ਦੇ ਰੁਦਰਾਕਸ਼ ਪਾਟਿਲ, ਪਾਰਥ ਮਖੀਜਾ ਅਤੇ ਧਨੁਸ਼ ਸ੍ਰੀਕਾਂਤ ਕ੍ਰੋਏਸ਼ੀਆ ਖਿਲਾਫ ਕਾਂਸੀ ਦੇ ਤਮਗੇ ਲਈ ਮੈਚ ਵਿੱਚ 10-16 ਨਾਲ ਹਾਰ ਗਏ।

# ਸਾਲ 2020 ਤੋਂ ਪਹਿਲਾਂ ਦੀ ਸਥਿਤੀ ਲਈ ਚੀਨ ਤਿਆਰ ਨਹੀਂ

* ਭਾਰਤ-ਚੀਨ ਵਿਦੇਸ਼ ਮੰਤਰਾਲਿਆਂ ਵਿਚਾਲੇ ਗੱਲਬਾਤ ਖਤਮ



ਨਵੀਂ ਦਿੱਲੀ, 2 ਜੂਨ (ਪੋਸਟ ਬਿਊਰੋ)- ਚੀਨ ਬੇਸ਼ੱਕ ਭਾਰਤ ਨਾਲ ਲਗਾਤਾਰ ਗੱਲਬਾਤ ਕਰ ਰਿਹਾ ਹੈ, ਪਰ ਕਈ ਦੌਰਾਂ ਦੀ ਗੱਲਬਾਤ ਦੇ ਬਾਵਜੂਦ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ (ਐਲ ਏ ਸੀ) ਉੱਤੇ ਮਈ 2020 ਤੋਂ ਪਹਿਲਾਂ ਦੀ ਸਥਿਤੀ ਬਹਾਲ ਕਰਨ ਨੂੰ ਤਿਆਰ ਨਹੀਂ ਹੋ ਰਿਹਾ। ਪਰਸੋਂ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰਾਲਿਆਂ ਵਿੱਚ ਸਰਹੱਦੀ ਰੇੜਕੇ ਨੂੰ ਸੁਲਝਾਉਣ ਦੀ ਪੱਕੀ ਵਿਵਸਥਾ (ਡਬਲਯੂ ਐਮ ਸੀ ਸੀ-ਵਰਕਿੰਗ ਮੈਕੇਨਿਜ਼ਮ ਫਾਰ ਕੰਸਲਟੇਸ਼ਨ ਐਂਡ ਕੋਆਰਡੀਨੇਸ਼ਨ ਆਨ ਇੰਡੀਆ-ਚਾਈਨਾ ਬਾਰਡਰ ਅਫੇਅਰਸ) ਦੀ ਬੈਠਕ ਹੋਈ, ਪਰ ਕੋਈ ਨਤੀਜਾ ਨਿਕਲਦਾ ਤਾਂ ਨਹੀਂ ਦਿੱਸਿਆ, ਬਸ ਇਹ ਸਹਿਮਤੀ ਬਣੀ ਹੈ ਕਿ ਦੋਵਾਂ ਦੇਸ਼ਾਂ ਦੇ ਫੌਜੀ ਕਮਾਂਡਰਾਂ ਦੀ ਅਗਵਾਈ ਵਿੱਚ ਗੱਲਬਾਤ ਜਲਦੀ ਹੋਵੇਗੀ।

ਭਾਰਤ-ਚੀਨ ਫੌਜੀ ਕਮਾਂਡਰਾਂ ਦੀ ਇਹ ਗੱਲਬਾਤ ਜੂਨ ਦੇ ਅਖੀਰ ਜਾਂ ਜੁਲਾਈ ਦੇ ਸ਼ੁਰੂ ਵਿੱਚ ਹੋਵੇਗੀ। ਜਾਣਕਾਰਾਂ ਮੁਤਾਬਕ ਚੀਨ ਇਸ ਗੱਲਬਾਤ ਨੂੰ ਲੰਬੇ ਸਮੇਂ ਤਕ ਖਿੱਚਣ ਦੀ ਰਣਨੀਤੀ ਅਪਣਾ ਰਿਹਾ ਹੈ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਡਬਲਯੂ ਐਮ ਸੀ ਸੀ ਦੀ ਬੈਠਕ 31 ਮਈ 2022 ਨੂੰ ਹੋਈ ਤਾਂ ਭਾਰਤੀ ਦਲ ਦੀ ਅਗਵਾਈ ਵਿਦੇਸ਼ ਮੰਤਰਾਲੇ ਵਿੱਚ ਐਡੀਸ਼ਨਲਸੈਕਟਰੀ (ਪੂਰਬੀ ਏਸ਼ੀਆ) ਨੇ ਕੀਤੀ। ਚੀਨੀ ਦਲ ਦੀ ਅਗਵਾਈ ਉਥੋਂ ਦੇ ਵਿਦੇਸ਼ ਮੰਤਰਾਲੇ ਵਿੱਚ ਸੀਮਾ ਅਤੇ ਸਮੁੰਦਰੀ ਵਿਭਾਗ ਦੇ ਡਾਇਰੈਕਟਰ ਜਨਰਲ ਨੇ ਕੀਤੀ। ਦੋਵਾਂ ਦਲਾਂ ਨੇ ਭਾਰਤ-ਚੀਨ ਸੀਮਾਦੀ ਸਥਿਤੀ ਦੀ ਚਰਚਾ ਕੀਤੀ।ਪਿਛਲੀ ਡਬਲਯੂ ਐਮ ਸੀ ਸੀ ਬੈਠਕ ਨਵੰਬਰ 2021 ਵਿੱਚ ਹੋਈ ਸੀ। ਇਸ ਪਿੱਛੋਂ ਦੋਵਾਂ ਦੇ ਫੌਜੀ ਕਮਾਂਡਰਾਂ ਦੀ ਬੈਠਕ ਜਨਵਰੀ 2022 ਅਤੇ ਮਾਰਚ 2022 ਵਿੱਚ ਵੀ ਹੋਈ ਸੀ ਅਤੇ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਮਾਰਚ 2022 ਵਿੱਚ ਭਾਰਤ ਦੀ ਯਾਤਰਾ ਕੀਤੀ ਸੀ। ਤਦ ਉਨ੍ਹਾਂ ਦੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨਾਲ ਵੀ ਦੋ-ਪੱਖੀ ਗੱਲਬਾਤ ਹੋਈ ਸੀ।

# ਵਿਦਿਆਰਥਣਾਂ ਨੇ ਡੀ ਸੀ ਤੋਂ ਕਾਲਜ ਕੈਂਪਸ ਵਿੱਚ ਹਿਜਾਬ ਪਹਿਨਣ ਦੀ ਮਨਜ਼ੂਰੀ ਮੰਗੀ

ਮੰਗਲੁਰੂ, 2 ਜੂਨ (ਪੋਸਟ ਬਿਊਰੋ)- ਕਰਨਾਟਕ ਵਿੱਚ ਕੱਲ੍ਹ ਹਿਜਾਬ ਬਾਰੇ ਵਿਵਾਦ ਫਿਰ ਭੜਕ ਗਿਆ ਹੈ, ਕਿਉਂਕਿ ਮੰਗਲੁਰੂ ਯਨੀਵਰਸਿਟੀ ਦੀਆਂ ਕੁਝ ਵਿਦਿਆਰਥਣਾਂ ਨੇ ਦੱਖਣ ਕੰਨੜ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੋਲ ਜਾ ਕੇ ਕੈਂਪਸ ਵਿੱਚ ਹਿਜਾਬ ਨੂੰਪਹਿਨਣ ਦੀ ਇਜਾਜ਼ਤ ਮੰਗੀ ਹੈ।

ਵਿਦਿਅਕ ਸੰਸਥਾਵਾਂ ਵਿੱਚ ਹਿਜਾਬ ਪਹਿਨਣ ਦੀ ਮੰਗ ਕਰਨ ਵਾਲੀਆਂ 12 ਵਿਦਿਆਰਥਣਾਂ ਕੱਲ੍ਹ ਯੂਨੀਵਰਸਿਟੀ ਕਾਲਜ ਵਿੱਚ ਵੀ ਆਈਆਂ। ਵਿਦਿਆਰਥਣਾਂ ਲਈ 'ਡਰੈਸ ਕੋਡ' ਹੋਣ ਕਾਰਨ ਯੂਨੀਵਰਸਿਟੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਪਹਿਲਾਂ ਵਾਂਗ ਕੱਲ੍ਹ ਵੀ ਦਾਖ਼ਲ ਨਹੀਂ ਹੋਣ ਦਿੱਤਾ। ਡਿਪਟੀ ਕਮਿਸ਼ਨਰ ਨਾਲ ਸੰਪਰਕ ਕਰਨ ਉੱਤੇ ਤਿੰਨ ਵਿਦਿਆਰਥਣਾਂ ਨੇ ਉਨ੍ਹਾਂ ਦੇ ਦਫ਼ਤਰ ਜਾ ਕੇ ਮੰਗ ਪੱਤਰ ਸੌਂਪਿਆ। ਡਿਪਟੀ ਕਮਿਸ਼ਨਰ ਡਾ. ਰਾਜਿੰਦਰ ਕੇਵੀ ਨੇ ਕਿਹਾ ਕਿ ਯੂਨੀਵਰਸਿਟੀ ਦੀ ਸਿੰਡੀਕੇਟ ਨੇ ਹਿਜਾਬ ਜਾਂ ਭਗਵੇਂ ਸਕਾਰਫ ਜਾਂ ਅਜਿਹੇ ਕਿਸੇ ਕੱਪੜੇ ਨੂੰ ਪਹਿਨਣ ਦੀ ਇਜਾਜ਼ਤ ਨਾ ਦੇਣ ਦਾ ਫ਼ੈਸਲਾ ਕੀਤਾ ਹੈ ਜੋ ਸ਼ਾਂਤੀ ਭੰਗ ਕਰ ਸਕਦਾ ਹੈ। ਇਸ ਤੋਂ ਬਾਅਦ ਕਾਲਜ ਪ੍ਰਬੰਧਕਾਂ ਨੇ ਉਨ੍ਹਾਂ ਦੇ ਦਾਖ਼ਲੇ ਉੱਤੇ ਰੋਕ ਲਾ ਦਿੱਤੀ ਹੈ। ਉਨ੍ਹਾਂ ਨੇ ਹਾਈ ਕੋਰਟ ਦੇ ਤਾਜ਼ਾ ਫ਼ੈਸਲੇ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਹਿਜਾਬ ਇੱਕ ਜ਼ਰੂਰੀ ਧਾਰਮਿਕ ਪਰੰਪਰਾ ਨਹੀਂਅਤੇ ਕਾਲਜਾਂ ਵਿੱਚ ਇੱਕ 'ਡਰੈਸ ਕੋਡ' ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਜਿੱਥੇ ਪਹਿਰਾਵਾ ਨਿਰਧਾਰਤ ਕੀਤਾ ਗਿਆ ਹੈ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਰਾਜਿੰਦਰ ਨੇ ਦੱਸਿਆ ਕਿ ਯੂਨੀਵਰਸਿਟੀ ਸਿੰਡੀਕੇਟ ਦੇ ਹੁਕਮਾਂ ਤੋਂ ਨਾਰਾਜ਼ ਕੁਝ ਵਿਦਿਆਰਥਣਾਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਉਨ੍ਹਾਂ ਦੱਸਿਆ,''ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਸਿੰਡੀਕੇਟ ਮੈਂਬਰਾਂ ਦੇ ਫ਼ੈਸਲੇ ਨੂੰ ਜ਼ਿਲ੍ਹਾ ਪੱਧਰ ਉੱਤੇ ਚੁਣੌਤੀ ਨਹੀਂ ਦੇ ਸਕਦਾ ਅਤੇ ਤੁਹਾਨੂੰ ਸਿੰਡੀਕੇਟ ਦੇ ਹੁਕਮਾਂ ਅਤੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। ਉਨ੍ਹਾਂ ਨੂੰ ਕਾਨੂੰਨੀ ਪਹਿਲੂਆਂ ਨੂੰ ਦੇਖਣਾ ਹੋਵੇਗਾ। ਮੈਂ ਉਨ੍ਹਾਂ ਨੂੰ ਕਾਲਜ ਕੈਂਪਸ ਵਿੱਚ ਸ਼ਾਂਤੀ ਯਕੀਨੀ ਬਣਾਉਣ ਦੀ ਅਪੀਲ ਵੀ ਕੀਤੀ ਹੈ।''



# ਨਵਾਜ਼ ਤੇ ਸ਼ਾਹਬਾਜ਼ ਸਰਕਾਰ ਨੇ ਅਰਬਾਂ ਡਾਲਰ ਦਾ ਘਪਲਾ ਕੀਤਾ

ਇਸਲਾਮਾਬਾਦ, 2 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਫੌਜ ਦੇ ਮੁਖੀ ਕਮਰ ਜਾਵੇਦ ਬਾਜਵਾ ਦੇ ਹਵਾਲੇ ਨਾਲ ਇੱਕ ਟੀ ਵੀ ਐਂਕਰ ਨੇ ਤੱਤਕਾਲੀ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐਮ ਐਲ ਐਲ-ਐਨ) ਸਰਕਾਰ ਉੱਤੇ ਨੌਂ ਅਰਬ ਡਾਲਰ ਦੀ ਗੜਬੜ ਦੇ ਗੰਭੀਰ ਦੋਸ਼ ਲਾ ਕੇ ਦਾਅਵਾ ਕੀਤਾ ਹੈ ਕਿ ਇਹ ਰਕਮ ਚੀਨ-ਪਾਕਿਸਤਾਨ ਆਰਥਿਕ ਗਲਿਆਰਾ (ਸੀ ਪੀ ਈ ਸੀ) ਵਿੱਚ ਮੁੱਢਲੇ ਚੀਨੀ ਨਿਵੇਸ਼ 19 ਅਰਬ ਡਾਲਰ ਦਾ ਹਿੱਸਾ ਸੀ। ਜਨਰਲ ਬਾਜਵਾ ਦੇ ਇੱਕ ਕਰੀਬੀ ਨੇ ਇਨ੍ਹਾਂ ਦਾਅਵਿਆਂ ਨੂੰ ਬਕਵਾਸ ਕਰਾਰ ਦਿੱਤਾ ਹੈ।



ਏ ਆਰ ਆਈ, ਟੀ ਵੀ ਚੈਨਲ ਦੇ ਐਂਕਰ ਵੱਲੋਂ ਇੱਕ ਟਾਕ ਸ਼ੋਅ ਵਿੱਚ ਕੀਤੇ ਗਏ ਇਸ ਦਾਅਵੇ ਤੋਂ ਲੋਕ ਹੈਰਾਨ ਹਨ ਅਤੇ ਇੰਟਰਨੈਟ ਮੀਡੀਆ ਜ਼ਰੀਏ ਇੰਟਰ ਸਰਵਿਸ ਪਬਲਿਕ ਰਿਲੇਸ਼ਨ (ਆਈ ਐਸ ਪੀ ਆਰ) ਦੇ ਡਾਇਰੈਕਟਰ ਜਨਰਲ ਤੋਂ ਇਸ ਦੀ ਸੱਚਾਈ ਦੀ ਪੁਸ਼ਟੀ ਦੀ ਮੰਗ ਕਰਦੇ ਹਨ। ਇਸ ਸਬੰਧੀ ਜਨਰਲ ਬਾਜਵਾ ਦੇ ਇੱਕ ਨੇੜੂ ਨੇ ਐਂਕਰ ਦੇ ਦਾਅਵੇ ਨੂੰ ਬਕਵਾਸ ਕਰਾਰ ਦਿੱਤਾ। ਐਂਕਰ ਨੇ ਆਪਣੇ ਸ਼ੋਅ ਵਿੱਚ ਦਾਅਵਾ ਕੀਤਾ ਸੀ ਕਿ ਜਨਰਲ ਬਾਜਵਾ ਨੇ ਦੋ ਜਣਿਆਂ ਦੀ ਮੌਜੂਦਗੀ ਵਿੱਚ ਉਨ੍ਹਾਂ ਨੂੰ ਚੀਨੀ ਨਿਵੇਸ਼ ਵਿੱਚ 9 ਅਰਬ ਡਾਲਰ ਦੀ ਹੇਰਾਫੇਰੀ ਕੀਤੇ ਜਾਣ ਦੀ ਗੱਲ ਕਹੀ ਸੀ। ਜਨਰਲ ਬਾਜਵਾ ਨੇ ਕਿਹਾ ਸੀ ਕਿ ਇਹ ਹੇਰਾਫੇਰੀ ਉਦੋਂ ਹੋਈ, ਜਦੋਂ ਕੇਂਦਰ ਵਿੱਚ ਨਵਾਜ਼ ਸ਼ਰੀਫ ਤੇ ਪੰਜਾਬ ਵਿੱਚ ਉਨ੍ਹਾਂ ਦੇ ਭਰਾ ਸ਼ਾਹਬਾਜ਼ ਸ਼ਰੀਫ ਦੀ ਸਰਕਾਰ ਸੀ। ਸ਼ਾਹਬਾਜ਼ ਅੱਜਕੱਲ੍ਹ ਪ੍ਰਧਾਨ ਮੰਤਰੀ ਹਨ ਤੇ ਪੰਜਾਬ ਸਰਕਾਰ ਦੇ ਮੁਖੀ ਉਨ੍ਹਾਂ ਦੇ ਪੁੱਤਰ ਹਮਜ਼ਾ ਹਨ। ਐਂਕਰ ਨੇ ਦਾਅਵਾ ਕੀਤਾ ਕਿ ਉਸ ਨੇ ਜਨਰਲ ਬਾਜਵਾ ਨੂੰ ਇਸ ਬਾਰੇ ਕਿਸੇ ਖਿਲਾਫ ਕਾਰਵਾਈ ਨਾ ਕੀਤੇ ਜਾਣ ਬਾਰੇ ਪੁੱਛਿਆ ਤਾਂ ਫੌਜ ਮੁਖੀ ਨੇ ਕਿਹਾ ਕਿ ਚੀਨ ਕੋਲ ਸਬੂਤ ਹਨ, ਪਰ ਉਹ ਉਨ੍ਹਾਂ ਨੂੰ ਜਨਤਕ ਤੌਰ ਉੱਤੇ ਸਾਂਝਾ ਕਰਨ ਵਿੱਚ ਝਿਜਕਦਾ ਹਾਂ।ਏ ਆਰ ਆਈ ਦੇ ਐਂਕਰ ਦੇ ਇਸ ਦਾਅਵੇ ਨੇ ਪਾਕਿਸਤਾਨ ਵਿੱਚ ਸਨਸਨੀ ਪੈਦਾ ਕਰ ਦਿੱਤੀ ਹੈ। ਕੁਝ ਪੱਤਰਕਾਰਾਂ ਨੇ ਇੱਕ ਟਾਕ ਸ਼ੋਅ ਦੀ ਵੀਡੀਓ ਸਾਂਝੀ ਕਰਦੇ ਹੋਏ ਸਵਾਲ ਉਠਾਏ ਹਨ।

# ਯੂਕਰੇਨ ਨੂੰ ਨਵੇਂ ਹਥਿਆਰ ਦੇਣ ਉੱਤੇ ਰੂਸ ਨਾਰਾਜ਼

## * ਅਮਰੀਕਾ ਨਾਲ ਸਿੱਧੇ ਟਕਰਾਅ ਦੀ ਧਮਕੀ ਦਿੱਤੀ

ਵਾਸ਼ਿੰਗਟਨ, 2 ਜੂਨ (ਪੋਸਟ ਬਿਊਰੋ)- ਅਮਰੀਕਾ ਯੂਕਰੇਨ ਨੂੰ ਸੁਰੱਖਿਆ ਸਹਾਇਤਾ ਦੇ 11ਵੇਂ ਪੈਕੇਜ ਦੇ ਹਿੱਸੇ ਵਜੋਂ ਹਾਈ ਮੋਬਿਲਿਟੀ ਆਰਟੀਲਰੀ ਰਾਕੇਟ ਸਿਸਟਮ (ਐਚ ਐਮ ਏ ਆਰ ਐਸ) ਭੇਜੇਗਾ। ਜਰਮਨੀ ਵੀ ਜਲਦੀ ਹੀ ਯੂਕਰੇਨ ਨੂੰ ਆਧੁਨਿਕ ਜਹਾਜ਼ ਰੋਕੂ ਮਿਜ਼ਾਈਲਾਂ ਅਤੇ ਰਾਡਾਰ ਪ੍ਰਣਾਲੀ ਦੀ ਸਪਲਾਈ ਕਰੇਗਾ।



ਇਸ ਬਾਰੇ ਰੂਸ ਦੇ ਉਪ ਵਿਦੇਸ਼ ਮੰਤਰੀ ਸਰਗੇਈ ਰਯਾਬਕੋਵ ਨੇ ਕਿਹਾ ਕਿ ਵਾਸ਼ਿੰਗਟਨ ਵੱਲੋਂ ਯੂਕਰੇਨ ਨੂੰ ਭਾਰੀ ਹਥਿਆਰਾਂ ਨਾਲ ਲੈਸ ਕਰਨ ਨਾਲ ਸਿੱਧੇ ਅਮਰੀਕਾ-ਰੂਸ ਟਕਰਾਅ ਦਾ ਖਤਰਾ ਵਧ ਰਿਹਾ ਹੈ। ਰਾਯਬਕੋਵ ਨੇ ਕਿਹਾ ਕਿ ਅਮਰੀਕਾ ਸੰਘਰਸ਼ ਨੂੰ ਹੋਰ ਖਤਰਨਾਕ ਬਣਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਅਮਰੀਕੀ ਸਿਸਟਮ ਉਨ੍ਹਾਂ ਹਥਿਆਰਾਂ ਨਾਲ ਲੈਸ ਹੋਵੇਗਾ, ਜਿਸ ਨਾਲ ਯੂਕਰੇਨ ਲੱਗਭਗ 80 ਕਿਲੋਮੀਟਰ ਤਕ ਰਾਕੇਟ ਲਾਂਚ ਕਰ ਸਕੇਗਾ। ਇਸ ਸਿਸਟਮ ਦੀ ਵੱਧ ਤੋਂ ਵੱਧ ਮਾਰਕ ਸਮਰੱਥਾ 300 ਕਿਲੋਮੀਟਰ ਹੈ। ਅਮਰੀਕਾ ਨੇ ਪਿਛਲੇ ਮਹੀਨੇ ਯੂਕੇਰਨ ਨੂੰ ਐਮ-777 ਹਾਵਿਤਜ਼ਰ ਭੇਜੇ ਸਨ। ਜਰਮਨੀ ਦੇ ਚਾਂਸਲਰ ਓਲਾਫ ਸ਼ੋਲਜ ਨੇ ਵੀ ਪਾਰਲੀਮੈਂਟ ਮੈਂਬਰਾਂ ਨੂੰ ਦੱਸਿਆ ਕਿ ਸਰਕਾਰ ਨੇ ਯੂਕਰੇਨ ਨੂੰ ਆਧੁਨਿਕ ਆਈ ਆਰ ਆਈ ਐਸ -ਟੀ ਮਿਜ਼ਾਈਲਾਂ ਦੇਣ ਦਾ ਫੈਸਲਾ ਲਿਆ ਹੈ।ਇਹ ਮਿਜ਼ਾਈਲ ਜਰਮਨੀ ਦੇ ਉਤਰ ਅਟਲਾਂਟਿਕ ਸਮਝੌਤਾ ਸੰਗਠਨ (ਨਾਟੋ) ਦੇ ਹੋਰ ਮੈਂਬਰ ਦੇਸ਼ਾਂ ਨਾਲ ਮਿਲ ਕੇ ਬਣਾਈ ਹੈ। ਉਨ੍ਹਾਂ ਕਿਹਾ ਕਿ ਦੁਸ਼ਮਣ ਦੇ ਤੋਪਖਾਨੇ ਦਾ ਪਤਾ ਲਾਉਣ ਵਿੱਚ ਮਦਦ ਕਰਨ ਲਈ ਯੂਕਰੇਨ ਨੂੰਜਰਮਨੀ ਰਾਡਾਰ ਪ੍ਰਣਾਲੀ ਵੀ ਦੇਵੇਗਾ।

ਯੂਕਰੇਨ ਦੇ ਰਾਸ਼ਟਪਤੀ ਵੋਲੋਦੀਮੀਰ ਜੇਲੇਂਸਕੀ ਨੇ ਕੱਲ੍ਹ ਇੱਕ ਇੰਟਰਵਿਊ ਵਿੱਚ ਕਿਹਾ ਕਿ ਰੋਜ਼ ਸਾਡੇ 60 ਤੋਂ 100 ਫ਼ੌਜੀ ਮਾਰੇ ਜਾ ਰਹੇ ਹਨ ਅਤੇ 500 ਦੇ ਕਰੀਬ ਜ਼ਖ਼ਮੀ ਹੋ ਰਹੇ ਹਨ। ਪੂਰਬੀ ਹਿੱਸੇ ਦੇ ਹਾਲਾਤ ਬਹੁਤ ਖ਼ਰਾਬ ਹਨ।

## ਮਿਆਂਮਾਰ ਬੰਬ ਧਮਾਕਾ:

# ਫੌਜੀ ਸ਼ਾਸਕ ਤੇ ਵਿਰੋਧੀ ਧਿਰ ਇੱਕ ਦੂਜੇ ਸਿਰ ਦੋਸ਼ ਮੜ੍ਹਨ ਲੱਗੇ

ਬੈਂਕਾਕ, 2 ਜੂਨ (ਪੋਸਟ ਬਿਊਰੋ)- ਮਿਆਂਮਾਰ ਦੇ ਸਭ ਤੋਂ ਵੱਡੇ ਸ਼ਹਿਰ ਯੰਗੋਨ ਵਿੱਚ ਮੰਗਲਵਾਰ ਨੂੰ ਹੋਏ ਬੰਬ ਧਮਾਕੇ ਬਾਰੇ ਦੇਸ਼ ਦੀ ਫੌਜੀ ਸਰਕਾਰ ਤੇ ਵਿਰੋਧੀ ਧਿਰ ਇੱਕ ਦੂਜੇ ਉੱਤੇ ਦੋਸ਼ ਮੜਨ ਲੱਗੀਆਂ ਹਨ।



ਵਰਣਨ ਯੋਗ ਹੈ ਕਿ ਇਸ ਧਮਾਕੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਨੌਂ ਹੋਰ ਜ਼ਖਮੀ ਹੋਏ ਸਨ। ਧਮਾਕੇ ਦੀਆਂ ਸੋਸ਼ਲ ਮੀਡੀਆ ਉੱਤੇਫੋਟੋ ਤੇ ਵੀਡੀਓਜ਼ ਵਿੱਚ ਪੀੜਤ ਲੋਕ ਖ਼ੂਨ ਵਿੱਚ ਲਥਪਥ ਸੜਕਾਂ ਕੰਢੇ ਪਏ ਨਜ਼ਰ ਆਉਂਦੇ ਹਨ।ਸਰਕਾਰੀ ਅਖਬਾਰ ਦਿ ਗਲੋਬਲ ਨਿਊ ਲਾਈਟ ਆਫ ਮਿਆਂਮਾਰ ਦੀ ਰਿਪੋਰਟ ਵਿੱਚ ਫੌਜੀ ਸ਼ਾਸਕਾਂ ਨੇ ਬੰਬ ਧਮਾਕੇ ਦਾ ਦੋਸ਼ ਵਿਰੋਧੀ ਧਿਰ ਦੇ ਹਥਿਆਰਬੰਦ ਵਿੰਗ 'ਪੀਪਲਜ਼ ਡਿਫੈਂਸ ਫੋਰਸਿਜ਼' ਸਿਰ ਮੜਿਆ ਹੈ, ਪਰ ਉਹ ਇਸ ਦਾ ਕੋਈ ਸਬੂਤ ਪੇਸ਼ ਨਹੀਂ ਕਰ ਸਕੇ। ਰਿਪੋਰਟ ਮੁਤਾਬਕ ਪੀ ਡੀ ਐਫ ਦਹਿਸ਼ਤਗਰਦਾਂ ਨੇ ਬੱਸ ਅੱਡੇ ਉੱਤੇ ਹੱਥ ਨਾਲ ਬਣਾਇਆ ਬੰਬ ਪਲਾਂਟ ਕੀਤਾ ਸੀ। ਧਮਾਕਾ ਸ਼ਾਮੀਂ 3.20 ਵਜੇ ਦੇ ਕਰੀਬ ਹੋਇਆ ਤੇ ਤੀਹ ਸਾਲਾ ਵਿਅਕਤੀ ਛਾਤੀ ਤੇ ਪੇਟ ਵਿੱਚ ਜ਼ਖਮਾਂ ਕਰ ਕੇ ਦਮ ਤੋੜ ਗਿਆ। ਦੂਸਰੇ ਪਾਸੇ ਮੁੱਖ ਵਿਰੋਧੀ ਧਿਰ ਨੈਸ਼ਨਲ ਯੂਨਿਟੀ ਗਵਰਨਮੈਂਟ, ਜਿਸ ਨੇ ਪੀ ਡੀ ਐਫ ਅਤੇ ਇਸ ਦੀਆਂ ਕਈ ਸਥਾਨਕ ਇਕਾਈਆਂ ਨੂੰ ਖੁੱਲ੍ਹਾ ਹੱਥ ਦਿੱਤਾ ਹੋਇਆ ਹੈ, ਨੇ ਬੰਬ ਧਮਾਕੇ ਲਈ ਫੌਜੀ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਐਨ ਯੂ ਜੀ ਦੇ ਕੌਮਾਂਤਰੀ ਸਹਿਯੋਗ ਬਾਰੇ ਮੰਤਰੀ ਸਾਸਾ ਨੇ ਕਿਹਾ ਕਿ ਨਸਲਕੁਸ਼ੀ ਉੱਤੇ ਉਤਾਰੂ ਜ਼ਾਲਮ ਫੌਜੀ ਸ਼ਾਸਕਾਂ ਵੱਲੋਂ ਮਿਆਂਮਾਰ ਵਿੱਚ ਧਮਾਕਿਆਂ ਤੇ ਕਤਲਾਂ ਕਰ ਕੇ ਆਪਣੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਾਬਿਲੇਗੌਰ ਹੈ ਕਿ ਫੌਜ ਵੱਲੋਂ ਪਿਛਲੇ ਸਾਲ ਆਂਗ ਸਾਂ ਸੂ ਕੀ ਦੀ ਚੁਣੀ ਹੋਈ ਸਰਕਾਰ ਨੂੰ ਸੱਤਾ ਤੋਂ ਲਾਂਭੇ ਕੀਤੇ ਜਾਣ ਮਗਰੋਂ ਮਿਆਂਮਾਰ ਵਿੱਚ ਹਫੜਾ ਦਫੜੀ ਤੇ ਬੇਚੈਨੀ ਦਾ ਮਾਹੌਲ ਹੈ।

# ਏਸ਼ੀਆ ਹਾਕੀ ਕੱਪ ਵਿੱਚ ਭਾਰਤ ਨੇ ਕਾਂਸੀ ਦਾ ਤਮਗਾ ਜਿੱਤਿਆ

ਜਕਾਰਤਾ, 2 ਜੂਨ (ਪੋਸਟ ਬਿਊਰੋ)- ਭਾਰਤ ਦੀ ਪੁਰਸ਼ਾਂ ਦੀ ਹਾਕੀ ਟੀਮ ਨੇ ਕੱਲ੍ਹ ਏਸ਼ੀਆ ਕੱਪ ਵਿੱਚ ਜਾਪਾਨ ਨੂੰ 1-0 ਨਾਲ ਹਰਾ ਕੇ ਕਾਂਸੀ ਦਾ ਤਮਗਾ ਜਿੱਤ ਲਿਆ ਹੈ। ਗੋਲਾਂ ਦੇ ਫਰਕ ਕਾਰਨ ਭਾਰਤੀ ਟੀਮ ਫਾਈਨਲ ਵਿੱਚ ਪਹੁੰਚਣ ਤੋਂ ਖੁੰਝ ਗਈ ਸੀ। ਮੰਗਲਵਾਰ ਨੂੰ ਭਾਰਤੀ ਟੀਮ ਦਾ ਦੱਖਣੀ ਕੋਰੀਆ ਨਾਲ ਮੁਕਾਬਲਾ 4-4 ਨਾਲ ਡਰਾਅ ਰਿਹਾ ਸੀ। ਭਾਰਤ ਵੱਲੋਂ ਇੱਕੋ-ਇੱਕ ਗੋਲ ਰਾਜ ਕੁਮਾਰ ਪਾਲ ਨੇ ਸੱਤਵੇਂ ਮਿੰਟ ਵਿੱਚ ਕੀਤਾ। ਇਸੇ ਮੌਕੇ ਦੱਖਣੀ ਕੋਰੀਆ ਨੇ ਫਾਈਨਲ ਮੁਕਾਬਲੇ ਵਿੱਚ ਮਲੇਸ਼ੀਆ ਨੂੰ 2-1 ਨਾਲ ਹਰਾ ਕੇ ਏਸ਼ੀਆ ਕੱਪ ਜਿੱਤ ਲਿਆ।



ਸੈਮੀ ਫਾਈਨਲ ਵਿੱਚ ਭਾਰਤੀ ਟੀਮ ਨੂੰ ਪਹਿਲਾਂ ਗੋਲ ਕਰਨ ਪਿੱਛੋਂ ਦੋ ਪੈਨਲਟੀ ਕਾਰਨਰ ਮਿਲੇ, ਪਰ ਮੌਕਿਆਂ ਨੂੰ ਗੋਲ ਵਿੱਚ ਨਹੀਂ ਬਦਲਿਆ ਜਾ ਸਕਿਆ। ਜਾਪਾਨ ਨੇ ਮੈਚ ਦੌਰਾਨ ਵਾਪਸੀ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਹ ਭਾਰਤ ਦੀ ਰੱਖਿਆ ਲਾਈਨ ਅੱਗੇ ਨਾਕਾਮ ਰਹੇ। ਜਾਪਾਨ ਨੂੰ ਵੀ 48ਵੇਂ ਮਿੰਟ ਵਿੱਚ ਤਿੰਨ ਲਗਾਤਾਰ ਪੈਨਲਟੀ ਕਾਰਨਰ ਮਿਲੇ, ਪਰ ਉਹ ਮੌਕਿਆਂ ਦਾ ਫਾਇਦਾ ਨਹੀਂ ਉਠਾ ਸਕਿਆ।

# ਕੋਰਟ ਨੇ ਸੁਰੱਖਿਆ ਦੇਣ ਤੋਂ ਇਨਕਾਰ ਕੀਤਾ ਤਾਂ ਵੀ ਸਰਕਾਰ ਵਿਰੁੱਧ ਆਜ਼ਾਦੀ ਮਾਰਚ ਨਿਕਲੇਗਾ

ਇਸਲਾਮਾਬਾਦ, 2 ਜੂਨ (ਪੋਸਟ ਬਿਊਰੋ)- ਪਾਕਿਸਤਾਨ ਤਹਿਰੀਕ-ਏ-ਨਿਆਂ (ਪੀ ਟੀ ਆਈ) ਦੇ ਸੀਨੀਅਰ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਕਿ ਜੇ ਸੁਪਰੀਮ ਕੋਰਟ ਸੁਰੱਖਿਆ ਦੇਣ ਤੋਂ ਇਨਕਾਰ ਕਰਦੀ ਹੈ ਤਾਂ ਵੀ ਸਰਕਾਰ ਵਿਰੁੱਧੀ ਆਜ਼ਾਦੀ ਮਾਰਚ ਹਰ ਹਾਲਤੇਂਕੱਢਿਆ ਜਾਵੇਗਾ। ਆਪਣੀ ਅਗਲੀ ਰੈਲੀ ਲਈ ਉਹ ਨਵੀਂ ਰਣਨੀਤੀ ਬਣਾਉਣਗੇ ਅਤੇ ਸਰਕਾਰ ਦੇ ਰੈਲੀ ਰੋਕਣ ਦੇ ਕਿਸੇ ਵੀ ਯਤਨ ਨਾਲ ਨਿਪਟਣ ਲਈ ਤਿਆਰ ਰਹੇਗਾ।



ਇਮਰਾਨ ਖਾਨ ਨੇ ਪੇਸ਼ਾਵਰ ਵਿੱਚ ਵਕੀਲਾਂ ਦੇ ਸੰਮੇਲਨ ਵਿੱਚ ਕਿਹਾ ਕਿ ਸ਼ਾਂਤਮਈ ਸਭਾ, ਰੈਲੀ ਤੇ ਵਿਰੋਧ ਕਰਨਾ ਦੇਸ਼ ਦੇ ਹਰ ਨਾਗਰਿਕ ਅਤੇ ਪਾਰਟੀ ਦਾ ਮੌਲਿਕ ਅਧਿਕਾਰ ਹੈ। ਉਨ੍ਹਾਂ ਨੇ ਕਿਹਾ ਕਿ ਆਪਣੇ ਪਿਛਲੇ ਮਾਰਚ ਵਿੱਚ ਅਸੀਂ ਸ਼ਾਂਤੀਪੂਰਨ ਰਹੇ, ਪਰ ਇਸ ਸਰਕਾਰ ਨੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਉੱਤੇ ਖੁਲੇਆਮ ਅਤਿਆਚਾਰ, ਕੁੱਟਮਾਰ ਅਤੇ ਅਥੱਰੂ ਗੈਸ ਇਸਤੇਮਾਲ ਕੀਤੀ।ਉਨ੍ਹਾਂ ਕਿਹਾ ਕਿ ਮੈਂ ਸੁਪਰੀਮ ਕੋਰਟ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਨੂੰ ਪਾਕਿਸਤਾਨ ਦੇ ਨਾਗਰਿਕਾਂ ਵਜੋਂ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਨ ਦੀ ਪ੍ਰਵਾਨਗੀ ਹੈ ਜਾਂ ਨਹੀਂ? ਜੇ ਸੁਪਰੀਮ ਕੋਰਟ ਅਗਲੇ ਮਾਰਚ ਦੇ ਲਈ ਮੇਰੀ ਪਾਰਟੀ ਨੂੰ ਸੁਰੱਖਿਆ ਪ੍ਰਦਾਨ ਨਹੀਂ ਕਰਾਏਗੀ ਤਾਂ ਅਸੀਂ ਇਸ ਨਾਲ ਨਿਪਟਣ ਦੇ ਲਈ ਯੋਜਨਾ ਬਣਾਵਾਂਗੇ।

# ਭਾਰਤ ਨੇ 40 ਹਜ਼ਾਰ ਟਨ ਡੀਜ਼ਲ ਦੀ ਇੱਕ ਹੋਰ ਖੇਪ ਸ਼੍ਰੀਲੰਕਾ ਭੇਜੀ

ਕੋਲੰਬੋ, 2 ਜੂਨ (ਪੋਸਟ ਬਿਊਰੋ)- ਭਾਰਤ ਨੇ ਕੱਲ੍ਹ ਦੱਸਿਆ ਹੈ ਕਿ ਉਸ ਨੇ 40 ਹਜ਼ਾਰ ਟਨ ਡੀਜ਼ਲ ਦੀ ਇੱਕ ਹੋਰ ਖੇਪ ਸ਼੍ਰੀਲੰਕਾ ਨੂੰ ਭੇਜੀ ਹੈ। ਗੁਆਂਢੀ ਦੇਸ਼ ਸ਼੍ਰੀਲੰਕਾ ਬੇਹੱਦ ਮੁਸ਼ਕਲ ਆਰਥਿਕ ਸੰਕਟ ਵਿੱਚੋਂ ਲੰਘ ਰਿਹਾ ਹੈ ਅਤੇ ਉਥੇ ਲੋਕਾਂ ਨੂੰ ਫਿਊਲ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੀਤੇ ਮਹੀਨੇ ਭਾਰਤ ਨੇ ਸ਼੍ਰੀਲੰਕਾ ਨੂੰ ਫਿਊਲ ਇੰਪੋਰਟ ਕਰਨ ਲਈ ਵਾਧੂ 50 ਕਰੋੜ ਡਾਲਰ ਦੀ ਕਰਜ਼ਾ ਸਹੂਲਤ ਦਾ ਐਲਾਨ ਕੀਤਾ ਸੀ। ਇਸ ਰਕਮ ਨਾਲ ਸ਼੍ਰੀਲੰਕਾ ਨੂੰ ਫਿਊਲ ਸਪਲਾਈ ਲਈ ਕੀਤਾ ਜਾਣਾ ਹੈ। ਸ਼੍ਰੀਲੰਕਾ ਜ਼ਰੂਰੀ ਵਸਤਾਂ ਦੀ ਇੰ-ਪੋਰਟ ਦੇ ਭੁਗਤਾਨ ਲਈ ਸੰਘਰਸ਼ ਕਰ ਰਿਹਾ ਹੈ ਕਿਉਂਕਿ ਉਸਦਾ ਵਿਦੇਸ਼ੀ ਕਰੰਸੀ ਭੰਡਾਰ ਬੇਹੱਦ ਘੱਟ ਗਿਆ ਅਤੇ ਮਹਿੰਗਾਈ ਬਹੁਤ ਵਧ ਗਈ ਹੈ। ਭਾਰਤ ਨੇ ਬੀਤੀ 23 ਮਈ ਨੂੰ ਸ਼੍ਰੀਲੰਕਾ ਨੂੰ ਕਰੀਬ 40 ਹਜ਼ਾਰ ਟਨ ਪੈਟਰੋਲ ਭੇਜਿਆ ਸੀ।



ਇਸ ਮੌਕੇ ਭਾਰਤੀ ਹਾਈ ਕਮਿਸ਼ਨ ਨੇ ਟਵਿਟਰ ਉੱਤੇ ਇੱਕ ਸੰਦੇਸ਼ ਵਿੱਚ ਕਿਹਾ ਕਿ ਭਾਰਤ ਵੱਲੋਂ ਮਦਦ ਲਈ 40 ਹਜ਼ਾਰ ਟਨ ਡੀਜ਼ਨ ਦੀ ਖੇਪ ਕੱਲ੍ਹ ਸ਼ਾਮ ਕੋਲੰਬੋ ਪਹੁੰਚੀ। ਗੁਆਂਢੀ ਦੇਸ਼ ਨੂੰ ਪੈਟਰੋਲੀਅਮ ਉਤਪਾਦਾਂ ਦੀ ਖਰੀਦ ਲਈ 50 ਕਰੋੜ ਡਾਲਰ ਦੀ ਕਰਜ਼ਾ ਸਹੂਲਤ ਦੇਣ ਵਾਸਤੇ ਫਰਵਰੀ 2022 ਨੂੰ ਭਾਰਤ ਨੇ ਇੱਕ ਸਮਝੌਤੇ ਉੱਤੇਦਸਤਖਤ ਕੀਤੇ ਸਨ। ਭਾਰਤ ਦੇ ਸਹਿਯੋਗ ਨਾਲ ਮਾਰਚ ਅਤੇ ਅਪ੍ਰੈਲ ਵਿੱਚ ਸ਼੍ਰੀਲੰਕਾ ਨੂੰ ਵੱਖ-ਵੱਖ ਕਿਸਮਾਂ ਦੇ ਲੱਗਭਗ 400,000 ਟਨ ਈਂਧਨ ਦੀ ਸਪਲਾਈ ਕੀਤੀ ਗਈ ਹੈ।

# ਅਸੀਂ ਬੰਦੂਕ-ਹਿੰਸਾ ਖ਼ਤਮ ਕਰਨ ਪ੍ਰਤੀ ਦ੍ਰਿੜ੍ਹ ਸੰਕਲਪ ਹਾਂ: ਬਾਈਡਨ

ਸੈਕਰਾਮੈਂਟੋ, 2 ਜੂਨ (ਪੋਸਟ ਬਿਊਰੋ)- ਰਾਸ਼ਟਰਪਤੀ ਜੋਅ ਬਾਈਡਨ ਤੇ ਫਸਟ ਲੇਡੀ ਜਿਲ ਬਾਈਡਨ ਨੇ ਉਵਾਲਡੇ, ਟੈਕਸਾਸ ਦੇ ਰੌਬ ਐਲੀਮੈਂਟਰੀ ਸਕੂਲ ਵਿੱਚ ਮਾਰੇ ਗਏ ਬੱਚਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਪੀੜਤ ਪਰਵਾਰਾਂ ਨਾਲ ਹਮਦਰਦੀ ਤੇ ਅਫਸੋਸ ਪ੍ਰਗਟ ਕੀਤਾ। ਸਭ ਤੋਂ ਪਹਿਲਾਂ ਰਾਸ਼ਟਰਪਤੀ ਤੇ ਫਸਟ ਲੇਡੀ ਸਕੂਲ ਵਿੱਚ ਬਣਾਏ ਬੱਚਿਆਂ ਦੇ ਯਾਦਗਾਰੀ ਸਥਾਨ ਉੱਤੇ ਗਏ, ਜਿੱਥੇ ਬੱਚਿਆਂ ਦੀਆਂ ਤਸਵੀਰਾਂ ਰੱਖੀਆਂ ਗਈਆਂ ਸਨ। ਉਨ੍ਹਾਂ ਨੇ ਹਰ ਤਸਵੀਰ ਨੂੰ ਗਹੁ ਨਾਲ ਵੇਖਿਆ ਤੇ ਤਸਵੀਰਾਂ ਨੂੰ ਆਪਣੇ ਹੱਥ ਨਾਲ ਛੂਹਿਆ। ਇਸ ਮੌਕੇ ਫਸਟ ਲੇਡੀ ਜਿਲ ਦੀਆਂ ਅੱਖਾਂ ਵਿੱਚੋਂ ਹੰਝੂ ਆਪ ਮੁਹਾਰੇ ਵਹਿ ਤੁਰੇ, ਜੋ ਉਨ੍ਹਾਂ ਦੇ ਲਾਈਆਂ ਕਾਲੀਆਂ ਐਨਕਾਂ ਵਿੱਚੋਂ ਬਾਹਰ ਨਿਕਲਦੇ ਨਜ਼ਰ ਆ ਰਹੇ ਸਨ। ਬਾਅਦ ਵਿੱਚ ਰਾਸ਼ਟਰਪਤੀ ਤੇ ਜਿਲ ਉਵਾਲਡੇ ਦੇ ਸੈਕਰਡ ਹਰਟ ਕੈਥੋਲਿਕ ਚਰਚ ਗਏ।



ਉਵਾਲਡੇ ਲਈ ਰਵਾਨਾ ਹੋਣ ਤੋਂ ਪਹਿਲਾਂ ਰਾਸ਼ਟਰਪਤੀ ਨੇ ਟਵਿੱਟਰ ਉਪਰ ਲਿਖਿਆ ਕਿ ਹਰ ਕੋਈ ਜੋ ਉਵਾਲਡੇ, ਟੈਕਸਾਸ ਦੇ ਐਲੀਮੈਂਟਰੀ ਸਕੂਲ ਵਿੱਚ ਹੋਈ ਭਿਆਨਕ ਗੋਲੀਬਾਰੀ ਤੋਂ ਪ੍ਰਭਾਵਿਤ ਹੈ, ਅਸੀਂ ਉਸਦੇ ਦੁੱਖ ਵਿੱਚ ਸ਼ਰੀਕ ਹਾਂ। ਅਸੀਂ ਉਨ੍ਹਾਂ ਲਈ ਪ੍ਰਾਰਥਨਾ ਕਰਦੇ ਹਾਂ। ਇਸੇ ਦੌਰਾਨ ਨਿਆਂ ਵਿਭਾਗ ਨੇ ਐਲਾਨ ਕੀਤਾ ਕਿ ਉਹ ਉਵਾਲਡੇ ਵਿੱਚ ਹੋਈਆਂ ਸਮੂਹਿਕ ਹੱਤਿਆਵਾਂ ਦੀ ਘਟਨਾ ਪ੍ਰਤੀ ਲਾਅ ਇਨਫੋਰਸਮੈਂਟ ਅਧਿਕਾਰੀਆਂ ਵੱਲੋਂ ਕੀਤੀ ਕਾਰਵਾਈ ਦੀ ਜਾਂਚ ਕਰਨਗੇ ਤੇ ਜਾਇਜ਼ਾ ਲੈਣਗੇ। ਪੁਲਸ ਦੀ ਢਿੱਲੀ ਕਾਰਵਾਈ ਨੂੰ ਲੈ ਕੇ ਮਾਪਿਆਂ ਵਿੱਚ ਭਾਰੀ ਰੋਸ ਵੇਖਣ ਨੂੰ ਮਿਲਿਆ ਹੈ।

# ਮੰਕੀਪਾਕਸ ਨੂੰ ਮਹਾਮਾਰੀ ਕਹਿਣਾ ਜਲਦਬਾਜ਼ੀ: ਡਬਲਿਊ ਐਚ ਓ

ਜਨੇਵਾ, 2 ਜੂਨ (ਪੋਸਟ ਬਿਊਰੋ)- ਮੰਕੀਪਾਕਸ ਦੇ ਵਧਦੇ ਮਾਮਲੇ ਅਤੇ 24 ਦੇਸ਼ਾਂ ਵਿੱਚ 435 ਤੋਂ ਵੱਧ ਕੇਸਾਂ ਦੀ ਪੁਸ਼ਟੀ ਦੌਰਾਨ ਵਿਸ਼ਵ ਸਿਹਤ ਸੰਗਠਨ (ਡਬਲਯੂ ਐਚ ਓ) ਨੇ ਕਿਹਾ ਕਿ ਇਹ ਸ਼ੰਕਾ ਕਰਨਾ ਜਲਦਬਾਜ਼ੀ ਹੈ ਕਿ ਮੰਕੀਪਾਕਸ ਸੰਸਾਰਕ ਮਹਾਮਾਰੀ ਦਾ ਕਾਰਨ ਬਣ ਸਕਦਾ ਹੈ। ਡਬਲਯੂ ਐਚ ਓ ਅਨੁਸਾਰ ਅਫਰੀਕਾ ਤੋਂ ਬਾਹਰ ਗੈਰ ਮਹਾਮਾਰੀ ਦੇਸ਼ਾਂ ਵਿੱਚ ਮਾਮਲਿਆਂ ਵਿਚ ਸਪਾਈਕ ਨਾਲ ਸਬੰਧਤ ਕਈ ਜਾਣਕਾਰੀਆਂ ਦਾ ਪਤਾ ਅਜੇ ਨਹੀਂ ਲੱਗ ਸਕਿਆ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਾਇਰਸ ਨੂੰ ਕੋਵਿਡ-19 ਵਾਂਗ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਵਿੱਚ ਆਮ ਜਨਤਾ ਲਈ ਖਤਰਾ ਘੱਟ ਹੈ। ਡਬਲਯੂ ਐਚ ਓ ਦੇ ਡਾਇਰੈਕਟਰ ਸਿਲਵੀ ਬਰਾਇੰਡ ਨੇ ਇੱਕ ਬ੍ਰੀਫਿੰਗ ਮੌਕੇ ਕਿਹਾ ਕਿ ਅਸੀਂ ਨਹੀਂ ਚਾਹੁੰਦੇ ਕਿ ਲੋਕ ਘਬਰਾਉਣ ਜਾਂ ਡਰਨ ਤੇ ਸੋਚਣ ਕਿ ਇਹ ਕੋਵਿਡ-19 ਵਾਂਗ ਜਾਂ ਸ਼ਾਇਦ ਇਸ ਤੋਂ ਵੀ ਬਦਤਰ ਹੈ। ਮੰਕੀਪਾਕਸ ਕੋਰੋਨਾ ਵਾਂਗ ਨਹੀਂ, ਇਹ ਅਲੱਗ ਵਾਇਰਸ ਹੈ। ਸਿਹਤ ਮਾਹਿਰ ਵਾਇਰਸ ਦੇ ਜੀਨ ਦੇ ਬਾਰੇ ਸਪੱਸ਼ਟ ਨਹੀਂ ਹਨ। ਮੌਜੂਦਾ ਡਾਟੇ ਤੋਂ ਪਤਾ ਲੱਗਾ ਹੈ ਕਿ ਇਹ ਕੋਵਿਡ-19 ਅਤੇ ਆਰ ਐਨ ਏ ਵਾਇਰਸ ਵਾਂਗ ਦੂਸਰੇ ਵਾਇਰਸ ਦੀ ਤਰ੍ਹਾਂ ਆਸਾਨੀ ਨਾਲ ਪ੍ਰਸਾਰਿਤ ਨਹੀਂ ਹੁੰਦਾ। ਮੰਕੀਪਾਕਸ ਬਾਰੇ ਡਬਲਯੂ ਐਚ ਓ ਦੇ ਅਧਿਕਾਰੀ ਰੋਸਮੰਡ ਲੁਈਸ ਨੇ ਕਿਹਾ ਕਿ ਹਾਲੇ ਅਸੀਂ ਸੰਸ-ਾਰਕ ਮਹਾਮਾਰੀ ਨੂੰ ਲੈ ਕੇ ਚਿੰਤਤ ਨਹੀਂ, ਪਰ ਉਨ੍ਹਾਂ ਮੰਨਿਆ ਕਿ ਵਧਦੇ ਕੇਸ ਉਨ੍ਹਾਂ ਦੀ ਚਿੰਤਾ ਦਾ ਕਾਰਨ ਸਨ। ਇਹ ਵਾਇਰਸ ਪਹਿਲੀ ਵਾਰ ਸਮਲਿੰਗੀ ਅਤੇ ਉਭੈਲਿੰਗੀ ਪੁਰਸ਼ਾਂ ਵਿੱਚ ਪਤਾ ਲੱਗਾ, ਹਾਲਾਂਕਿ ਵਾਇਰਸ ਨੂੰ ਯੌਨ ਸੰਚਾਰਿਤ ਰੋਗ ਵਾਂਗ ਪਰਿਭਾਸ਼ਿਤ ਨਹੀਂ ਕੀਤਾ ਗਿਆ। ਲੁਈਸ ਨੇ ਸਮਲਿੰਗੀ ਸੰਬੰਧ ਰੱਖਦੇ ਪੁਰਸ਼ਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ।

# ਕ੍ਰੋਏਸ਼ੀਆ ਵਿੱਚ ਛੋਟਾ ਜਹਾਜ਼ ਹਾਦਸਾਗ੍ਰਸਤ, ਚਾਰ ਲੋਕਾਂ ਦੀ ਮੌਤ



ਜ਼ਗਰੇਬ, 2 ਜੂਨ (ਪੋਸਟ ਬਿਊਰੋ)- ਕ੍ਰੋਏਸ਼ੀਆ ਵਿੱਚ ਹਫ਼ਤੇ ਦੇ ਅੰਤ ਵਿੱਚ ਰਾਡਾਰ ਤੋਂ ਗਾਇਬ ਹੋਏ ਛੋਟੇ ਜਹਾਜ਼ ਦਾ ਮਲਬਾ ਮਿਲਿਆ ਹੈ, ਜਿਸ ਵਿੱਚ ਸਵਾਰ ਸਾਰੇ ਚਾਰ ਲੋਕਾਂ ਦੀ ਮੌਤ ਹੋ ਗਈ।

ਸਿਵਲ ਡਿਫੈਂਸ ਟੀਮਾਂ ਦੇ ਮੁੱਖੀ ਨੇ ਕਿਹਾ ਕਿ ਖੋਜ ਟੀਮ ਨੂੰ ਸੇਸਨਾ 182 ਜਹਾਜ਼ ਮੱਧ ਕ੍ਰੋਏਸ਼ੀਆ ਵਿੱਚ ਬ੍ਰੋਕਨੈਕ ਨੇੜੇ ਮਿਲਿਆ। ਉਨ੍ਹਾਂ ਦੱਸਿਆ ਕਿ ਪੁਲਸ ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਦੋਂ ਜਹਾਜ਼ ਨੂੰ ਉਪਰੋਂ (ਡਰੋਨ ਤੋਂ) ਦੇਖਿਆ ਗਿਆ ਤਾਂ ਸਰਚ ਟੀਮ ਮੌਕੇ ਉੱਤੇ ਪਹੁੰਚ ਗਈ। ਬਦਕਿਸਮਤੀ ਨਾਲ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਸਾਰੇ ਲੋਕਾਂ ਦੀ ਮੌਤ ਹੋ ਗਈ ਹੈ।ਹਾਦਸੇ ਵਿੱਚ ਮਾਰੇ ਗਏ ਲੋਕਾਂ ਦੀ ਨਾਗਰਿਕਤਾ ਦਾ ਖੁਲਾਸਾ ਨਹੀਂ ਕੀਤਾ ਗਿਆ। ਸਰਕਾਰੀ ਐਚ ਆਰ ਟੀ ਟੈਲੀਵਿਜ਼ਨ ਨੇ ਕਿਹਾ ਕਿ ਮ੍ਰਿਤਕਾਂ ਵਿੱਚ ਇੱਕ ਸਵਿਸ ਨਾਗਰਿਕ, ਦੋ ਜਰਮਨ ਅਤੇ ਇੱਕ ਕ੍ਰੋਏਸ਼ੀਆਈ ਸ਼ਾਮਲ ਹਨ। ਇਹ ਜਹਾਜ਼ ਸਪਲਿਟ ਦੇ ਐਡਰਿਆਟਿਕ ਸਮੁੰਦਰੀ ਬੰਦਰਗਾਹ ਤੋਂ ਜਰਮਨੀ ਵੱਲ ਉਡਾਣ ਭਰਨ ਪਿੱਛੋਂ ਲਾਪਤਾ ਹੋ ਗਿਆ ਸੀ। ਸਥਾਨਕ ਮੀਡੀਆ ਨੇ ਦੱਸਿਆ ਕਿ ਖੇਤਰ ਵਿੱਚ ਮੌਸਮ ਖ਼ਰਾਬ ਸੀ ਅਤੇ ਪਾਇਲਟ ਨੇ ਕਰੈਸ਼ ਹੋਣ ਤੋਂ ਪਹਿਲਾਂ ਮਦਦ ਲਈ ਅਪੀਲ ਭੇਜੀ ਸੀ।

# ਸਰਕਾਰ ਨਹੀਂ ਪਾਕਿਸਤਾਨ ਫੌਜ ਖੁਦ ਆਪਣਾ ਅਗਲਾ ਮੁਖੀ ਚੁਣੇਗੀ

ਇਸਲਾਮਾਬਾਦ, 2 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨਵੰਬਰ ਵਿੱਚ ਰਿਟਾਇਰ ਹੋਣ ਵਾਲੇ ਹਨ। ਇਸ ਕਾਰਨਨਵੇਂ ਫੌਜ ਮੁਖੀ ਦੀ ਨਿਯੁਕਤੀ ਦੀ ਦੌੜ ਸ਼ੁਰੂ ਹੋ ਗਈ ਹੈ। ਸੰਵਿਧਾਨਕ ਤੌਰ ਉੱਤੇ ਫੌਜ ਦੇ ਮੁਖੀ ਦੀ ਨਿਯੁਕਤੀ ਪ੍ਰਧਾਨ ਮੰਤਰੀ ਕਰਦੇ ਹਨ, ਪਰ ਸ਼ਾਹਬਾਜ਼ ਸ਼ਰੀਫ ਦੀ ਇਸ ਪ੍ਰਕਿਰਿਆ ਵਿੱਚ ਭੂਮਿਕਾ ਮਹੱਤਵਹੀਣ ਰਹਿ ਸਕਦੀ ਹੈ। ਫੌਜ ਖੁਦ ਆਪਣੇ ਅਗਲੇ ਮੁਖੀ ਦੀ ਚੋਣ ਕਰੇਗੀ।



ਮੀਡੀਆ ਰਿਪੋਰਟ ਮੁਤਾਬਕ ਪਾਕਿਸਤਾਨੀ ਫੌਜ ਨਾ ਸਿਰਫ ਇਹ ਤੈਅ ਕਰਦੀ ਹੈ ਕਿ ਉਸ ਦਾ ਅਗਲਾ ਮੁਖੀ ਕੌਣ ਹੋਵੇਗਾ, ਸਗੋਂ ਸਮੁੱਚੇ ਸਰਕਾਰੀ ਕੰਮਾਂ ਵਿੱਚ ਵੀ ਵੱਡੀ ਭੂਮਿਕਾ ਰਹਿੰਦੀ ਹੈ। ਇਮਰਾਨ ਖਾਨ ਨੂੰ ਪ੍ਰਧਾਨ ਮੰਤਰੀ ਅਹੁਦੇ ਤੋਂ ਹਟਾਉਣ ਲਈ ਵਿਰੋਧੀ ਧਿਰ ਵੱਲੋਂ ਜਦੋਂ ਮੋਰਚਾ ਖੋਲ੍ਹਿਆ ਗਿਆ ਤਾਂ ਫੌਜ ਨਿਰਪੱਖ ਹੋ ਗਈ, ਪਰ ਮੰਨਿਆ ਜਾਂਦਾ ਹੈ ਕਿ ਇਸ ਵੇਲੇ ਉਹ ਯੂ ਟਰਨ ਲੈ ਕੇ ਖੇਡ ਵਿੱਚ ਵਾਪਸੀ ਦਾ ਮਨ ਬਣਾ ਚੁੱਕੀ ਹੈ। ਮਾੜੀ ਅਰਥਵਿਵਸਥਾ ਤੇ ਵਧੀ ਮਹਿੰਗਾਈ ਵੀ ਫੌਜ ਲਈ ਚਿੰਤਾ ਦਾ ਵਿਸ਼ਾ ਹੈ। ਰਿਪੋਰਟ ਮੁਤਾਬਕ'ਇਹ ਲਗਭਗ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਫੌਜ ਦੇ ਇਸ਼ਾਰਿਆਂ ਉੱਤੇ ਕੰਮ ਕਰਨਗੇ। ਦੇਸ਼ ਦੀ ਮਾੜੀ ਅਰਥਵਿਵਸਥਾ ਦੀ ਚਿੰਤਾ ਬਣੀ ਰਹੇਗੀ, ਕਿਉਂਕਿ ਕੋਈ ਵੀ ਸਿਆਸੀ ਤਾਕਤ ਬਿਨਾਂ ਪੈਸੇ ਦੇ ਫੌਜ ਨੂੰ ਸਰਬ ਉਚ ਬਣਾ ਕੇ ਨਹੀਂ ਰੱਖ ਸਕਦੀ।'' ਪਾਕਿਸਤਾਨ ਵਿੱਚ ਫੌਜੀ ਤਾਕਤ ਉਸ ਸਮੇਂ ਲੋਕਾਂ ਨੇ ਮਹਿਸੂਸ ਕੀਤੀ ਸੀ, ਜਦੋਂ ਇੰਟਰ ਸਰਵਿਸ ਪਬਲਿਕ ਰਿਲੇਸ਼ਨ (ਆਈ ਐਸ ਪੀ ਆਰ) ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਬਾਬਰ ਇਫਤਿਖਾਰ ਨੇ 14 ਅਪ੍ਰੈਲ ਨੂੰ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਸੀ ਕਿ ਤਤਕਾਲੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਫੌਜ ਮੁਖੀ ਜਨਰਲ ਬਾਜਵਾ ਅਤੇ ਆਈ ਐਸ ਆਈ ਦੇ ਡਾਇਰੈਕਟਰ ਜਨਰਲ ਲੈਫਟੀਨੈਂਟ ਜਨਰਲ ਨਦੀਮ ਅੰਜੁਮ ਨੂੰ ਖੁਦ ਸੰਪਰਕ ਕਰ ਕੇ ਉਨ੍ਹਾਂ ਨੂੰ ਸਿਆਸੀ ਸੰਕਟ ਵਿੱਚ ਦਖਲ ਦੇਣ ਦੀ ਅਪੀਲ ਕੀਤੀ ਸੀ।

ਦੇਸ਼ ਦੀ ਤਾਜ਼ਾ ਹਾਲਤ ਨੂੰ ਇਮਰਾਨ, ਫੌਜੀ ਮੁਖੀ ਅਤੇ ਸਾਬਕਾ ਆਈ ਐਸ ਆਈ ਮੁਖੀ ਦਾ ਸ਼ਕਤੀ ਸੰਘਰਸ਼ ਮੰਨਿਆ ਜਾ ਰਿਹਾ ਸੀ। ਇਸ ਦੀ ਸ਼ੁਰੂਆਤ ਪਿਛਲੇ ਸਾਲ ਛੇ ਅਕਤੂਬਰ ਨੂੰ ਹੋ ਗਈ ਸੀ, ਜਦੋਂ ਇਮਰਾਨ ਦੇ ਭਰੋਸੇਯੋਗ ਲੈਫਟੀਨੈਂਟ ਜਨਰਲ ਹਮੀਦ ਨੂੰ ਟਰਾਂਸਫਰ ਕਰਦੇ ਹੋਏ ਉਨ੍ਹਾਂ ਦੀ ਥਾਂ ਲੈਫਟੀਨੈਂਟ ਜਨਰਲ ਅੰਜੁਮ ਨੂੰ ਖੁਫੀਆ ਇਕਾਈ ਆਈ ਐਸ ਆਈ ਦਾ ਮੁਖੀ ਬਣਾ ਦਿੱਤਾ ਗਿਆ ਸੀ।

# 35 ਸਾਲ ਪਿੱਛੋਂ ਵੀ ਨਿਆਂ ਨਾ ਮਿਲਿਆ ਤਾਂ ਪੀੜਤਾ ਬੋਲੀ: ਮੈਨੂੰ ਭਾਰਤ ਭੇਜ ਦਿਓ

ਲਾਹੌਰ, 2 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਦੇ ਸ਼ਹਿਰ ਬਹਾਵਲਪੁਰ ਦੀ ਇੱਕ ਮੁਸਲਿਮ ਮਹਿਲਾ, ਜਿਸਦਾ ਭੂ-ਮਾਫੀਆ ਦੇ ਵਿਰੁੱਧ ਉਸਦੇ ਪੰਜ ਮਰਲੇ ਮਕਾਨ ਬਾਰੇ 35 ਸਾਲ ਤੋਂ ਵੱਧ ਸਮੇਂ ਤੋਂ ਕੇਸ ਚਲ ਰਿਹਾ ਹੈ, ਨੇ ਕੱਲ੍ਹ ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਕਿਹਾ ਕਿ ਜੇ ਉਸ ਨੂੰ ਨਿਆਂ ਨਹੀਂ ਮਿਲਦਾ ਤਾਂ ਉਸ ਨੂੰ ਭਾਰਤ ਭੇਜ ਦਿੱਤਾ ਜਾਵੇ।ਉਸ ਦੇ ਇਸ ਤਰ੍ਹਾਂ ਕਹਿਣ ਤੋਂ ਹਰ ਕੋਈ ਹੈਰਾਨ ਹੋ ਗਿਆ ਹੈ।



ਬਹਾਵਲਪੁਰ ਦੀ ਵਾਸੀ ਸ਼ਹਿਨਾਜ਼ ਬੀਬੀ ਨੇ ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਕਿਹਾ ਕਿ ਉਸ ਨੂੰ ਭਾਰਤ ਭੇਜ ਦਿੱਤਾ ਜਾਵੇ ਕਿਉਂਕਿ ਭਾਰਤ-ਪਾਕਿਸਤਾਨਵੰਡ ਦੇ ਸਮੇਂ ਭਾਰਤ ਤੋਂ ਪਾਕਿਤਸਾਨ ਆਏ ਮੁਸਲਮਾਨਾਂ ਨੂੰ ਪਾਕਿਸਤਾਨ ਸਰਕਾਰ ਚੰਗੀਆਂ ਸਹੂਲਤਾਂ ਦੇਣ ਵਿੱਚ ਅਸਫਲ ਰਹੀ ਹੈ।ਲਾਹੌਰ ਹਾਈ ਕੋਰਟ ਦੇ ਚੀਫ ਜਸਟਿਸ ਅਮੀਰ ਭੱਟੀ ਨੇ ਕਿਹਾ ਕਿ ਭਾਰਤ ਭੇਜਣ ਬਾਰੇ ਉਹ ਕੋਈ ਟਿੱਪਣੀ ਨਹੀਂ ਕਰ ਸਕਦੇ, ਅਦਾਲਤ ਕੇਵਲ ਇਸ ਕੇਸ ਦੀ ਸੁਣਵਾਈ ਕਰ ਸਕਦੀ ਹੈ। ਇਸ ਦੌਰਾਨ ਜੱਜ ਨੇ ਮਹਿਲਾ ਦੇ ਨਾਲ ਅਨਿਆਂ ਉੱਤੇ ਵੀ ਅਫਸੋਸ ਪ੍ਰਗਟ ਕੀਤਾ।

# ਪੱਖੀ ਘੁੰਗਰੂਆਂ ਵਾਲੀ...

–ਬਹਾਦਰ ਸਿੰਘ ਗੋਸਲ



ਭਾਰਤ ਅਜਿਹਾ ਦੇਸ਼ ਹੈ ਜਿੱਥੇ ਕਈ ਤਰ੍ਹਾਂ ਦੇ ਮੌਸਮ ਦੇਖਣ ਨੂੰ ਮਿਲਦੇ ਹਨ, ਪਰ ਕਈ ਵਾਰ ਸਰਦੀ ਵੀ ਅੰਤਾਂ ਦੀ ਹੁੰਦੀ ਹੈ ਅਤੇ ਗਰਮੀ ਵੀ ਅੰਤਾਂ ਦੀ ਹੀ ਪੈਂਦੀ ਹੈ। ਪਿਛਲੇ ਸਮਿਆਂ ਵਿੱਚ ਸਰਦੀ ਦੇ ਦਿਨਾਂ ਵਿੱਚ ਮਨੁੱਖ ਠੰਢ ਤੋਂ ਬਚਣ ਲਈ ਅੱਗ, ਰਜਾਈ ਜਾਂ ਗਰਮ ਕੱਪੜਿਆਂ ਦਾ ਸਹਾਰਾ ਲੈਂਦਾ ਸੀ ਤੇ ਗਰਮੀ ਤੋਂ ਬਚਣ ਲਈ ਉਸ ਨੂੰ ਕੁਦਰਤੀ ਹਵਾ ਜਾਂ ਹੱਥ ਪੱਖੀਆਂ ਦਾ ਸਹਾਰਾ ਲੈਣਾ ਪੈਂਦਾ ਸੀ।ਜਦੋਂ ਪੰਜਾਬ ਦੇ ਪਿੰਡਾਂ ਵਿੱਚ ਅਜੇ ਬਿਜਲੀ ਨਹੀਂ ਸੀ ਆਈ ਤਾਂ ਘਰਾਂ ਵਿੱਚ ਬਿਜਲੀ ਦੇ ਪੱਖੇ, ਕੂਲਰ ਜਾਂ ਏ ਸੀ ਨਹੀਂ ਸਨ, ਪਰ ਅੰਤਾਂ ਦੀ ਗਰਮੀ ਕਾਰਨ ਪਿੰਡਾਂ ਦੀਆਂ ਕੁੜੀਆਂ ਆਪਸੀ ਮੁਕਾਬਲੇ ਕਰਨ ਲੱਗੀਆਂ। ਉਹ ਵਧੀਆ ਤੋਂ ਵਧੀਆ ਰੰਗਦਾਰ ਧਾਗਿਆਂ ਦੀ ਬੁਣਤੀ ਕਰ ਕੇ ਨਵੇਂ-ਨਵੇਂ ਡਿਜ਼ਾਈਨ ਦੀਆਂ ਪੱਖੀਆਂ ਤਿਆਰ ਕਰਦੀਆਂ। ਫਿਰ ਇਹ ਗਰਮੀ ਦੇ ਦਿਨਾਂ ਵਿੱਚ ਆਏ ਮਹਿਮਾਨਾਂ ਨੂੰ ਗਰਮੀ ਤੋਂ ਬਚਣ ਅਤੇ ਹਵਾ ਲੈਣ ਲਈ ਦਿੱਤੀਆਂ ਜਾਂਦੀਆਂ। ਕਈ ਮੁਟਿਆਰਾਂ ਵੱਲੋਂ ਤਿਆਰ ਪੱਖੀਆਂ ਤਾਂ ਮਹਿਮਾਨਾਂ ਦਾ ਦਿਲ ਮੋਹ ਲੈਂਦੀਆਂ।

ਜਦੋਂ ਲੋਕਾਂ ਵਿੱਚ ਨਵੀਆਂ ਸੁੰਦਰ ਪੱਖੀਆਂ ਦੀ ਮੰਗ ਹੋਰ ਵਧ ਗਈ ਤਾਂ ਮੁਟਿਆਰਾ ਦੀ ਕਲਾ ਵੀ ਹੋਰ ਨਵੇਂ ਰੰਗ ਬਿਕੇਰਨ ਲੱਗੀ। ਉਹ ਪੱਖੀਆਂ ਨੂੰ ਨਵੇਂ-ਨਵੇਂ ਢੰਗ ਨਾਲ ਝਾਲਰਾਂ ਲਵਾ ਕੇ, ਨਾਲ ਛੋਟੇ-ਛੋਟੇ ਘੁੰਗਰੂ ਲਾਉਣ ਲੱਗੀਆਂ ਜੋ ਹਵਾ ਦੇਣ ਦੇ ਨਾਲਮਹਿਮਾਨਾਂ ਨੂੰ ਸੰਗੀਤਕ ਲੋਰ ਵੀ ਦਿੰਦੀਆਂ। ਇਸ ਤਰ੍ਹਾਂ ਇਨ੍ਹਾਂ ਪੱਖੀਆਂ ਨੇ ਪੰਜਾਬੀ ਸਭਿਆਚਾਰ ਨੂੰ ਇੱਕ ਨਿਵੇਕਲਾ ਰੰਗ ਦੇ ਦਿੱਤਾ ਅਤੇ ਪੰਜਾਬ ਦੇ ਪਿੰਡਾਂ ਵਿੱਚ ਸਭਿਆਚਾਰਕ ਗੀਤ ਆਮ ਹੀ ਸੁਣਨ ਨੂੰ ਮਿਲਦੇ :

ਵੇ ਲੈ ਦੇ ਮੈਨੂੰ ਮਖਮਲ ਦੀ
ਪੱਖੀ ਘੁੰਗਰੂਆਂ ਵਾਲੀ।

ਇਸ ਸਭਿਆਚਾਰਕ ਰੰਗ ਦੀ ਦੇਣ ਸੀ ਕਿ ਪੰਜਾਬੀ ਮੁਟਿਆਰਾਂ ਆਪਣੇ ਵਿਆਹ ਦੇ ਦਾਜ ਲਈ ਕਈ ਕਿਸਮਾਂ ਦੀਆਂ ਪੱਖੀਆਂ ਤਿਆਰ ਕਰ ਲੈਂਦੀਆਂ। ਇਨ੍ਹਾਂ ਲਈ ਭਾਵੇਂ ਉਨ੍ਹਾਂ ਨੂੰ ਪੱਖੀ ਫ੍ਰੇਮ ਬਾਹਰ ਤੋਂ ਖਰੀਦਣੇ ਪੈਂਦੇ ਸਨ। ਦਾਜ ਵਿੱਚ ਲੈ ਕੇ ਗਈਆਂ ਪੱਖੀਆਂ ਮੁਟਿਆਰ ਦੇ ਸਹੁਰੇ ਘਰ ਦੋ ਕੰਮ ਕਰ ਦਿੰਦੀਆਂ। ਇੱਕ ਘਰ ਵਾਲਿਆਂ ਨੂੰ ਹਵਾ ਦੇਣ ਦਾ ਕੰਮ ਕਰਦੀਆਂ ਅਤੇ ਦੂਜਾ ਉਸ ਮੁਟਿਆਰ ਦੇ ਕਲਾਤਮਕ ਗੁਣ ਸਹੁਰੇ ਘਰ ਵਾਲਿਆਂ ਨੂੰ ਪਤਾ ਲੱਗ ਜਾਂਦੇ।

ਜਿਉਂ ਜਿਉਂ ਪਿੰਡਾਂ ਵਿੱਚ ਬਿਜਲੀ ਪਹੁੰਚਦੀ ਗਈ, ਪੇਂਡੂ ਪੰਜਾਬੀ ਘਰਾਂ ਵਿੱਚ ਬਿਜਲੀ ਦੇ ਪੱਖੇ ਜਾਂ ਕੂਲਰ ਆਉਣ ਲੱਗੇ ਅਤੇ ਪੱਖੀਆਂ ਦਾ ਰਿਵਾਜ ਘਟ ਗਿਆ। ਸਮਾਂ ਅਜਿਹਾ ਵੀ ਆਇਆ ਕਿ ਘਰਾਂ ਵਿੱਚੋਂ ਸੁੰਦਰ ਪੱਖੀਆਂ ਅਲੋਪ ਹੀ ਹੋ ਗਈਆਂ। ਲੋਕ ਪੱਖੀਆਂ ਵਾਲੇ ਜ਼ਮਨੇ ਵਿੱਚ ਪਿਛੇ ਮੁੜਨ ਦੀ ਥਾਂ ਕੂਲਰਾਂ ਜਾਂ ਏ ਸੀ ਵੱਲ ਅੱਗੇ ਵਧਦੇ ਗਏ। ਜਦੋਂ ਏ ਸੀ ਵੱਲੋਂ ਖੁੱਲ੍ਹੀ ਠੰਢੀ ਹਵਾ ਦਾ ਸੁੱਖ ਮਿਲੇ ਤਾਂ ਕੌਣ ਯਾਦ ਕਰਦਾ ਹੈ ਉਨ੍ਹਾਂ ਘੁੰਗਰੂਆਂ ਵਾਲੀਆਂ ਪੱਖੀਆਂ ਨੂੰ?

ਪਿਛਲੇ ਦਿਨੀਂ ਗਰਮੀ ਦੇ ਮੌਸਮ ਵਿੱਚ ਜਦੋਂ ਮੈਨੂੰ ਤਰਨ ਤਾਰਨ ਕੋਲ ਇੱਕ ਅਕਾਲ ਅਕੈਡਮੀ ਵਿੱਚ ਜਾਣ ਦਾਮੌਕਾ ਮਿਲਿਆ ਤਾਂ ਮੈਂ ਅਕੈਡਮੀ ਦੇ ਮੈਡੀਕਲ ਰੂਮ ਵਿੱਚ ਗਿਆ ਤਾਂ ਮੈਂ ਇੱਕ ਮੇਜ਼ ਉੱਤੇ ਦਵਾਈਆਂ, ਫਸਟ ਏਡ ਬਾਕਸ ਅਤੇ ਇੱਕ ਬਹੁਤ ਖੂਬਸੂਰਤ ਪੱਖੀ ਪਈ ਦੇਖ ਕੇ ਹੈਰਾਨ ਰਹਿ ਗਿਆ। ਮੈਂ ਉਸ ਰੰਗੀਨ ਪੱਖੀ ਨੂੰ ਚੁੱਕ ਬਹੁਤ ਚਾਅ ਨਾਲ ਦੇਖਣ ਲੱਗਿਆ।ਉਸ ਪੱਖੀ ਦੇ ਸਭਿਆਚਾਰਕ ਰੂਪ ਨੇ ਮੇਰਾ ਮਨ ਮੋਹ ਲਿਆ ਅਤੇ ਮੈਂ ਭੁੱਲ ਹੀ ਗਿਆ ਕਿ ਮੈਡੀਕਲ ਰੂਮ ਵਿੱਚ ਇਸ ਸੁੰਦਰ ਪੱਖੀ ਦਾ ਕੀ ਕੰਮ ਹੈ? ਫਿਰ ਗੱਲ ਮੇਰੀ ਸਮਝ ਵਿੱਚ ਆਈ ਕਿ ਇਹ ਪੱਖੀ, ਬਿਜਲੀ ਦੇ ਕੱਟ ਲੱਗਣ ਕਰਨ ਕਿਸੇ ਬਿਮਾਰ ਬੱਚੇ ਦੀ ਸੇਵਾ ਲਈ ਰੱਖੀ ਗਈ ਹੈ।ਮੇਰੀਆਂ ਅੱਖਾਂ ਅੱਗੇ ਅੱਜ ਵੀ ਉਸ ਪੱਖੀਆਂ ਵਾਲੇ ਪੁਰਾਣੇ ਪੰਜਾਬ ਦੇ ਦ੍ਰਿਸ਼ ਘੁੰਮਦੇ ਰਹਿੰਦੇ ਹਨ, ਜਦੋਂ ਪਿੰਡਾਂ ਵਿੱਚ ਲਾਊਡ ਸਪੀਕਰਾਂ ਉੱਤੇ ਗੀਤ ਵੱਜਦੇ ਹੁੰਦੇ ਸਨ :

ਸੁੱਤੀ ਪਈ ਨੂੰ ਪੱਖੀ ਦੀ ਝੱਲ ਮਾਰੇ
ਪੱਖੀ ਦੀ ਝੱਲ ਮਾਰੇ, ਮੁੰਡਾ ਪਟਿਆਲੇ ਦਾ।

ਇਸੇ ਤਰ੍ਹਾਂ ਇਹ ਪੱਖੀ ਪੰਜਾਬੀ ਘਰਾਂ ਵਿੱਚ ਮੁਟਿਆਰਾਂ ਦੀ ਕਲਾ ਦੀ ਆਨ ਅਤੇ ਮਹਿਮਾਨਾਂ ਦੀ ਸ਼ਾਨ ਰਹੀ ਹੈ।ਇਨ੍ਹਾਂ ਮੁਟਿਆਰਾਂ ਦੇ ਮਾਪੇ ਆਪਣੀਆਂ ਲਾਡਲੀਆਂ ਧੀਆਂ ਵੱਲੋਂ ਤਿਆਰ ਕੀਤੀਆਂ ਪੱਖੀਆਂ ਉੱਤੇ ਮਾਣ ਕਰਦੇ ਸਨ, ਪਰ ਉਨ੍ਹਾਂ ਦੇ ਦਿਲਾਂ ਵਿੱਚ ਮੋਹ ਦੀ ਇੱਕ ਚੰਗਿਆਰੀ ਜਿਹੀ ਲੱਗੀ ਰਹਿੰਦੀ ਸੀ ਕਿਉਂਕਿ ਉਹ ਜਾਣਦੇ ਸਨ ਕਿ ਧੀ ਨੇ ਇੱਕ ਦਿਨ ਆਪਣੇ ਸਹੁਰੇ ਘਰ ਤੁਰ ਜਾਣਾ ਏ ਅਤੇ ਨਾਲ ਤੁਰ ਜਾਣਗੀਆਂ ਇਹ ਪੱਖੀਆਂ ਤਾਂ ਉਹ ਬੇਟੀ ਦੀ ਕਲਾ ਦੀ ਤਾਰੀਫ ਕਰਨ ਤੋਂ ਵੀ ਚੁੱਪ ਵੱਟ ਜਾਂਦੇ ਸਨ ਅਤੇ ਆਪਣੇ ਮਨਾਂ ਵਿੱਚ ਮੱਧਮ ਆਵਾਜ਼ ਵਿੱਚ ਗੁਣਗੁਣਾਉਂਦੇ ਸਨ-

ਪੱਖੀਆਂ...
ਇੱਕ ਦਿਨ ਤੁਰ ਜਾਣੀਆਂ, ਧੀਆਂ,
ਜੋ ਵਾਂਗ ਪੁੱਤਾਂ ਪਾਲ ਕੇ ਰੱਖੀਆਂ।

ਪੁਰਾਣੇ ਸਮਿਆਂ ਵਿੱਚ ਦਾਜ ਵਿੱਚ ਪੱਖੀਆਂ ਲਿਆਉਣ ਦਾ ਬਹੁਤ ਰਿਵਾਜ ਸੀ। ਓਦੋਂ ਔਰਤਾਂ ਆਪਣੀਆਂ ਦਾਜ ਵਿੱਚ ਲਿਆਂਦੀਆਂ ਪੱਖੀਆਂ ਨੂੰ ਸੰਦੂਕਾਂ ਵਿੱਚ ਬਹੁਤ ਦੇਰ ਸਾਂਭ ਕੇ ਰੱਖਦੀਆਂ ਸਨ ਕਿਉਂਕਿ ਉਨ੍ਹਾਂ ਨਾਲ ਜੁੜੀਆਂ ਹੁੰਦੀਆਂ ਸਨ ਉਨ੍ਹਾਂ ਦੇ ਪੇਕਿਆਂ ਦੀਆਂ ਯਾਦਾਂ। ਕਿਸੇ ਸੋਹਣੀ ਪੱਖੀ ਨੂੰ ਦੇਖਦੇ ਹੀ ਉਸ ਨੂੰ ਆਪਣੇ ਮਾਪਿਆਂ ਦੀ ਯਾਦ, ਪੇਕੇ ਘਰ ਦੇ ਵਿਹੜੇ ਦਾ ਵਾਤਾਵਰਨ ਤਤੇ ਤ੍ਰਿੰਞਣਾਂ ਦੇ ਪੂਰ ਵਿੱਚ ਮਿਲੀਆਂ ਉਸ ਦੀਆਂ ਸਹੇਲੀਆਂ ਯਾਦ ਆ ਜਾਂਦੀਆਂ, ਪਰ ਜਦੋਂ ਕਦੇ ਘਰ ਵਿੱਚ ਕੋਈ ਮਹਿਮਾਨ ਆਉਂਦਾ ਤਾਂ ਬੜੇ ਸਤਿਕਾਰ ਨਾਲ ਸੰਦੂਕ ਵਿੱਚੋਂ ਪੱਖੀ ਕੱਢ ਲਿਆਉਂਦੀ ਤਾਂ ਕਿ ਮਹਿਮਾਨ ਨੂੰ ਗਰਮੀ ਤੋਂ ਰਾਹਤ ਮਿਲ ਸਕੇ। ਉਨ੍ਹਾਂ ਦਿਨਾਂ ਵਿੱਚ ਵਿਹੜੇ ਵਿੱਚ ਲੱਗੀ ਨਿੰਮ ਦੀ ਛਾਂ, ਮੰਜੇ ਉੱਤੇ ਵਿਛੀ ਨਵੀਂ ਦਰੀ ਉਤੇ ਫੁੱਲਦਾਰ ਕਢਾਈ ਵਾਲੀ ਚਿੱਟੀ ਚਾਦਰ ਤੇ ਰੰਗਦਰ ਪੱਖੀ ਪੰਜਾਬੀ ਸਭਿਆਚਾਰ ਦੀ ਬਾਤ ਪਾ ਦਿੰਦੀਆਂ ਸਨ।

ਸਮੇਂ ਨਾਲ ਸਭ ਕੁਝ ਬਦਲ ਗਿਆ, ਪਿੰਡਾਂ ਵਿੱਚ ਘਰ-ਘਰ ਬਿਜਲੀ ਪਹੁੰਚ ਗਈ, ਕਿਤੇ ਛੱਤ ਵਾਲੇ ਪੱਖੇ, ਕਿਤੇ ਟੇਬਲ ਫੈਨ ਜਾਂ ਹਵਾ ਦੇ ਬੁੱਲ੍ਹੇ ਛੱਡਦੇ ਫਰਾਟੇ ਪੱਖਿਆਂ ਦੇ ਚੱਲਣ ਨੇ ਪੱਖੀਆਂ ਨੂੰ ਯਾਦ ਨਹੀਂ ਕਰਨ ਦਿੱਤਾ। ਸਾਰੇ ਪੰਜਾਬੀ ਪੱਖੀਆਂ ਛੱਡ ਪੱਖਿਆਂ ਦਾ ਆਸਰਾ ਤੱਕਣ ਲੱਗੇ। ਮੁਟਿਆਰਾਂ ਵੱਲੋਂ ਪੱਖੀਆਂ ਬਣਾਉਣ ਦਾ ਰੁਝਾਨ ਅੰਤਲੇ ਸਾਹਾਂ ਉੱਤੇ ਆ ਗਿਆ। ਜਿਹੜੀਆਂ ਦਾਦੀਆਂ-ਮਾਵਾਂ ਬੱਚਿਆਂ ਨੂੰ ਲੋਰੀ ਸੁਣਾਉਂਦੀਆਂ ਪੱਖੀ ਝੱਲਦੀਆਂ ਪਰਵਾਰਕ ਦ੍ਰਿਸ਼ ਪੇਸ਼ ਕਰਦੀਆਂ ਸਨ, ਉਹ ਖਤਮ ਹੋ ਗਿਆ। ਦਾਦੀਆਂ ਵੱਲੋਂ ਲਿਆਂਦੀਆਂ ਦਾਜ ਦੀਆਂ ਪੱਖੀਆਂ ਸੰਦੂਕਾਂ ਵਿੱਚ ਸੌਂ ਗਈਆਂ, ਪਰ ਉਨ੍ਹਾਂ ਦਾਦੀਆਂ ਸੰਦੂਕਾਂ ਵਿੱਚ ਪੱਖੀਆਂ ਦੀ ਸੰਭਾਲ ਨੇ ਸਾਡੇ ਸਮਾਜ ਨੂੰ ਨਵਾਂ ਰੰਗ ਦਿੱਤਾ। ਇੱਕ ਕਵੀ ਨੇ ਸੋਹਣਾ ਲਿਖਿਆ ਹੈ :

ਦਾਦੀ ਲਿਆਈ ਜੋ ਦਾਜ ਵਿੱਚ ਪੱਖੀ
ਬੜੀ ਉਸ ਸੰਭਾਲ ਕੇ ਰੱਖੀ।
ਜਦੋਂ ਕੋਈ ਮਹਿਮਾਨ ਘਰ ਆਵੇ
ਝੱਟ ਦਾਦੀ ਪੱਖੀ ਕੱਢ ਲਿਆਵੇ।
ਗਰਮੀ ਵਿੱਚ ਹਵਾ ਦੇਵੇ ਸੋਹਣੀ
ਪਾਸ ਨਾ ਆਵੇ ਕੋਈ ਮੱਛਰ-ਮੱਖੀ
ਦਾਦੀ ਲਿਆਈ ਜੋ ਦਾਜ ਵਿੱਚ ਪੱਖੀ।

ਵਿਗਿਆਨ ਨੇ ਕਮਾਲ ਕਰ ਦਿੱਤਾ ਹੈ, ਉਸ ਪਿਆਰ ਪੱਖੀ ਦੀ ਥਾਂ ਨਵੇਂ-ਨਵੇਂ ਕੂਲਰਾਂ ਅਤੇ ਏਸੀ ਨੇ ਲੈ ਲਈ ਹੈ। ਪੱਕਦੇ ਤਪਦੇ ਘਰਾਂ ਨੂੰ ਇਹ ਏ ਸੀ ਠੰਢਾ ਠਾਰ ਕਰਦੇ ਹਨ, ਪਰ ਪਹਿਲਾਂ ਪਿੰਡਾਂ ਵਿੱਚ ਕੱਚੇ ਘਰ ਵੀ ਗਰਮੀ ਵਿੱਚ ਏਅਰ ਕੰਡੀਸ਼ਨ ਦਾ ਕੰਮ ਕਰ ਦਿੰਦੇ ਸਨ, ਉਹ ਪੱਕੇ ਘਰਾਂ ਵਾਂਗ ਤਪਦੇ ਨਹੀਂ ਸਨ, ਅੰਦਰ ਚੱਲਦੀਆਂ ਝਾਲਰ ਵਾਲੀਆਂ ਪੱਖੀਆਂ ਚੰਗੀ ਰਾਹਤ ਦੇਂਦੀਆਂ ਸਨ। ਭਾਵੇਂ ਵਿਗਿਆਨਕ ਸੁੱਖ ਮਨੁੱਖ ਨੂੰ ਗਰਮੀ ਤੋਂ ਬਚਾ ਲੈਂਦੇ ਹਨ, ਪਰ ਡਾਕਟਰ ਦੱਸਦੇ ਹਨ ਕਿ ਮਨੁੱਖ ਨੂੰ ਜ਼ਿਆਦਾ ਏ ਸੀ ਅੱਗੇ ਨਹੀਂ ਬੈਠਣਾ ਚਾਹੀਦਾ, ਕਿਉਂਕਿ ਏ ਸੀ ਵਿੱਚ ਬਾਹਾਂ ਜੁੜਨ ਦਾ ਖਤਰਾ ਰਹਿੰਦਾ ਹੈ, ਜਦੋਂ ਕਿ ਪੱਖੀ ਨੂੰ ਚਲਾਉਣ ਨਾਲ ਬਾਹਾਂ ਦੀ ਵਰਜਿਸ਼ ਹੋ ਜਾਂਦੀ ਸੀ, ਇਹ ਬਾਹਾਂ ਨੂੰ ਜੋੜਨ ਦੀਥਾਂ ਤੰਦਰੁਸਤੀ ਬਖਸ਼ਦੀ ਸੀ। ਅੱਜ ਵੀ ਪੰਜਾਬ ਵਿੱਚ ਕਦੇ ਕਦੇ ਬਿਜਲੀ ਸੰਕਟ ਨਾਲ ਜਦੋਂ ਲੰਬੇ ਸਮੇਂ ਤੱਕ ਬਿਜਲੀ ਨਹੀਂ ਆਉਂਦੀ ਤਾਂ ਪੁਰਾਣੀਆਂ ਪੱਖੀਆਂ ਨੂੰ ਲੱਭਣਾ ਜ਼ਰੂਰੀ ਹੋ ਜਾਂਦਾ ਹੈ। ਤਦੇ ਕਿਸੇ-ਕਿਸੇ ਘਰ ਅੱਜ ਵੀ ਇਹ ਪੱਖੀ ਘੁੰਗਰੂਆਂ ਵਾਲੀ ਮਿਲ ਹੀ ਜਾਂਦੀ ਹੈ ਅਤੇ ਸਾਨੂੰ ਯਾਦ ਕਰਵਾ ਦਿੰਦੀ ਹੈ ਸਾਡਾ ਭੁੱਲਿਆ ਵਿਸਰਿਆ ਸਭਿਆਚਾਰਕ ਵਿਰਸਾ।

# ਆਉ "ਇਕ ਰੁੱਖ ਤੇ ਸੋ ਸੁੱਖ" ਵਾਲੀ ਕਹਾਵਤ ਨੂੰ ਸੱਚ ਦਾ ਜਾਮਾ ਪਹਿਨਾਈਏ



ਰਾਜਿੰਦਰ ਸਿੰਘ ਰਾਜਨ ਪਠਾਨਕੋਟ



ਆਪਣੀ ਲੋੜ ਕਹਿ ਲਈਏ, ਮਜਬੂਰੀ ਕਹਿ ਲਈਏ,ਜਾ ਲਾਲਚ ਕਹਿ ਲਈਏ ਮਨੁੱਖ ਪਿੱਛਲੇ ਲੰਮੇ ਅਰਸੇ ਤੋਂ ਰੁੱਖਾ ਦੀ ਕਟਾਈ ਨਿਰੰਤਰ ਜਾਰੀ ਰੱਖਕੇ ਜੀਵਨ ਦੀ ਚਲ ਰਹੀ ਗੱਡੀ ਨੂੰ ਲੀਹੋ ਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜੋ ਆਉਂਣ ਵਾਲੇ ਸਮੇਂ ਵਿੱਚ ਮਨੁੱਖੀ ਨਸ਼ਲਾ ਲਈ ਖ਼ਤਰੇ ਦੀ ਘੰਟੀ ਕਹਿ ਲਿਆ ਜਾਵੇ ਤਾਂ ਗੱਲਤ ਨਹੀ ਹੋਵੇਗਾ। ਇਸ ਵਿੱਚ ਕੋਈ ਸ਼ੱਕ ਨਹੀ ਕਿ ਰੁੱਖਾਂ ਦੀ ਕਟਾਈ ਕਾਰਨ ਵਾਤਾਵਰਨ ਤਬਦੀਲ ਹੋ ਰਿਹਾ ਹੈਂ। ਮਨੁੱਖ ਆਪਣੇ ਲਾਲਚ ਵਿੱਚ ਆਕੇ ਜੰਗਲਾ ਦਾ ਵੀ ਘਾਣ ਕਰੀ ਜਾ ਰਿਹਾ ਹੈ। ਰੁੱਖ ਦੀ ਮਹੱਤਤਾ ਨੂੰ ਮੁੱਖ ਰੱਖਦਿਆ ਸਾਡੇ ਧਾਰਮਿਕ ਗ੍ਰੰਥਾਂ, ਰਿਸ਼ੀਆਂ ਮੁਨੀਆਂ ਨੇ ਰੁੱਖਾ ਨੂੰ ਪੂਜਣ ਯੋਗ ਦੱਸਿਆ ਹੈ। ਪਿੱਪਲ ਅਤੇ ਤੁਲਸੀ ਆਦਿ ਇਸ ਗੱਲ ਦੀ ਅਗਵਾਈ ਭਰਦੇ ਹਨ। ਇਸ ਤੋਂ ਇਲਾਵਾ ਆਮਲਾ, ਨਿੰਬੂ, ਲਸੂੜੇ ਦੇ ਰੁੱਖ ਗੁਣਾਤਮਕ ਭਰਭੂਰ ਹਨ। ਵੱਖ-ਵੱਖ ਤਰ੍ਹਾਂ ਦੇ ਫੱਲਫਰੂਟ ਵਾਲੇ ਰੁੱਖਾ ਪਾਸੋ ਵੱਖ-ਵੱਖ ਤਰ੍ਹਾਂ ਦੇ ਵਿਟਾਮਿਨ ਅਤੇ ਖਣਿਜ ਪਦਾਰਥ ਮਿਲਦੇ ਹਨ ਜੋ ਸਾਡੇ ਜੀਵਨ ਦਾ ਆਧਾਰ ਹਨ। ਇੱਥੇ ਹੀ ਬਸ ਨਹੀ ਰੁੱਖ ਸਾਡੇ ਜੀਵਨ ਦਾ ਅਨਿਖੜਵਾ ਅੰਗ ਹਨ। ਇਹਨਾਂ ਤੋਂ ਬਗੈਰ ਅਸੀ ਜਿੰਦਾ ਨਹੀ ਰਹਿ ਸਕਦੇ। ਰੁੱਖ ਮਨੁੱਖ ਲਈ ਰੋਜ਼ੀ-ਰੋਟੀ, ਮਕਾਨ, ਸਾਹ ਲੈਣ ਵਾਸਤੇ ਆਕਸੀਜਨ, ਦਵਾਈਆਂ ਵਾਸਤੇ ਜੜੀਆਂ ਬੂਟੀਆਂ, ਜਲਵਾਜੂ ਨਿਰੰਤਰ ਕਰਨਾ ਆਦਿ ਵਿੱਚ ਸਹਾਇਕ ਹਨ।ਵਿਗਿਆਨ ਮੁਤਾਬਕ ਇਕ ਰੁੱਖ ਆਪਣੀ ਸਾਰੀ ਉਮਰ ਵਿੱਚ ਲੱਗਭੱਗ 2 ਕਰੋੜ ਰੁਪਏ ਦੀ ਆਕਸੀਜਨ ਤਿਆਰ ਕਰਦਾ ਹੈ ।

ਇਹਨਾਂ ਰੁੱਖਾ ਦੀ ਖਾਤਿਰ ਲੱਖਾ ਦੀ ਤਾਦਾਦ ਵਿੱਚ ਪੰਛੀਆਂ ਅਤੇ ਜੀਵ-ਜੰਤੂ ਰੁੱਖਾ ਉੱਪਰ ਆਪਣਾ ਆਲ੍ਹਣਾ ਬਣਾ ਕੇ ਸਾਰੀ ਉਮਰ ਗੁਜ਼ਾਰ ਦਿੰਦੇ ਹਨ ਤੇ ਰੁੱਖਾ ਦੇ ਵਡਪੱਣ ਤੋਂ ਸੱਭ ਭਲੀ-ਭਾਂਤ ਜਾਣਦੇ ਹਨ, ਕਿ ਰੁੱਖ ਧੁੱਪ ਤੋਂ ਸਾਰਿਆਂ ਦਾ ਬਚਾਅ ਵੀ ਕਰਦੀ ਹੈ, ਉੱਥੇ ਮਨੁੱਖ ਪ੍ਰਦੂਸ਼ਣ ਤੋਂ ਵੀ ਸੁਟਕਾਰਾ ਪਾਉਂਦਾ ਹੈ।

ਪੱਤਚੜ ਦੇ ਮੌਸਮ ਵਿੱਚ ਇਨ੍ਹਾਂ ਰੁੱਖਾ ਦੇ ਬੇਕਾਰ ਪੱਤੇ ਅਤੇ ਟਾਹਣੀਆਂ ਮਿੱਟੀ ਵਿੱਚ ਮਿਲ ਕੇ ਬਹੁਮੁੱਲੀ ਖਾਦ ਤਿਆਰ ਕਰਕੇ ਧਰਤੀ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ। ਮਨੁੱਖ ਨਾਲ ਰੁੱਖ ਦਾ ਨਾਤਾ ਸਦੀਆਂ ਪੁਰਾਣਾ ਹੈ। ਜੇਕਰ ਪੰਜਾਹ ਸਾਲ ਪਿੱਛੇ ਝਾਤੀ ਮਾਰੀਏ ਤਾਂ ਅੱਤ ਦੀ ਗਰਮੀ ਵਿੱਚ ਘਰ ਦੇ ਪੱਖਿਆਂ ਨੂੰ ਛੱਡ ਕੇ ਬੋਹੜ, ਅੰਬ ਆਦਿ ਰੁੱਖਾਂ ਦੀ ਠੰਡੀ ਹਵਾ ਹੇਠਾਂ ਮਨੁੱਖ ਸਾਉਣ- ਬੈਠਣ ਦਾ ਮਜਾ ਲੈਂਦਾ ਸੀ, ਜਿਸ ਦਾ ਨਜ਼ਾਰਾ ਹੀ ਕੁਝ ਵੱਖਰਾ ਹੁੰਦਾ ਸੀ। ਕੁਦਰਤੀ ਠੰਢੀ ਹਵਾ ਲੈ ਕੇ ਮਨੁਖ ਸ਼ਰੀਰ ਪੱਖੋਂ ਰਿਸ਼ਟ ਪੁਸ਼ਟ ਰਹਿੰਦਾ ਸੀ ਪ੍ਰੰਤੂ ਅੱਜ ਦੇ ਜੁਗ ਵਿੱਚ ਏ ਸੀ, ਕੂਲਰ ਦੀ ਸਹੂਲਤ ਬਨਾਮ ਬਿਮਾਰੀ ਦਾ ਘਰ ਮੰਨਿਆ ਜਾ ਰਿਹਾ ਹੈ।

ਰੁੱਖਾਂ ਨਾਲ ਪਿਆਰ ਦਾ ਇਜ਼ਹਾਰ ਕਰਦੇ ਹੋਏ ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਕਵਿਤਾ ਵਿੱਚ ਰੁੱਖਾਂ ਦੀ ਤੁਲਣਾ ਆਪਣੇ ਪ੍ਰੀਵਾਰਕ ਜੀਆਂ ਦੇ ਵਾਂਗ ਇੰਝ ਬਿਆਨ ਕੀਤੀ ਹੈ, ਜਿਸ ਦੀਆ ਕੁਝ ਸਤਰਾਂ ਪੇਸ਼ ਹਨ।

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ, ਕੁਝ ਰੁੱਖ ਲਗਦੇ ਮਾਵਾਂ। ਕੁਝ ਰੁੱਖ ਨੂੰਹਾਂ ਧੀਆਂ ਲਗਦੇ, ਕੁਝ ਰੁੱਖ ਵਾਂਗ ਭਰਾਵਾਂ। ਕੁਝ ਰੁੱਖ ਮੇਰੇ ਬਾਬੇ ਵਾਕਣ, ਪੱਤਰ ਟਾਵਾਂ ਟਾਵਾਂ। ਕੁਝ ਰੁੱਖ ਮੇਰੀ ਦਾਦੀ ਵਰਗੇ, ਚੂਰੀ ਪਾਵਣ ਕਾਵਾਂ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਮਨੁੱਖ ਨੇ ਰੁੱਖਾ ਦੀ ਅੰਧਾਧੁੰਦ ਕਟਾਈ ਕਰਕੇ ਆਪਣਾ ਵਜੂਦ ਖਤਮ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਿਹਾ।

ਸਰਕਾਰ ਵੱਲੋਂ ਰੁੱਖਾ ਦੀ ਮਹੱਤਤਾ ਨੂੰ ਵੇਖਦੇ ਹੋਏ ਲੋਕਾਂ ਨੂੰ "ਇੱਕ ਰੁੱਖ, ਸੋ ਸੁੱਖ" ਦੀ ਤਰਜ਼ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪਿੱਛਲੇ ਲੰਮੇ ਸਮੇਂ ਤੋਂ ਨਿਰੰਤਰ ਜਾਗਰੂਕ ਕਰ ਰਹੀ ਹੈ ਅਤੇ ਹਰ ਆਉਦੇ ਸਾਲ ਸਕੂਲਾ, ਕਾਲਜਾ ਆਦਿ ਵਿੱਚ ਵੀ ਵਣ-ਮਹਾਂਉਤਸਵ ਮਨਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਵਿੱਚ ਵੱਖ-ਵੱਖ ਸੰਸਥਾਵਾ ਵੀ ਪੂਰਨ ਸਹਿਯੋਗ ਕਰ ਰਹੀਆ ਹਨ, ਫਿਰ ਸਾਡਾ ਸਾਰਿਆ ਦਾ ਵੀ ਫਰਜ਼ ਬਣਦਾ ਹੈ ਕਿ ਅਸੀਂ ਵੀ ਆਪਣੀ ਹੋਂਦ ਧਰਤੀ ਉਪਰ ਬਣਾਈ ਰੱਖਣਾ ਵਾਸਤੇ ਵੱਧ ਤੋਂ ਵੱਧ ਰੁੱਖ ਲਗਾ ਕੇ ਇਹਨਾ ਰੁੱਖਾ ਤੋਂ ਮਿਲਦੇ ਫਾਇਦਾ ਉਠਾ ਸਕੀਏ।

ਸੋ ਆਉ "ਇਕ ਰੁੱਖ ਤੇ ਸੋ ਸੁੱਖ" ਵਾਲੀ ਕਹਾਵਤ ਨੂੰ ਸੱਚ ਦਾ ਜਾਮਾ ਪਹਿਨਾਉਣ ਲਈ ਵੱਧ ਚੱੜ੍ਹਕੇ ਵਣ-ਮਹਾਂਉਤਸਵ ਲਹਿਰ ਨੂੰ ਲੋਕ ਲਹਿਰ ਬਣਾਕੇ ਆਉਂਣ ਵਾਲੀ ਪੀੜ੍ਹੀ ਦਾ ਭਲਾ ਕਰੀਏ !

# ਮਹਿੰਗਾਈ ਨੇ ਦੱਬਿਆ ਦਰਮਿਆਨਾ ਵਰਗ



–ਡਾ. ਅਮਨਪ੍ਰੀਤ ਸਿੰਘ ਬਰਾੜ–

ਇਸ ਵੇਲੇ ਮਹਿੰਗਾਈ ਸਿਰ ਚੜ੍ਹ ਕੇ ਬੋਲ ਰਹੀ ਹੈ ਆਮ ਬੰਦੇ ਦਾ ਇਸ ਨੇ ਕਚੂੰਬਰ ਕੱਢਿਆ ਹੋਇਆ ਹੈ। ਹਾਲਾਤ ਇਹ ਹਨ ਕਿ ਦਰਮਿਆਨਾ ਵਰਗ ਜੋ ਨਾਂ ਗਰੀਬਾਂ ਵਿੱਚ ਆਉਂਦਾ ਹੈ ਤਾ ਨਾਂ ਅਮੀਰਾਂ ਵਿੱਚ ਉਸਨੂੰ ਆਪਣਾ ਸਟੇਟਸ (ਰੁਤਬਾ) ਛੱਡਣਾ ਔਖਾ ਲਗਦਾ ਹੈ ਉਦਾਹਰਨ ਦੇ ਤੌਰ ਤੇ ਤਿਉਹਾਰਾਂ ਦੇ ਸੀਜ਼ਨ ਵਿੱਚ ਹਰ ਸੇਵਾਦਾਰ, ਸੜਕ ਦੀ ਸਫਾਈ ਵਾਲਾ, ਸੀਵਰਵਾਲਾ, ਘਰੈਲੂ ਕੰਮ ਕਰਨ ਵਾਲਾ, ਮਰਾਸੀ ਜਾਂ ਹੋਰ ਗਰੀਬ ਬੰਦਾ ਕੋਈ ਪੈਸਾ ਜਾਂ ਗਿਫਟ ਦੀ ਆਸ ਰੱਖਦਾ ਹੈ ਕਿਉਂਕਿ ਪਹਿਲਾਂ ਉਹ ਉਹਨਾਂ ਦੀ ਇਸ ਉਮੀਦ ਤੇ ਫੁੱਲ ਚੜਾਉਂਦਾ ਰਿਹਾ ਹੈ ਪਰ ਹੁਣ ਉਸ ਦੀ ਜੇਬ ਸਾਥ ਨਹੀ ਦਿੰਦੀ ਅਤੇ ਉਹ ਨਾਂਹ ਕਰਨ ਜਾਂ ਪਹਿਲਾਂ ਨਾਲੋਂ ਘੱਟ ਕਰਨ ਵਿੱਚ ਸ਼ਰਮ ਮਹਿਸੂਸ ਕਰਦਾ ਹੈ। ਅਗਰ ਉਹ ਘੱਟ ਦਿੰਦਾ ਹੈ ਤਾਂ ਅੱਗੇ ਲੈਣ ਵਾਲੇ ਦੀ ਸ਼ਕਲ ਦੇਖ ਕੇ ਉਹ ਖੁਦ ਨੂੰ ਕੋਸਦਾ ਹੈ ਅਤੇ ਇਹ ਉਸ ਲਈ ਇੱਕ ਵੱਡਾ ਮਾਨਸਿਕ ਤਨਾਅ ਦਾ ਕਾਰਨ ਬਣ ਰਿਹਾ ਹੈ ਜਿਸ ਦੇ ਫਲਸਰੂਪ ਉਸਨੂੰ ਬਲੱਡ ਪਰੈਸ਼ਰ ਅਤੇ ਗੈਸਟਰਾਈਟਸ ਵਰਗੀਆਂ ਬੀਮਾਰੀਆਂ ਲੱਗ ਰਹੀਆਂ ਹਨ। ਇਸ ਦਾ ਪ੍ਰਮਾਣ ਮਿਲਦਾ ਹੈ ਗੈਸਟਰੋ ਅਤੇ ਕਾਰਡਿਕ ਦੇ ਡਾਕਟਰਾਂ ਦੇ ਕਲੀਨਿਕਾਂ ਵਿੱਚ ਜਿਥੇ ਜ਼ਿਆਦਾਤਰ ਮੱਧ ਵਰਗ ਦੇ ਮਰੀਜ਼ ਹੀ ਬੈਠੇ ਹਨ, ਕਿਉਂਕਿ ਦੋ ਦੋ ਘੰਟੇ ਦੀ ਵੇਟਿੰਗ ਵਿੱਚ ਪੇਟ ਦਾ ਤੇਜ਼ਾਬ ਹੋਰ ਵੱਧਦਾ ਹੈ ਉਸ ਤੋ ਬਾਅਦ ਜਦੋਂ ਡਾਕਟਰ ਦੇਖਦਾ ਹੈ ਉਹ ਮਰੀਜ਼ ਦੀ ਗੱਲ ਸੁਣਨ ਨਾਲੋਂ ਅਤੇ ਉਸ ਨੂੰ ਬਿਮਾਰੀ ਦਾ ਇਲਾਜ ਦੱਸਣ ਨਾਲੋ ਟੈਸਟ ਲਿਖਣ ਵਿੱਚ ਵਧੇਰੇ ਯਕੀਨ ਰੱਖਦਾ ਹੈ। ਉਹ 800 ਰੁਪਏ ਵਿੱਚ ਕਨਸਲਟੇਸ਼ਨ ਨਹੀਂ ਦਿੰਦਾ ਬਲਕਿ ਟੈਸਟਾਂ ਦੀ ਅਤੇ ਦਵਾਈਆਂ ਦੀਪ੍ਰਿਸਕ੍ਰਿਪਸ਼ਨ (ਪਰਚੀ) ਦਿੰਦਾ ਹੈ। ਕਹਿਣ ਦਾ ਭਾਵ ਹੈ ਕਿ 7000-8000 ਰੁਪਏ ਖਰਚ ਕੇ ਜਿਹੜੀ ਬੀਮਾਰੀ ਦਾ ਇਲਾਜ ਕਰਵਾਉਣ ਗਿਆ ਸੀ ਉਹ ਹੋਰ ਮੁੱਲ ਲੈ ਆਇਆ ਕਿਉਂਕਿ ਬੀਮਾਰੀ ਦੀ ਅਸਲ ਜੜ੍ਹ ਤਾਂ ਪੈਸੇ ਦੀ ਘਾਟ ਹੀ ਸੀ।

ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਮਹਿੰਗਾਈ ਦੀ ਮਾਰ ਰੋਜ਼ ਮਰਾਂ ਦੀਆਂ ਜਰੂਰਤਾਂ ਤੇ ਜਿਆਦਾ ਪੈ ਰਹੀ ਹੈ ਜਿਵੇਂ ਰਾਸ਼ਣ ਜਿਸ ਵਿੱਚ ਦਾਲਾਂ, ਤੇਲ ਹੋਰ ਖਾਣ ਦੀਆਂ ਵਸਤੂਆਂ ਆਉਂਦੀਆਂ ਹਨ, ਇਸ ਤੋਂ ਇਲਾਵਾ ਦਵਾਈਆਂ, ਰਸੋਈ ਗੈਸ, ਪੈਟਰੋਲ, ਡੀਜ਼ਲ, ਜੋ ਸਾਡੀ ਸਭ ਦੀ ਮੁੱਢਲੀ ਜਰੂਰਤ ਹੈ ਇਹਨਾਂ ਬਿਨਾਂ ਮਨੁੱਖ ਦਾ ਸਰਦਾ ਨਹੀ ਇਸ ਤੋ ਇਲਾਵਾ ਹੋਰ ਖਰਚੇ ਹਨ ਬਿਜਲੀ ਦਾ ਬਿੱਲ ਅਤੇ ਬੱਚਿਆਂ ਦੀ ਫੀਸ। ਇਹ ਸਭ ਖਰਚੇ ਦਿਨ ਬਦਿਨ ਵਧਦੇ ਜਾ ਰਹੇ ਹਨ। ਜਦਕਿ ਆਮਦਨ ਜਾਂ ਉਥੇ ਹੀ ਖੜੀ ਹੈ ਜਾਂ ਘੱਟ ਰਹੀ ਹੈ। ਇਸ ਵੇਲੇ ਪੇਸੇ ਦੀ ਖਰੀਦ ਕੀਮਤ ਲਗਾਤਾਰ ਘੱਟ ਰਹੀ ਹੈ। ਇਸ ਵਰਗ ਵਿੱਚ ਬਹੁਤੇ ਲੋਕ ਨੌਕਰੀ ਪੇਸ਼ਾ, ਛੋਟੇ ਦੁਕਾਨਦਾਰ ਅਤੇ ਕਿਸਾਨ ਆਉਂਦੇ ਹਨ। ਅੱਜ ਦੇ ਹਾਲਾਤ ਵਿੱਚ ਇਹਨਾਂ ਮੁੱਢਲੀਆਂ ਚੀਜ਼ਾਂ ਨੂੰ ਪੂਰਾ ਕਰਨਾ ਬੜਾ ਮੁਸ਼ਕਿਲ ਹੋ ਰਿਹਾ ਹੈ।ਅਪ੍ਰੈਲ 2022 ਮਹੀਨੇ ਦੀ ਰੀਟੇਲ ਮਹਿੰਗਾਈ ਦਰ 7.79% ਤੇ ਪਹੁੰਚ ਚੁੱਕੀ ਹੈ ਜਦਕਿ ਆਰ ਬੀ ਆਈ ਦਾ ਖਪਤਕਾਰ ਪ੍ਰਾਈਮ ਇੰਡੈਕਸ ਦੀ ਉਤਲੀ ਲਿਮਟ 6.5 ਪ੍ਰਤੀਸ਼ਤ ਸੀ ਯਾਨੀ ਕਿ ਪਹਿਲੀ ਖਤਰੇ ਦੀ ਘੰਟੀ ਵੱਜੀ ਸੀ ਜਨਵਰੀ 2022 ਜਦੋਂ ਇਹ 6.01 ਪ੍ਰਤੀਸ਼ਤ ਹੋਈ ਸੀ, ਪਰ ਆਰ ਬੀ ਆਈ ਵਲੋਂ ਕੋਈ ਗੌਰ ਨਹੀ ਕੀਤਾ ਗਿਆ। ਅਤੇ ਇਹ ਹਰ ਮਹੀਨੇ ਵੱਧਦੀ ਗਈ। ਇਸ ਮਹੀਨੇ ਯਾਨੀ ਅਪ੍ਰੈਲ ਅਖੀਰ ਤੇ ਮਈ 2022 ਵਿੱਚ ਆਰ ਬੀ ਆਈ ਨੇ ਇਸ ਨੂੰ ਰੋਕਣ ਲਈ ਵਿਆਜ ਦਰਾਂ ਵਿੱਚ ਵਾਧਾ ਕੀਤਾ ਹੈ, ਜਿਸ ਨਾਲ ਘਰ ਬਣਾਉਣ



ਲਈ ਜਾਂ ਕਾਰਾਂ ਖਰੀਦਣ ਲਈ ਕਰਜ਼ੇ ਮਹਿੰਗੇ ਹੋਏ ਹਨ। ਪਰ ਇਥੇ ਮੁੱਖ ਸਵਾਲ ਤਾਂ ਇਹ ਹੈ ਕਿ ਖਾਣ ਪੀਣ ਦੀਆਂ ਵਸਤੂਆਂ ਜਿਆਦਾ ਮਹਿੰਗੀਆਂ ਹੋ ਰਹੀਆ ਹਨ, ਜਿਵੇਂ ਅਜੇ ਤਾਂ ਨਵੀਂ ਕਣਕ ਆਈ ਹੈ ਪਰ ਜਿਹੜਾ ਆਟਾ ਲੁਧਿਆਣੇ ਸ਼ਹਿਰ ਵਿੱਚ ਅਪ੍ਰੈਲ 2022 ਵਿੱਚ 32 ਰੁਪਏ ਕਿਲੋ ਸੀ ਉਹ ਅੱਜ 36 ਰੁਪਏ ਹੋ ਗਿਆ।

ਇਸੇ ਤਰ੍ਹਾਂ ਇਹ ਮਹਾਨਗਰਾਂ ਵਿੱਚ 50 ਰੁਪਏ ਕਿਲੋ ਤੱਕ ਪਹੁੰਚ ਚੁੱਕਾ ਹੈ। ਇਸੇ ਲਈ ਸਰਕਾਰ ਨੇ ਕਣਕ ਦੀ ਨਿਰਯਾਤ ਤੇ ਰੋਕ ਲਗਾ ਦਿਤੀ ਹੈ ਅਤੇ ਪੰਜਾਬ ਹਰਿਆਣੇ ਵਿੱਚ ਮੰਡੀਆਂ ਵੀ 31 ਮਈ ਤੱਕ ਖੋਲ੍ਹਣ ਦਾ ਇਲਾਨ ਵੀ ਕਰ ਦਿੱਤਾ ਹੈ। ਇਥੋਂ ਤੱਕ ਕਿ ਕਣਕ ਦੇ ਸੁੰਘੜੇ ਦਾਣਿਆਂ ਤੇ ਵੀ ਕੋਈ ਕਾਟ ਨਹੀ ਲੱਗੇਗੀ। ਪਰ ਹਾਲਤ ਇਹ ਹਨ ਕਿ 90 ਤੋਂ 95% ਕਿਸਾਨਾਂ ਕੋਲ ਇਸ ਵੇਲੇ ਕਣਕ ਹੈ ਹੀ ਨਹੀ ਹੈ ਜੇ ਹੈ ਤਾਂ ਉਹ ਵਪਾਰੀ ਜਾਂ ਆੜ੍ਹਤੀਆਂ ਕੋਲ ਹੈ ਜਾਂ ਕੁੱਝ ਵੱਡੇ ਘਰ ਹੋ ਸਕਦੇ ਹਨ ਜਿੰਨਾਂ ਕੋਲ ਆਪਣਾ ਸਟੋਰੇਜ ਦਾ ਸਾਧਨ ਹੈ। ਸਰਕਾਰ ਨੇ ਬਰਾਮਦ ਤੇ ਬੈਨ ਤਾਂ ਲਗਾਇਆ ਹੈ ਪਰ ਨਾਲ ਇਹ ਵੀ ਕਿਹਾ ਹੈ ਕਿ ਜੇ ਕੋਈ ਦੇਸ਼ ਉਹਨਾਂ ਤੋਂ ਮੰਗੇਗਾ ਤਾਂ ਉਸਨੂੰ ਸਰਕਾਰ ਦੇਵੇਗੀ। ਇਸ ਵੇਲੇ ਕਣਕ ਦਾ ਅੰਤਰਰਾਸ਼ਟਰੀ ਭਾਅ 3600 ਰੁਪਏ ਪ੍ਰਤੀ ਕੁਇੰਟਲ ਹੈ ਹੁਣ ਸ਼ਾਇਦ ਸਾਡੇ ਕੁੱਝ ਅਰਥਸ਼ਾਸਤਰੀਆਂ ਨੂੰ ਸਮਝ ਆ ਜਾਵੇ ਕਿ ਜਿਸਦੀ ਕੋਠੀ ਦਾਣੇ ਉਸਦੇ ਕਮਲੇ ਵੀ ਸਿਆਣੇ ਨਾਲ ਹੀ ਸਾਡੇ ਸਮਾਜ ਦੇ ਉਹ ਲੋਕ ਜਿਹੜੇ ਬਿਨਾਂ ਸੋਚੇ ਸਮਝੇ ਇਹਨਾਂ ਦੇ ਮਗਰ ਲੱਗ ਜਾਂਦੇ ਹਨ। ਖੈਰ ਇਹ ਇੱਕਲੀ ਕਣਕ ਹੀ ਨਹੀਂ ਇਸ ਵਿੱਚ ਖਾਣ ਵਾਲੇ ਤੇਲ, ਸਬਜੀਆਂ, ਦਾਲਾਂ ਆਦਿ ਸਭ ਚੀਜ਼ਾਂ ਦੀ ਮਹਿੰਗਾਈ ਵਿੱਚ ਇਜਾਫਾ ਹੋਇਆ ਹੈ। ਇਸ ਦੇ ਨਾਲ ਹੀ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਵੀ ਮਹਿੰਗੇ ਹੋਏ ਹਨ, ਸਲੈਂਡਰ ਗੈਸ ਅੱਜ 1000 ਤੋ ਉਪਰ ਚਲਾ ਗਿਆ ਹੈ।

ਇਸ ਦੇ ਮੁੱਖ ਕਾਰਨ ਹਨ ਪ੍ਰਾਈਵੇਟ ਨੌਕਰੀਆਂ ਘੱਟ ਗਈਆਂ ਜਾਂ ਤਨਖਾਹਾਂ ਵਧੀਆ ਨਹੀਂ, ਜਿਸ ਕਾਰਨ ਆਮ ਲੋਕਾਂ ਦੀ ਖਰੀਦ ਸ਼ਕਤੀ ਘੱਟ ਰਹੀ ਹੈ। ਜਦੋਂ ਲੋਕਾਂ ਦੇ ਹੱਥ ਪੈਸਾ ਹੀ ਨਹੀਂ ਹੋਊਗਾ ਤਾਂ ਫਿਰ ਖਰੀਦ ਸ਼ਕਤੀ ਕਿਸ ਤਰੀਕੇ ਦੀ ਹੋਵੇਗੀ। ਅਗਰ ਸਰਕਾਰੀ ਅੰਕੜੇ ਦੇਖੀਏ ਤਾਂ ਲੱਗਦਾ ਹੈ ਕਿ ਸਾਡਾ ਦੇਸ਼ ਵਾਪਿਸ ਲੀਹ ਤੇ ਆ ਰਿਹਾ ਹੈ। ਸਰਕਾਰ ਜੀ ਐਸ ਟੀ ਦੀ ਕੁਲੈਕਸ਼ਨ (ਸੰਗ੍ਰਹਿ) ਨੂੰ ਇੰਡੈਕਸ ਮੰਨਦੀ ਹੈ ਅਤੇ ਉੱਧਰ ਜੀ ਡੀ ਪੀ ਦਾ ਲੋਕਾਂ ਦੀ ਆਮਦਨ ਤੇ ਕੋਈ ਅਸਰ ਨਹੀਂਦਿਖਾਈ ਦਿੰਦਾ। ਅਸਲ ਵਿੱਚ ਸਰਕਾਰ ਨੇ ਜੀ ਡੀ ਪੀ ਦੇ ਮੁਲਾਂਕਣ ਦਾ ਤਰੀਕਾ ਹੀ ਬਦਲ ਦਿੱਤਾ ਇਸ ਨੂੰ ਲੋਅ ਬੈਸ ਲੈ ਕੇ ਪਿਛਲੇ ਸਾਲ ਦੀ -23.7% ਵਾਲੀ ਜੀ ਡੀ ਪੀ ਨਾਲ ਮੁਲਆਂਕਣ ਕੀਤਾ ਗਿਆ। ਪਰ ਜਦੋਂ ਅੱਜ ਦੀ 2019 ਨਾਲ ਤੁਲਨਾ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਅਸੀਂ ਅਜੇ ਮਾਇਨਸ ਵਿੱਚ ਹਾਂ। ਪਰ ਇਸ ਵਿੱਚ ਇਕ ਚੀਜ਼ ਦੇਖਣ ਨੂੰ ਜਰੂਰ ਮਿਲਦੀ ਹੈ ਕਿ ਵੱਡੇ ਘਰਾਣਿਆਂ ਦੀ ਆਮਦਨ ਵਿੱਚ ਵਾਧਾ ਜਰੂਰ ਹੋਇਆ ਜੋ ਤਕਰੀਬਨ 30 ਤੋਂ 35% ਦਾ ਹੈ। ਇਸ ਤੋ ਉਪਰ ਸਰਕਾਰ ਨੇ ਇਕ ਹੋਰ ਤੋਹਫਾ ਦਿੱਤਾ ਹੈ ਕੱਪੜਿਆ ਤੇ ਜੁੱਤੀਆਂ ਤੇ ਜੀ ਐਸ ਟੀ 5% ਤੋਂ 12% ਕਰਕੇ। ਇਸ ਵਿੱਚ ਫਿਰ ਵੱਡਾ ਝਟਕਾ ਮੱਧ ਵਰਗ ਨੂੰ ਲੱਗਣਾ ਹੈ ਕਿਉਂਕਿ ਹੁਣ 1000 ਰੁਪਏ ਵਾਲੇ ਜੁਤੇ ਤੇ 7% ਨਾਲ ਜੀ ਐਸ ਟੀ ਦਾ ਵਾਧਾ ਕੀਤਾ ਗਿਆ ਹੈ।

ਇਸ ਵਿੱਚ ਇਕ ਹੋਰ ਚਿੰਤਾ ਦਾ ਵਿਸ਼ਾ ਨਜ਼ਰ ਆ ਰਿਹਾ ਹੈ ਕਿ ਮੱਧ ਵਰਗ ਦੀ ਆਮਦਨ ਨੂੰ ਹੋਰ ਛੋਟੀਆਂ ਬੱਚਤਾਂ ਸਹਾਰਾ ਲਾਉਂਦੀਆਂ ਸੀ। ਜਦੋਂ ਛੋਟੇ ਸੀ ਅਕਸਰ ਟੀ.ਵੀ ਤੇ ਵਿਗਿਆ-ਪਣ ਚਲਦਾ ਹੁੰਦਾ ਸੀ "ਛੋਟੀ ਬੱਚਤ ਵੱਡੀ ਕਮਾਈ ਡਾਕਖਾਨਿਆਂ ਵਿੱਚ ਮਿਲੇ ਮੇਰੇ ਭਾਈ" ਉਸ ਵੇਲੇ ਬੈਂਕਾਂ ਤੇ ਡਾਕਖਾਨਿਆਂ ਵਿੱਚ ਮੱਧ ਵਰਗ ਪੈਸਾ ਰੱਖਣਾ ਪੰਸਦ ਕਰਦਾ ਸੀ ਕਿਉਂਕਿ ਇਹ ਇੱਕ ਸੇਫ ਕਮਾਈ ਦਾ ਜ਼ਰੀਆ ਹੈ ਜਿਸ ਨਾਲ ਮੱਧ ਵਰਗ ਪੈਸਾ ਜੋੜ ਕਿ ਹੋਲੀ ਹੋਲੀ ਆਪਣੀਆਂ ਖੁਆਇਸ਼ਾਂ ਨੂੰ ਪੂਰਾ ਕਰਦਾ ਸੀ। ਉਸ ਸਮੇਂ ਵਿਆਜ ਦਰ ਬਚਤ ਖਾਤੇ ਤੇ 4% ਸੀ ਅਤੇ ਫਿਕਸਡ ਡੀਪੋਸਿਟ ਤੇ 8 ਤੋਂ 11 ਪ੍ਰਤੀਸ਼ਤ ਵਿਆਜ ਮਿਲਦਾ ਸੀ। ਯਾਨੀ ਕਿ ਲੱਖ ਮਗਰ 8000 ਤੋਂ 11000 ਰੁਪਏ ਵਿਆਜ ਆ ਜਾਂਦਾ ਸੀ। ਅੱਜ ਹਾਲਾਤ ਇਹ ਹਨ ਕਿ ਬੱਚਤ ਖਾਤੇ ਵਿੱਚ ਵਿਆਜ ਦਰ 2.7% ਤੇ ਰਹਿ ਗਈ ਜਦਕਿ ਫਿਕਸਡ ਡਿਪਾਜਿਟ ਤੇ 4.75% ਤੇ ਹੈ ਜਿਸ ਵਿੱਚ 10% ਟੀ ਡੀ ਐਸ ਵੀ ਕੱਟਿਆ ਜਾਂਦਾ ਹੈ। ਯਾਨੀ ਕਿ ਮਿਲਣ ਵਾਲੀ ਰਕਮ 4.25% ਦੇ ਹਿਸਾਬ ਨਾਲ ਹੋਏਗੀ, ਜਦਕਿ ਸਾਡੀ ਮਹਿੰਗਾਈ ਦਰ 7% ਤੋਂ 8% ਦੇ ਵਿੱਚ ਰਹਿੰਦੀ ਹੈ। ਇਸ ਦਾ ਮਤਲਬ ਜੇ ਤੁਸੀਂ ਬੈਂਕ ਵਿੱਚ 100 ਰੁਪਏ ਰੱਖੇ ਤਾਂ ਸਾਲ ਬਾਅਦ ਉਹ 97 ਰੁਪਏ ਰਹਿ ਜਾਣਗੇ ਯਾਨੀ ਬੈਂਕ ਵਿੱਚ ਪਏ ਦੀ ਵੀ ਕੀਮਤ ਘੱਟਦੀ ਹੈ।

ਪੁਰਾਣੇ ਸਮੇਂ ਵਿੱਚ ਅਕਸਰ ਦੇਖਣ ਨੂੰ ਮਿਲਦਾ ਸੀ ਕਿ ਕੁੱਝ ਪੈਸੇ ਜੋੜ ਕੇ ਮੱਧ ਵਰਗ ਕੋਈ ਸੋਨੇ ਦੀ ਚੀਜ਼ ਬਣਾ ਲੈਂਦੇ ਸੀ ਪਰ ਅੱਜ ਸੋਨੇ ਦੇ ਭਾਅ ਇਤਨੇ ਵੱਧ ਗਏ ਹਨ ਕਿ ਆਮ ਬੰਦੇ ਦੀ ਪਹੁੰਚ ਤੋਂ ਵੀ ਬਾਹਰ ਹੋ ਗਿਆ ਹੈ। ਜਿਹੜੇ ਲੋਕ ਥੋੜੀ ਪੂੰਜੀ ਹੋਣ ਕਾਰਣ ਪ੍ਰਾਪਰਟੀ ਨਹੀ ਖਰੀਦ ਪਾਉਂਦੇ ਸੀ ਉਹ ਥੋੜੇ ਪੈਸਿਆਂ ਵਿੱਚ ਸੋਨਾ ਖਰੀਦ ਲੈਂਦੇ ਸੀ। ਇਸ ਲਈ ਸੋਨੇ ਨੂੰ ਮੁਸ਼ਕਿਲ ਦਾ ਸਾਥੀ ਵੀ ਮੰਨਿਆ ਗਿਆ ਹੈ। ਜਦੋਂ ਲੋੜ ਪੈਂਦੀ ਤਾਂ ਇਸ ਸੋਨੇ ਨੂੰ ਵੇਚ ਕੇ ਲੋਕ ਆਪਣਾ ਅਰਥਾ ਸਾਰ ਲੈਂਦੇ ਸੀ। ਜਿਵੇਂ ਬੱਚਿਆਂ ਦੀ ਪੜ੍ਹਾਈ, ਵਿਆਹ ਜਾਂ ਫਿਰ ਹੋਰ ਜਰੂਰਤ। ਇਹ ਆਮ ਲੋਕਾਂ ਦੀ ਪ੍ਰਾਪ੍ਰਟੀ ਸੀ। ਇਸ ਵਿੱਚ ਨਿਵੇਸ਼ ਦਾ ਮਤਲਬ ਤੁਸੀ ਛੋਟੀ ਜਿਹੀ ਪ੍ਰਾਪ੍ਰਟੀ ਖਰੀਦ ਰਹੇ ਹੋ। ਪਰ ਇਸ ਵੇਲੇ ਹਾਲਤ ਇਹ ਹਨ ਕਿ ਆਮ ਬੰਦੇ ਦਾ ਇਹ ਸਾਥੀ ਢਿੱਡ ਭਰਨ ਲਈ ਹੀ ਵਿੱਕ ਰਿਹਾ। ਪਿਛਲੇ ਸਾਲ ਤੋ ਖਾਸ ਕਰਕੇ ਜਦੋਂ ਲੋਕ ਡਾਊਨ ਹੋ ਗਿਆ ਤਾਂ ਇਹ ਹੀ ਸਾਥੀ ਮੱਧ ਵਰਗ ਦੇਕੰਮ ਆਇਆ।ਅੱਜ ਦੋ ਸਾਲ ਬਾਅਦ ਹਾਲਾਤ ਇਹ ਹਨ ਕਿ ਖੁਦਕੁਸ਼ੀਆਂ ਦਾ ਅੰਕੜਾ ਉਪਰ ਜਾ ਰਿਹਾ ਹੈ ਜੋ ਕੁੱਝ ਸਮੇਂ ਪਹਿਲਾਂ ਤਕ ਪੇਂਡੂ ਖੇਤਰ ਵਿੱਚ ਸੀਮਤ ਸੀ ਅੱਜ ਉਹ ਸ਼ਹਿਰੀ ਖੇਤਰ ਵਿੱਚ ਵੀ ਪਹੁੰਚ ਚੁੱਕਾ ਹੈ।ਇਹਨਾਂ ਵਿੱਚ ਖਾਸ ਕਰਕੇ ਵਿਦਿਆਰਥੀ ਵਰਗ ਅਤੇ ਛੋਟੇ ਵਪਾਰੀ ਸ਼ਾਮਲ ਹਨ।

ਇਸ ਸਭ ਲਈ ਕਿਤੇ ਨਾ ਕਿਤੇ ਅਸੀਂ ਆਪ ਹੀ ਜਿੰਮੇਵਾਰ ਹਾਂ ਕਿਉਂਕਿ ਮੱਧ ਵਰਗ ਦਾ ਇਕ ਰਵੱਈਆ ਬਣ ਚੁੱਕਾ ਹੈ ਕਿ ਇਹ ਸਿਰਫ ਚਾਹ ਤੇ ਚਰਚਾ ਕਰ ਸਕਦੇ ਨੇ ਅਤੇ ਅੰਤ ਵਿੱਚ ਇਹ ਕਹਿ ਦਿੰਦੇ ਨੇ ਇੱਥੇ ਕੋਈ ਉਮੀਦ ਨਹੀ। ਦਰਅਸਲ ਇਹ ਉਹ ਲੋਕ ਹਨ ਜੋ ਕਦੇ ਇੱਕਠੇ ਨਹੀ ਹੋ ਸਕਦੇ ਸਾਡੇ ਦੇਸ਼ ਦੇ ਵਿੱਚ ਰਾਜਨੇਤਾਵਾਂ ਤੋਂ ਕੋਈ ਸਹੂਲਤ ਲੈਣ ਵਾਸਤੇ ਇੱਕਠ ਦੀ ਜਰੂਰਤ ਪੈਂਦੀ ਹੈ। ਜੋ ਗੱਲ ਰਾਜ ਨੇਤਾ ਚੰਗੀ ਤਰ੍ਹਾਂ ਸਮਝਦੇ ਹਨ ਇਸੇ ਕਰਕੇ ਇਹਨਾਂ ਵਲੋਂ ਮੱਧ ਵਰਗ ਲਈ ਕਿਸੇ ਭਾਸ਼ਣ ਤੇ ਐਲਾਨ ਵਿੱਚ ਕੋਈ ਜ਼ਿਕਰ ਨਹੀਂ।ਵੋਟਾਂ ਵੇਲੇ ਦੇਸ਼ ਦੀ ਇਸ 20-25 ਪ੍ਰਤੀਸਤ ਅਬਾਦੀ ਨੂੰ ਬਾਹਰ ਨਿਕਲਣਾ ਚਾਹੀਦਾ ਹੈ ਇੱਕਠੇ ਹੋ ਕਿ ਜ਼ੋਰ ਲਗਾਉਣਾ ਚਾਹੀਦਾ ਹੈ ਕਿ ਮੋਨੀਟਾਜੇਸ਼ਨ ਪਾਲਿਸੀ ਬਦਲੀ ਜਾਵੇ ਸਰਕਾਰੀ ਸੰਸਥਾਵਾਂ ਅਦਾਰੇ ਅਤੇ ਜਗ੍ਹਾਂ ਵੇਚੀਆ ਨਾ ਜਾਣ ਤਾਂ ਕਿ ਸਰਕਾਰੀ ਨੌਕਰੀਆਂ ਬਰਕਰਾਰ ਰਹਿਣ ਜਿਸ ਵਿੱਚ ਮੱਧ ਵਰਗ ਦਾ ਕਾਫੀ ਹਿੱਸਾ ਹੈ।

96537-90000

## ਹਲਕਾ ਫੁਲਕਾ

ਆਪਰੇਸ਼ਨ ਦੇ ਬਾਅਦ ਡਾਕਟਰ ਤੇ ਪ੍ਰੀਖਿਆ ਦੇ ਬਾਅਦ ਸਟੂਡੈਂਟ ਦਾ ਇੱਕੋ ਜਵਾਬ ਹੁੰਦਾ ਹੈ, "ਕੁਝ ਕਹਿ ਨਹੀਂ ਸਕਦੇ, ਬੱਸ ਦੁਆ ਕਰੋ।"

*******

ਪ੍ਰਵੀਨ, "ਕਿੰਨਾ ਵਧੀਆ ਮੌਸਮ ਹੈ ਚਲੋ ਕਿਤੇ ਲਾਂਗ ਡਰਾਈਵ ਉੱਤੇ ਚੱਲਦੇ ਹਾਂ।"
ਸ਼ਾਮ, "ਠੀਕ ਹੈ ਚਲਦੇ ਹਾਂ, ਪਰ ਅੱਜ ਪੈਟਰੋਲ ਤੂੰ ਪਵਾ ਦੇਵੀਂ।"
ਪ੍ਰਵੀਨ, "ਛੱਡ ਯਾਰ, ਕੀ ਕਰਾਂਗੇ ਬਾਹਰ ਜਾ ਕੇ। ਚੱਲ ਇੱਥੇ ਹੀ ਪਕੌੜੇ ਖਾਂਦੇ ਹਾਂ।"

*******

ਨੱਬੇ ਸਾਲ ਦੇ ਦਾਦਾ ਜੀ ਮੌਤ ਦੇ ਬਾਅਦ ਸਵਰਗ ਪਹੁੰਚੇ। ਸਵਰਗ ਵਿੱਚ ਪਰੀਆਂ ਦਾ ਨਾਚ ਦੇਖ ਕੇ ਦਾਦਾ ਜੀ ਜ਼ੋਰ-ਜ਼ੋਰ ਦੀ ਰੋਂਦੇ ਹੋਏ ਬੋਲੇ, "ਯੋਗਾ ਦੇ ਚੱਕਰ ਵਿੱਚ ਨਾ ਪੈਂਦਾ ਤਾਂ ਕਦੋਂ ਦਾ ਇੱਥੇ ਪਹੁੰਚ ਗਿਆ ਹੁੰਦਾ।"

*******

ਪਤੀ, "ਰੱਬ ਨੇ ਤੈਨੂੰ ਇੰਨੀ ਸੁੰਦਰ ਬਣਾਉਣ ਦੇ ਬਾਅਦ ਵੀ ਇੰਨੀ ਮੂਰਖ ਕਿਉਂ ਬਣਾਇਆ?"
ਪਤਨੀ, "ਸਾਨੂੰ ਦੋਵਾਂ ਨੂੰ ਮਿਲਾਉਣ ਲਈ।"
ਪਤੀ, "ਉਹ ਕਿਵੇਂ?"
ਪਤਨੀ, "ਮੈਂ ਸੁੰਦਰ ਸੀ, ਇਸ ਲਈ ਤੁਸੀਂ ਮੇਰੇ ਵੱਲ ਆਕਰਸ਼ਿਤ ਹੋ ਗਏ ਤੇ ਮੈਂ ਮੂਰਖ ਸੀ ਇਸ ਲਈ ਤੁਹਾਡੇ ਨਾਲ ਵਿਆਹ ਕਰਵਾ ਲਿਆ।"

## ਮਿੰਨੀ ਕਹਾਣੀ

### ਮਜਬੂਰ ਨਾ ਕਰਨਾ

–ਸੁਦਰਸ਼ਨ ਭਾਟੀਆ–

"ਮੇਰੇ ਵਿਚਾਰ ਬਹੁਤ ਸਪੱਸ਼ਟ ਹਨ।" ਦੇਵਕੀ ਰਾਣੀ ਨੇ ਆਪਣੀਆਂ ਦੋ ਸਹੇਲੀਆਂ ਵਿੱਚ ਬੈਠੇ-ਬੈਠੇ ਕਹਿ ਦਿੱਤਾ।
"ਅਸੀਂ ਵੀ ਸੁਣੀਏ।" ਇੱਕ ਨੇ ਕਿਹਾ।
"ਮੇਰੀਆਂ ਦੋ ਪੁੱਤਰੀਆਂ ਹਨ ਤੇ ਇੱਕ ਪੁੱਤਰ। ਤਿੰਨਾਂ ਦੀ ਚੰਗੀ ਪੜ੍ਹਾਈ, ਤਿੰਨਾਂ ਨੂੰ ਚੰਗੇ ਸੰਸਕਾਰ ਅਤੇ ਬੇਟੀਆਂ ਜਿਸ ਘਰ ਵਿੱਚ ਵੀ ਜਾਣ ਉਥੇ ਰਾਜ ਕਰਨ, ਮੇਰੇ ਘਰ ਜੋ ਨੂੰਹ ਆਏ, ਉਹ ਮੇਰੀ ਸੇਵਾ ਵਿੱਚ ਕੋਈ ਕਮੀ ਨਾ ਰੱਖੇ, ਮੈਂ ਅਜਿਹਾ ਚਾਹੁੰਦੀ ਹਾਂ। ਇਹੀ ਕਹਿੰਦੀ ਹਾਂ, ਇਹੀ ਮੰਗਦੀ ਹਾਂ।" ਉਸ ਨੇ ਸਿਰ ਉੱਚਾ ਕਰ ਕੇ ਅੱਖਾਂ ਵਿੱਚ ਅੱਖਾਂ ਪਾ ਕੇ ਆਪਣੀਆਂ ਸਹੇਲੀਆਂ ਨੂੰ ਕਿਹਾ।
ਅਤੇਕੁਝ ਸਾਲਾਂ ਬਾਅਦ ਪਤਾ ਲੱਗਾ ਕਿ ਉਹ ਆਪਣੀਆਂ ਧੀਆਂ ਲਈ ਮਨ ਚਾਹੇ ਘਰ ਲੱਭਣ ਵਿੱਚ, ਉਨ੍ਹਾਂ ਦੇ ਵਿਆਹ ਕਰਨ ਵਿੱਚ ਸਫਲ ਹੋ ਗਈ। ਦੋਵਾਂ ਨੇ ਆਪੋ-ਆਪਣੇ ਸਹੁਰੇ ਘਰਅਜਿਹੀ ਬਗਾਵਤ ਕੀਤੀ ਕਿ ਸੱਸ-ਸਹੁਰੇ ਨੇ ਹੱਥ ਜੋੜ ਕੇ ਪੁੱਤਰਾਂ ਨੂੰ ਕਹਿ ਦਿੱਤਾ, "ਅਸੀਂ ਇਕੱਲੇ ਰਹਿ ਲਵਾਂਗੇ, ਤੁਸੀਂ ਦੋਵੇਂ ਵੱਖਰਾ ਰਹਿਣਾ ਸ਼ੁਰੂ ਕਰ ਦਿਓ।" ਵੱਡੇ ਹੋਵੇ ਜਾਂ ਛੋਟੀ ਭੈਣ, ਦੋਵਾਂ ਦੇ ਨਾਟਕ ਸਫਲ ਹੋਏ ਤੇ ਦੇਵਕੀ ਰਾਣੀ ਪਲ-ਪਲ ਦੀ ਖਬਰ ਲੈਂਦੇ ਹੋਏ ਬਹੁਤ ਖੁਸ਼ ਸੀ, ਸਗੋਂ ਕਦਮ-ਕਦਮ ਉੱਤੇ ਸਮਝਾਇਆ ਕਰਦੀ ਸੀ।
ਪੁੱਤਰ ਲਈ ਵੀ ਚੰਗੀ ਲੜਕੀ ਮਿਲ ਗਈ। ਕੁਝ ਹੀ ਦਿਨਾਂ ਵਿੱਚ ਪੁੱਤਰ ਨੇ ਮਾਂ ਨੂੰ ਕਹਿ ਦਿੱਤਾ, "ਮੇਰੇ ਤੋਂ ਕੁਝ ਲੁਕਿਆ ਨਹੀਂ। ਮੇਰੀਆਂ ਭੈਣਾਂ ਉਥੇ ਕੀ ਕਰਦੀਆਂ ਹਨ। ਲੋਕ ਦੱਸਦੇ ਹਨ। ਅਸੀਂ ਪਹਿਲੀ ਤਰੀਕ ਨੂੰ (ਵਿਆਹ ਦੇ ਕੁੱਲ ਦੋ ਮਹੀਨਿਆਂ ਬਾਅਦ) ਵੱਖ ਹੋ ਰਹੇ ਹਾਂ। ਸਾਨੂੰ ਆਪਣੇ ਨਾਲ ਰਹਿਣ ਨੂੰ ਮਜਬੂਰ ਨਾ ਕਰਨਾ। ਇਹ ਵੱਡਾ ਭਵਨ ਤੁਹਾਨੂੰ ਮੁਬਾਰਕ। ਰਹਿੰਦੇ ਰਹੋ ਇਕ-ੱਲੇ। ਅਸੀਂ ਕਿਰਾਏ ਦਾ ਮਕਾਨ ਲੱਭ ਲਿਆ ਹੈ।" ਕਹਿੰਦੇ-ਕਹਿੰਦੇ ਦੇਵਕੀ ਰਾਣੀ ਦਾ ਪੁੱਤਰ ਨਰੇਸ਼ ਕੁਮਾਰ ਤੇਜ਼ੀ ਨਾਲ ਉਠਿਆ ਅਤੇ ਛੱਤ ਉੱਤੇ ਚਲਾ ਗਿਆ ਖੁੱਲ੍ਹਾ ਹਵਾ ਵਿੱਚ।

# ਭਾਰਤ ਨੇ ਸੰਸਾਰ ਨੂੰ ਜੈਵਿਕ ਹਥਿਆਰਾਂ ਦੀ ਵਰਤੋਂ ਬਾਰੇ ਸੁਚੇਤ ਕੀਤਾ



ਯੂ ਐੱਨ ਓ, 2 ਜੂਨ (ਪੋਸਟ ਬਿਊਰੋ)- ਭਾਰਤ ਨੇ ਕੋਰੋਨਾ ਮਹਾਮਾਰੀ ਦੇ ਪਿਛੋਕੜ ਵਿੱਚ ਜੈਵਿਕ ਏਜੰਟ ਅਤੇ ਕੈਮੀਕਲ ਦੀ ਹਥਿਆਰ ਵਜੋਂ ਦੁਰਵਰਤੋਂ ਦੇ ਖਤਰੇ ਬਾਰੇਪੂਰੀ ਦੁਨੀਆ ਨੂੰ ਚੌਕਸ ਕੀਤਾ ਹੈ।

ਇਸ ਸੰਬੰਧ ਵਿੱਚ ਯੂ ਐੱਨ ਮਿਸ਼ਨ ਵਿੱਚ ਭਾਰਤ ਦੇ ਸਲਾਹਕਾਰ ਏ. ਅਮਰਨਾਥ ਨੇ ਕਿਹਾ ਕਿ ‘ਅੱਤਵਾਦੀਆਂ ਤੇ ਸਰਕਾਰਾਂ ਤੋਂ ਅਲੱਗ ਕੁਝ ਤੱਤਾਂ ਵੱਲੋਂ ਸਮੂਹਿਕ ਤਬਾਹੀ ਵਾਲੇ ਹਥਿਆਰਾਂ (ਡਬਲਿਯੂ ਐਮ ਡੀ) ਤਕ ਪਹੁੰਚ ਹੋਣ ਨਾਲ ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਲਈ ਗੰਭੀਰ ਖਤਰਾ ਪੈਦਾ ਹੋ ਸਕਦਾ ਹੈ।'' ਐਟਮੀ, ਕੈਮੀਕਲ ਤੇ ਬਾਇਲੋਜੀਕਲ ਹਥਿਆਰਾਂ ਦੇ ਪਸਾਰ ਉੱਤੇਯੂ ਐੱਨ ਸਕਿਓਰਟੀ ਕੌਂਸਲ 1540 ਕਮੇਟੀ ਦੇ ਖੁੱਲ੍ਹੇ ਸਲਾਹ ਵਾਲੇ ਸੈਸ਼ਨ ਵਿੱਚ ਅਮਰਨਾਥ ਨੇ ਕਿਹਾ ਕਿ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਨ੍ਹਾਂ ਹਥਿਆਰਾਂ ਦੀ ਦੁਰਵਰਤੋਂ ਦੇ ਤੇਜ਼ੀ ਨਾਲ ਵਧੀ ਜਾ ਰਹੇ ਖਤਰੇ ਉੱਤੇ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ‘‘ਨਵੀਂ ਅਤੇ ਉਭਰਦੀ ਟੈਕਨਾਲੋਜੀ ਡਬਲਯੂ ਐਮ ਡੀ ਤਕ ਅੱਤਵਾਦੀਆਂ ਤੇ ਗੈਰ ਕਾਨੂੰਨੀ ਸਰਗਰਮੀਆਂ ਵਿੱਚ ਸ਼ਾਮਲ ਗਰੁੱਪਾਂ ਦੀ ਪਹੁੰਚ ਦਾ ਖਤਰਾ ਵਧਾ ਸਕਦੀ ਹੈ। ਅੱਤਵਾਦੀਆਂ ਤੇ ਅਪਰਾਧੀਆਂ ਕੋਲ ਮਿਜ਼ਾਈਲ ਤੇ ਮਨੁੱਖ ਰਹਿਤ ਜਹਾਜ਼ਾਂ ਦੇ ਹੋਣ ਨੇ ਡਬਲਯੂ ਐਮ ਡੀ ਦੀ ਵਰਤੋਂ ਨਾਲ ਅੱਤਵਾਦੀ ਵਾਰਦਾਤਾਂ ਦਾ ਖਤਰਾ ਵਧਾ ਦਿੱਤਾ ਹੈ। ਇਸੇ ਤਰ੍ਹਾਂ ਕੋਰੋਨਾ ਕਾਲ ਵਿੱਚ ਕੈਮੀਕਲਅਤੇ ਜੀਵ ਵਿਗਿਆਨ ਵਿੱਚ ਪ੍ਰਗਤੀ ਦੇ ਨਾਲ ਜੈਵਿਕ ਏਜੰਟ ਅਤੇ ਰਸਾਇਣਾਂ ਦੀ ਹਥਿਆਰਾਂ ਵਜੋਂ ਦੁਰਵਰਤੋਂ ਦਾ ਖਤਰਾ ਵੱਧ ਗਿਆ ਹੈ।

ਅਮਰਨਾਥ ਨੇ ਕਿਹਾ, ‘‘ਵਿਸ਼ਵ ਗੈਰ ਪ੍ਰਸਾਰ ਲਈ ਲੰਮੇ ਸਮੇਂ ਦੀ ਵਚਨਬੱਧਤਾ ਨਾਲ ਭਾਰਤ ਨੇ ਸੰਕਲਪ 1540 ਦੀਆਂ ਮੱਦਾਂ ਲਾਗੂ ਕਰਨ ਲਈ ਇੱਕ ਮਜ਼ਬੂਤ ਕਾਨੂੰਨ ਆਧਾਰਤ ਕੌਮੀ ਪ੍ਰਣਾਲੀ ਬਣਾਈ ਹੈ। ਸਾਡਾ ਦੇਸ਼ ਗੈਰ ਕਾਨੂੰਨੀ ਸਰਗਰਮੀਆਂ ਵਿੱਚ ਸ਼ਾਮਲ ਲੋਕਾਂ ਨੂੰ ਡਬਲਯੂ ਐਮ ਡੀ ਹਾਸਲ ਕਰਨ ਤੋਂ ਰੋਕਣ ਲਈ ਅੰਤਰਰਾਸ਼ਟਰੀ ਐਟਮੀ ਊਰਜਾ ਏਜੰਸੀ, ਨਿਸਸ਼ਤਰੀਕਰਨ ਮਾਮਲਿਆਂ ਲਈ ਯੂ ਐੱਨ ਸੰਸਥਾਵਾਂ ਅਤੇ ਯੂ ਐਨ ਸਕਿਓਰਟੀ ਕੌਂਸਲ ਦੀਆਂ ਅੱਤਵਾਦ ਰੋਕੂ ਕਮੇਟੀਆਂ ਵਰਗੀਆਂ ਅੰਤਰਰਾਸ਼ਟਰੀ ਜਥੇਬੰਦੀਆਂ ਨਾਲ 1540 ਕਮੇਟੀ ਦੇ ਵਧਦੇ ਸਹਿਯੋਗ ਤੇ ਤਾਲਮੇਲ ਦਾ ਲਗਾਤਾਰ ਸਮਰਥਨ ਕਰਦਾ ਹੈ।'' ਭਾਰਤ ਨੇ ਇਸ ਤਰ੍ਹਾਂ ਸੰਸਾਰ ਨੂੰ ਸੁਚੇਤ ਕੀਤਾ ਹੈ।

# ਉਘੇ ਗਾਇਕ ਕੇ ਕੇ ਦੀ ਸ਼ੋਅ ਮਗਰੋਂ ਮੌਤ, ਪੁਲਸ ਵੱਲੋਂ ਜਾਂਚ ਸ਼ੁਰੂ

### * ਵੱਡੀ ਗਿਣਤੀ ਪ੍ਰਸ਼ੰਸਕਾਂ ਵਿੱਚ ਘਿਰਨ ਮਗਰੋਂ ਅਚਾਨਕ ਫਰਸ਼ ਉੱਤੇ ਡਿੱਗੇ



ਕੋਲਕਾਤਾ, 2 ਜੂਨ (ਪੋਸਟ ਬਿਊਰੋ)- ਉਘੇ ਗਾਇਕ ਕੇਕੇ ਉਰਫ ਕ੍ਰਿਸ਼ਨ ਕੁਮਾਰ ਕੁਨਾਥ (53) ਦੀ ਮੰਗਲਵਾਰ ਰਾਤ ਕੋਲਕਾਤਾ ਵਿੱਚ ਸ਼ੋਅ ਤੋਂ ਬਾਅਦ ਹੋਈ ਮੌਤ ਦੀ ਪੁਲਸ ਨੇ ਜਾਂਚ ਆਰੰਭ ਕਰ ਦਿੱਤੀ ਹੈ।

ਕੋਲਕਾਤਾ ਪੁਲਸ ਨੇ ਫਿਲਹਾਲ ਇਸ ਬਾਰੇ ਗੈਰ ਕੁਦਰਤੀ ਮੌਤ ਦਾ ਕੇਸ ਦਰਜ ਕੀਤਾ ਹੈ। ਗਾਇਕ ਦੀ ਮੌਤ ਉੱਤੇ ਸਿਆਸੀ ਧਿਰਾਂ ਨੇ ਵੀ ਇੱਕ ਦੂਜੇ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਵਿਰੋਧੀ ਧਿਰ ਭਾਜਪਾ ਨੇ ਪੱਛਮੀ ਬੰਗਾਲ ਸਰਕਾਰ ਉੱਤੇ ਲਾਪਰਵਾਹੀ ਵਰਤਣ ਦਾ ਦੋਸ਼ ਲਾਇਆ ਹੈ। ਤ੍ਰਿਣਮੂਲ ਕਾਂਗਰਸ (ਟੀ ਐਮ ਸੀ) ਨੇ ਭਾਜਪਾ ਨੂੰ ਮੌਤ ਉੱਤੇ ਸਿਆਸਤ ਨਾ ਕਰਨ ਨੂੰ ਕਿਹਾ ਹੈ। ਗਾਇਕ ਦੀ ਮੁੱਢਲੀ ਪੋਸਟਮਾਰਟਮ ਰਿਪੋਰਟ ਵਿੱਚ ਸੰਕੇਤ ਮਿਲੇ ਹਨ ਕਿ ਮੌਤ ਦਿੱਲ ਦਾ ਦੌਰੇ ਕਾਰਨ ਹੋਈ ਹੈ। ਰਿਪੋਰਟ ਮੁਤਾਬਕ ਕੇ ਕੇ ਨੂੰ ਪਹਿਲਾਂ ਤੋਂ ਦਿਲ ਦੀਆਂ ਕੁਝ ਸਮੱਸਿਆਵਾਂ ਸਨ। ਪੋਸਟਮਾਰਟਮ ਕਰਨ ਵਾਲੀ ਟੀਮ ਨੇ ਮੌਤ ਪਿੱਛੇ ਕੋਈ ਹੋਰ ਕਾਰਨ ਹੋਣ ਤੋਂ ਇਨਕਾਰ ਕੀਤਾ ਹੈ।

ਵਰਨਣ ਯੋਗ ਹੈ ਕਿ ਕੇ ਕੇ ਕੋਲਕਾਤਾ ਦੇ ਦੋ ਦਿਨ ਦੇ ਟੂਰ ਉਤੇ ਆਏਸਨ। ਦੋ ਕਾਲਜਾਂ ਵਿੱਚ ਉਨ੍ਹਾਂ ਦੇ ਪ੍ਰੋਗਰਾਮ ਸਨ। ਜਦ ਉਹ ਪ੍ਰੋਗਰਾਮ ਤੋਂ ਬਾਅਦ ਹੋਟਲ ਪਹੁੰਚੇ ਤਾਂ ਉਨ੍ਹਾਂ ਦੇ ਪ੍ਰਸ਼ੰਸਕਾਂ ਨੇ ਉਨ੍ਹਾਂ ਨੂੰ ਘੇਰ ਲਿਆ। ਇਸ ਮੌਕੇ ਗਾਇਕ ਨੇ ਕਈ ਪ੍ਰਸ਼ੰਸਕਾਂ ਨੂੰ ਪਹਿਲਾਂ ਆਪਣੇ ਨਾਲ ਸੈਲਫੀ ਲੈਣ ਦਿੱਤੀ, ਪਰ ਬਾਅਦ ਵਿੱਚ ਹੋਰ ਸੈਲਫੀਆਂ ਤੋਂ ਰੋਕ ਦਿੱਤਾ ਅਤੇ ਹੋਟਲ ਦੀ ਲਾਬੀ ਤੋਂ ਉਪਰ ਜਾਣ ਲੱਗੇ ਤਾਂ ਲੜਖੜਾ ਕੇ ਡਿੱਗ ਗਏ। ਉਨ੍ਹਾਂ ਨਾਲ ਉਸ ਵੇਲੇ ਮੌਜੂਦ ਲੋਕਾਂ ਨੇ ਇਸ ਬਾਰੇ ਹੋਟਲ ਪ੍ਰਬੰਧਕਾਂ ਨੂੰ ਦੱਸਿਆ। ਕੇ ਕੇ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਇੱਕ ਅਧਿਕਾਰੀ ਨੇ ਦੱਸਿਆ ਕਿ ਗਾਇਕ ਦੇ ਸਿਰ ਤੇ ਬੁੱਲ੍ਹਾਂ ਉਤੇ ਸੱਟ ਵੀ ਵੱਜੀ ਹੋਈ ਸੀ, ਜੋ ਸ਼ਾਇਦ ਅਚਾਨਕ ਡਿੱਗਣ ਨਾਲ ਲੱਗੀ ਹੋ ਸਕਦੀ ਹੈ। ਪੁਲਸ ਨੇ ਕੇ ਕੇ ਦੇ ਮੈਨੇਜਰ ਅਤੇ ਹੋਟਲ ਸਟਾਫ ਤੋਂ ਵੀ ਪੁੱਛਗਿੱਛ ਕੀਤੀ ਹੈ।ਪੱਛਮੀ ਬੰਗਾਲ ਸਰਕਾਰ ਨੇ ਕੇ ਕੇ ਨੂੰ ਗੰਨ ਸਲੂਟ ਨਾਲ ਆਖਰੀ ਵਿਦਾਇਗੀ ਦਿੱਤੀ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਗਾਇਕ ਨੂੰ ਸ਼ਰਧਾਂਜਲੀ ਭੇਟ ਕਰਨ ਪਿੱਛੋਂ ਕੇ ਕੇ ਦੀ ਪਤਨੀ ਤੇ ਪਰਵਾਰ ਨਾਲ ਕੁਝ ਸਮਾਂ ਗੁਜ਼ਾਰ ਕੇ ਉਨ੍ਹਾਂ ਦਾ ਦੁੱਖ ਵੰਡਾਇਆ। ਦੂਜੇ ਪਾਸੇ ਬੰਗਾਲ ਭਾਜਪਾ ਦੇ ਬੁਲਾਰੇ ਸਮੀਕ ਭੱਟਾਚਾਰੀਆ ਨੇ ਕਿਹਾ ਕਿ ਪ੍ਰੋਗਰਾਮ ਵਾਲੀ ਥਾਂ ਸੱਤ ਹਜ਼ਾਰ ਲੋਕ ਸਨ, ਜਦ ਕਿ ਸਮਰੱਥਾ ਤਿੰਨ ਹਜ਼ਾਰ ਲੋਕਾਂ ਦੀ ਸੀ। ਲੋਕ ਉਥੇ ਗਾਇਕ ਦੇ ਲਗਭਗ ਉਪਰ ਚੜ੍ਹ ਗਏ ਜਿਸ ਦਾ ਮਤਲਬ ਉਥੇ ਵੀ ਆਈ ਪੀ ਲਈ ਪੱਕੇ ਸੁਰੱਖਿਆ ਪ੍ਰਬੰਧ ਨਹੀਂ ਸਨ। ਉਨ੍ਹਾਂ ਨੇ ਪ੍ਰਬੰਧਕਾਂ ਖਿਲਾਫ ਸਖਤ ਕਾਰਵਾਈ ਮੰਗੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage

# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਉ ਤੇ ਫਿਰ ਹੋਰਾਂ ਨੂੰ ਵੀ ਲਿਆਉ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5’’8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post




## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11’’ ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9’’, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5’9’’ ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ




## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ‘PR’ ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ



647-998-7500 ਬਲਵਿੰਦਰ

# ਮੈਰਾਥਨ ਦੌੜਾਕਾਂ ਲਈ ਪਾਣੀ-ਧਾਣੀ ਦੀ ਤੁੱਛ ਜਿਹੀ ਸੇਵਾ ...



ਅਮਰਜੀਤ ਬਵੇਜਾ
ਫ਼ੋਨ: 647-989-0175

ਰੋਜ਼ ਦੀ ਤਰ੍ਹਾਂ ਮਿਸੀਸਾਗਾ ਰੋਡ' ਤੇ ਮੈਂ ਆਪਣੇ ਨਵੇਂ ਘਰ ਦੇ ਨੇੜੇ ਸੈਰ ਕਰਨ ਲਈ ਗਿਆ ਤਾਂ ਰਸਤੇ ਵਿਚ ਬਿਜਲੀ ਦੇ ਕਈ ਖੰਬਿਆਂ ਉਪਰ ਕੁਝ ਨਵੇਂ ਲੱਗੇ ਬੋਰਡ ਦੇਖਣ ਨੂੰ ਮਿਲੇ। ਪੜ੍ਹਨ ਤੇ ਪਤਾ ਲੱਗਾ ਕਿ ਪਹਿਲੀ ਮਈ ਨੂੰ ਇਹ ਸੜਕ ਸਵੇਰੇ 7.30 ਤੋਂ ਲੈ ਕੇ 10.30 ਤਕ ਬੰਦ ਰਹੇਗੀ ਜਿਸ ਦਾ ਕਾਰਨ 1 ਮਈ ਨੂੰ ਹੋਣ ਵਾਲੀ ਇਕ ਮੈਰਾਥਨ ਦੌੜ ਦੱਸਿਆ ਗਿਆ ਸੀ। ਬੋਰਡ ਪੜ੍ਹ ਕੇ ਬਹੁਤ ਅੱਛਾ ਲੱਗਿਆ, ਕਿਉਂਕਿ ਮੈਂ ਖੁਦ ਵੀ ਮੈਰਾਥਨ ਦੌੜ ਵਿਚ ਹਿੱਸਾ ਲੈਣ ਦਾ ਇੱਛੁਕ ਰਿਹਾ ਹਾਂ। ਇਹ ਵੱਖਰੀ ਗੱਲ ਹੈ ਕਿ ਮੇਰੀ ਇਹ ਇੱਛਾ ਅਜੇ ਤੱਕ ਪੂਰੀ ਨਹੀਂ ਹੋ ਸਕੀ। ਇਹ ਸੋਚ ਕੇ ਕਿ ਸਾਰੇ ਮੈਰਾਥਨ ਦੌੜਾਕ ਮੇਰੇ ਘਰ ਦੇ ਸਾਹਮਣੇ ਤੋਂ ਲੰਘਣਗੇ ਤਾਂ ਹੋਰ ਵੀ ਬੜੀ ਪ੍ਰਸੰਨਤਾ ਹੋਈ। ਇਸ ਦੇ ਮੈਨੂੰ ਦੋ ਫ਼ਾਇਦੇ ਹੋਣਗੇ, ਇਕ ਤਾਂ ਇਹ ਕਿ ਇਸ ਦੌੜ ਨੂੰ ਆਰਾਮ ਨਾਲ ਘਰ ਦੇ ਬਾਹਰ ਬੈਠ ਕੇ ਦੇਖਾਂਗਾ ਅਤੇ ਦੂਜਾ ਅਗਲੀ ਮੈਰਾਥਨ ਵਿਚ ਭਾਗ ਲੈਣ ਬਾਰੇ ਵੀ ਸੋਚਿਆ ਜਾ ਸਕਦਾ ਹੈ। ਇਸ ਦੌੜ ਨੂੰ ਦੇਖਣ ਤੋਂ ਪਤਾ ਲੱਗ ਜਾਵੇਗਾ ਕਿ ਕਿਸ ਕਿਸ ਉਮਰ ਦੇ ਲੋਕ ਅਤੇ ਕਿਹੋ ਜਿਹਾ ਪਹਿਰਾਵਾ ਪਹਿਨ ਕੇ ਦੌੜ ਲਗਾ ਰਹੇ ਹਨ। ਮੈਂ ਹੁਣ ਉਮਰ ਦੇ ਜਿਸ ਪੜਾਅ ਵਿਚੋਂ ਲੰਘ ਰਿਹਾ ਹਾਂ, ਉਸ ਵਿਚ ਸਿਹਤ ਪਹਿਲੇ ਵਰਗੀ ਨਹੀਂ ਰਹੀ ਹੈ ਅਤੇ ਹੁਣ ਅਕਸਰ ਮੈਂ ਥੋੜੀ ਜਿਹੀ ਮਿਹਨਤ ਕਰਨ ਤੋਂ ਬਾਅਦ ਥੱਕ ਜਾਂਦਾ ਹਾਂ। ਇਸ ਲਈ ਮੇਰੇ ਮਨ ਵਿਚ ਇਕ ਡਰ ਵੀ ਹੈ ਕਿ ਸ਼ਾਇਦ ਮੈਂ ਹੁਣ ਇਹ ਦੌੜ ਪੂਰੀ ਕਰ ਵੀ ਸਕਾਂਗਾ ਜਾਂ ਨਹੀਂ। ਖ਼ੈਰ, ਮੈਂ ਸੋਚਿਆ ਕਿ ਚਲੋ ਇਸ ਵਾਰ ਲੋਕਾਂ ਨੂੰ ਦੌੜਦੇ ਦੇਖਾਂਗੇ ਅਤੇ ਫਿਰ ਅਗਲੀ ਵਾਰੀ ਇਸ ਦਾ ਹਿੱਸਾ ਬਣਨ ਬਾਰੇ ਵੀ ਸੋਚਿਆ ਜਾ ਸਕਦਾ ਹੈ।

ਬੋਰਡ ਪੜ੍ਹਦਿਆਂ ਮਨ ਵਿਚ ਇਹ ਖ਼ਿਆਲ ਆਇਆ ਕਿ ਕਿਉਂ ਨਾ ਇਸ ਵਾਰ ਇਸ ਮੈਰਾਥਨ ਦੌੜ ਵਿਚ ਭਾਗ ਲੈਣ ਵਾਲਿਆਂ ਲਈ ਪਾਣੀ ਦਾ ਅਤੇ ਟਿਸ਼ੂ ਪੇਪਰਾਂ ਦੀ ਸੇਵਾ ਕੀਤੀ ਜਾਵੇ। ਘਰ ਪਹੁੰਚ ਕੇ ਸਾਰੇ ਮੈਂਬਰਾਂ ਨੂੰ ਆਪਣਾ ਵਿਚਾਰ ਦੱਸਿਆ ਅਤੇ ਉਨ੍ਹਾਂ ਦੀ ਰਾਇ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਸਭ ਨੂੰ ਮੇਰਾ ਇਹ ਆਈਡੀਆ ਪਸੰਦ ਆਇਆ ਅਤੇ ਇਸ ਤੋਂ ਬਾਅਦ ਇਸ ਨੂੰ ਅੰਜਾਮ ਦੇਣ ਦੀ ਕਵਾਇਦ ਸ਼ੁਰੂ ਕਰ ਦਿੱਤੀ। ਸੱਭ ਤੋਂ ਪਹਿਲਾਂ ਇਹ ਜਾਣਨ ਦੀ ਲੋੜ ਸੀ ਕਿ ਇਸ ਦੌੜ ਵਿਚ ਕਿੰਨੇ ਦੌੜਾਕਾਂ ਨੇ ਹਿੱਸਾ ਲੈ ਰਹੇ ਹਨ ਜੋ ਉਸ ਮੁਤਾਬਿਕ ਪਾਣੀ ਦੀਆਂ ਬੋਤਲਾਂ ਦਾ ਪ੍ਰਬੰਧ ਕੀਤਾ ਜਾਵੇ। ਇਸ ਬਾਰੇ ਕਾਫੀ ਵਿਚਾਰ ਕਰਨ ਉਪਰੰਤ ਮੇਰੇ ਦਿਮਾਗ ਵਿਚ ਆਇਆ ਕਿ ਕਿਉਂ ਨਾ ਇਹ ਮਸਲਾ ਆਪਣੇ ਦੋਸਤ ਪ੍ਰੋ. ਜਗੀਰ ਸਿੰਘ ਕਾਹਲੋਂ ਨਾਲ ਸਾਂਝਾ ਕੀਤਾ ਜਾਵੇ। ਉਨ੍ਹਾਂ ਨੂੰ ਫੋਨ ਘੁਮਾਇਆ ਤਾਂ ਉਨ੍ਹਾਂ ਇਸ ਮਾਮਲੇ ਵਿਚ ਜ਼ਿਆਦਾ ਜਾਣਕਾਰੀ ਨਾ ਹੋਣ ਕਾਰਣ ਆਪਣੇ ਇਕ ਮਿੱਤਰ ਦਾ ਟੈਲੀਫ਼ੋਨ ਨੰਬਰ ਦਿੰਦਿਆਂ ਹੋਇਆ ਕਿਹਾ ਕਿ ਮੈਂ ਉਸ ਨੂੰ ਫ਼ੋਨ ਕਰਕੇ ਪਤਾ ਕਰ ਲਵਾਂ। ਆਪਣੇ ਮਿੱਤਰ ਦਾ ਨਾਂ ਉਨ੍ਹਾਂ ਨੇ ਡਾ. ਸੁਖਦੇਵ ਸਿੰਘ ਝੰਡ ਲਿਆ ਜਿਨ੍ਹਾਂ ਨੂੰ ਮੈਂ ਪਹਿਲਾਂ ਹੀ ਚੰਗੀ ਤਰ੍ਹਾਂ ਜਾਣਦਾ ਸੀ। ਬਰੈਂਪਟਨ ਵਿਚ ਹੋਣ ਵਾਲੀ ਕਿਸੇ ਨਾ ਕਿਸੇ ਮੀਟਿੰਗ ਜਾਂ ਫੰਕਸ਼ਨ ਵਿਚ ਸਾਡੀ ਮੁਲਾਕਾਤ ਅਕਸਰ ਹੋ ਜਾਂਦੀ ਸੀ ਪਰ ਪਿਛਲੇ ਦੋ ਸਾਲ ਤੋਂ ਵੀ ਵਧੇਰੇ ਚੱਲੀ ਮਹਾਂਮਾਰੀ ਕੋਵਿਡ-19 ਕਾਰਨ ਇਸ ਲੰਮੇਂ ਅਰਸੇ ਦੌਰਾਨ ਸਾਡੀ ਮੁਲਾਕਾਤ ਨਹੀਂ ਹੋ ਸਕੀ ਸੀ। ਖ਼ੈਰ, ਅਗਲੇ ਦਿਨ ਮੈਂ ਡਾ. ਝੰਡ ਨੂੰ ਫ਼ੋਨ ਕੀਤਾ ਤਾਂ ਉਨ੍ਹਾਂ ਨੇ ਮੇਰੇ ਵੱਲੋਂ ਆਏ ਫ਼ੋਨ 'ਤੇ ਕਾਫ਼ੀ ਪ੍ਰਸੰਨਤਾ ਦਾ ਇਜ਼ਹਾਰ ਕੀਤਾ। ਰਸਮੀ ਹਾਲ-ਚਾਲ ਪੁੱਛਣ ਉਪਰੰਤ ਮੈਂ ਉਨ੍ਹਾਂ ਨੂੰ ਇਹ ਫ਼ੋਨ ਕਰਨ ਦਾ ਮਕਸਦ ਦੱਸਿਆ ਅਤੇ ਲੋੜੀਂਦੀ ਜਾਣਕਾਰੀ ਬਾਬਤ ਪੁੱਛਿਆ। ਕੁਝ ਜਾਣਕਾਰੀ ਤਾਂ ਉਨ੍ਹਾਂ ਨੇ ਉਸੇ ਵੇਲੇ ਹੀ ਮੇਰੇ ਨਾਲ ਸਾਂਝੀ ਕਰ ਲਈ ਅਤੇ ਨਾਲ ਹੀ ਕਿਹਾ ਕਿ ਉਹ ਪੂਰੀ ਜਾਣਕਾਰੀ ਆਪਣੇ ਮਿੱਤਰ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀਪੀਏਆਰ ਕਲੱਬ) ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨਾਲ ਗੱਲ ਕਰਨ ਉਪਰੰਤ ਦੇਣਗੇ। ਅਗਲੇ ਦਿਨ ਸਵੇਰੇ ਹੀ ਝੰਡ ਸਾਹਿਬ ਦਾ ਫ਼ੋਨ ਆ ਗਿਆ। ਉਨ੍ਹਾਂ ਦੱਸਿਆ ਕਿ 1 ਮਈ ਨੂੰ ਸਵੇਰੇ ਇਕ ਨਹੀਂ ਬਲਕਿ ਦੋ ਮੈਰਾਥਨ ਦੌੜਾਂ ਹੋ ਰਹੀਆਂ ਹਨ, ਇਕ ਟੋਰਾਂਟੋ ਵਿਚ ਤੇ ਦੂਸਰੀ ਮਿਸੀਸਾਗਾ ਵਿਚ ਅਤੇ ਮਿਸੀਸਾਗੀ ਵਾਲੀ ਮੈਥਨ ਜੋ ਮੇਰੇ ਘਰ ਦੇ ਸਾਹਮਣਿਉਂ ਗੁਜ਼ਰਨੀ ਸੀ, ਵਿਚ ਇਕ ਹਜ਼ਾਰ ਤੋਂ ਉਪਰ ਦੌੜਾਕ ਭਾਗ ਲੈ ਰਹੇ ਹਨ। ਉਨ੍ਹਾਂ ਨੇ ਮੈਨੂੰ ਇਨ੍ਹਾਂ ਦੋਹਾਂ ਮੈਰਾਥਨ ਦੌੜਾਂ ਦੇ ਰੂਟ-ਮੈਪ ਵੀ ਵੱਟਸਅਪ ਰਾਹੀਂ ਭੇਜ ਦਿੱਤੇ।

ਇਸ ਤਰ੍ਹਾਂ ਅੰਦਾਜ਼ੇ ਨਾਲ ਮੈਂ ਪਾਣੀ ਦੀਆਂ 200 ਬੋਤਲਾਂ ਦਾ ਇੰਤਜ਼ਾਮ ਕਰ ਲਿਆ। ਟਿਸ਼ੂ-ਪੇਪਰਾਂ ਦੀ ਕੋਈ ਕਮੀਂ ਨਹੀਂ ਸੀ ਕਿਉਂ ਜੋ ਘਰ ਪਹਿਲਾਂ ਹੀ 15 ਡੱਬਿਆਂ ਦਾ ਵੱਡਾ ਪੈਕ ਪਿਆ ਸੀ। ਸਾਰਾ ਦਿਨ ਇਸ ਉਧੇੜ-ਬੁਣ ਵਿਚ ਗੁਜ਼ਰ ਗਿਆ ਕਿ ਕਿੰਨੇ ਲੋਕਾਂ ਨੂੰ ਪਾਣੀ ਦੀ ਜ਼ਰੂਰਤ ਮਹਿਸੂਸ ਹੋਵੇਗੀ? ਮੈਨੂੰ ਇਕੋ ਚਿੰਤਾ ਸਤਾ ਰਹੀ ਸੀ ਕਿ ਜੋ ਸਮਾਨ ਲਿਆਂਦਾ ਹੈ, ਉਹ ਕਿਤੇ ਘੱਟ ਨਾ ਜਾਵੇ। ਖ਼ੈਰ, ਇਸੇ ਉਧੇੜ-ਬੁਣ ਵਿਚ ਮੈਨੂੰ ਪਤਾ ਹੀ ਨਾ ਲੱਗਿਆ ਕਿ ਮੈਂ ਕਦੋਂ ਨੀਂਦ ਆ ਗਈ। ਸਵੇਰੇ ਜਦੋਂ ਅੱਖ ਖੁੱਲ੍ਹੀ ਤਾਂ ਪੰਜ ਵੱਜ ਚੁੱਕੇ ਸਨ। ਜਲਦੀ ਨਾਲ ਉਠ ਕੇ ਵਾਸ਼ਰੂਮ ਜਾ ਕੇ



ਸਾਰੇ ਕੰਮ ਨਿਪਟਾ ਕੇ 6.30 ਵਜੇ ਤਿਆਰ ਹੋ ਕੇ ਬਾਹਰ ਆ ਗਿਆ। ਜਦੋਂ ਸੜਕ ਤੈ ਜਾ ਕੇ ਦੇਖਿਆ ਕਿ ਮੈਰਾਥਨ ਦਾ ਆਯੋਜਨ ਕਰਨ ਵਾਲਿਆਂ ਵੱਲੋਂ ਮਿਸੀਸਾਗਾ ਰੋਡ ਦੇ ਸੱਜੇ ਖੱਬੇ ਵਾਲੇ ਪਾਸੇ ਅੰਦਰ ਆਉਣ ਜਾਣ ਵਾਲੀਆਂ ਸੜਕਾਂ 'ਤੇ ਕਈ ਆਰਜ਼ੀ ਰੋਕਾਂ ਲਗਾ ਦਿੱਤੀਆਂ ਗਈਆਂ ਸਨ। ਮਿਸੀਸਾਗਾ ਰੋਡ 'ਤੇ ਅਜੇ ਟਾਵੀਆਂ-ਟਾਵੀਆਂ ਗੱਡੀਆਂ ਆ ਜਾ ਰਹੀਆਂ ਸਨ। ਪਹਿਲਾਂ ਤਾਂ ਮੈਂ ਹੈਰਾਨ ਹੋ ਗਿਆ ਕਿ ਜਦੋਂ ਸੜਕ ਬੰਦ ਹੈ ਤਾਂ ਇਹ ਲੋਕ ਕਿਉਂ ਆ ਜਾ ਰਹੇ ਹਨ ਪਰ ਜਲਦੀ ਹੀ ਮੈਨੂੰ ਸਮਝ ਲੱਗ ਗਈ ਕਿ ਸੜਕ 7.30 ਤੋਂ 10.30 ਤੱਕ ਬੰਦ ਕੀਤੀ ਗਈ ਹੈ ਅਤੇ ਅਜੇ ਤਾਂ 7.00 ਹੀ ਵੱਜੇ ਹਨ। ਹੌਲੀ-ਹੌਲੀ ਸਾਰਾ ਸਾਮਾਨ ਲਿਜਾ ਕੇ ਘਰ ਦੇ ਸਾਹਮਣੇ ਬਣੀ ਸਾਈਡ-ਵਾਕ ਤੇ ਲਿਜਾ ਕੇ ਸੈਟ ਕਰ ਦਿੱਤਾ। ਪਹਿਲਾਂ 24 ਬੋਤਲਾਂ ਦਾ ਇਕ ਬੰਡਲ ਅਤੇ ਟਿਸ਼ੂ ਪੇਪਰ ਦਾ ਇਕ ਡੱਬਾ ਖੋਲ੍ਹ ਕੇ ਮੇਜ਼ ਤੇ ਸਜਾ ਦਿਤਾ। ਪੁਲਿਸ ਵਾਲਿਆਂ ਦੀਆਂ ਗੱਡੀਆਂ ਇਧਰ ਉਧਰ ਆ ਜਾ ਰਹੀਆਂ ਸਨ ਅਤੇ ਲੋਕਲ ਆਵਾਜਾਈ ਹੁਣ ਬਿਲਕੁਲ ਬੰਦ ਹੋ ਚੁੱਕੀ ਸੀ। ਟਾਈਮ 7.40 ਹੋ ਚੁੱਕਾ ਸੀ ਇਸ ਲਈ ਮੈਂ ਬੜੀ ਬੇ-ਸਬਰੀ ਨਾਲ ਦੌੜ ਵਿਚ ਸ਼ਾਮਲ ਲੋਕਾਂ ਨੂੰ ਦੇਖਣ ਲਈ ਇੰਤਜ਼ਾਰ ਕਰ ਰਿਹਾ ਸੀ। ਸਾਡੇ ਸਾਹਮਣੇ ਵਾਲੀ ਸਾਈਡ ਰੋਡ ਤੇ ਕਈ ਗੱਡੀਆਂ ਆ ਕੇ ਖਲੋ ਗਈਆਂ ਸਨ ਜਿਨ੍ਹਾਂ ਵਿਚੋਂ ਕਈ ਪ੍ਰੀਵਾਰ ਬੱਚਿਆਂ ਸਮੇਤ ਉਤਰ ਕੇ ਮਿਸੀਸਾਗਾ ਰੋਡ ਵਾਲੀ ਸਾਈਡ-ਵਾਕ 'ਤੇ ਆ ਕੇ ਮੈਰਾਥਨ ਵਿੱਚ ਦੌੜਨ ਵਾਲਿਆਂ ਨੂੰ ਦੇਖਣ ਲਈ ਇੰਤਜ਼ਾਰ ਕਰਨ ਲੱਗ ਪਏ।

ਆਖਰ ਇੰਤਜ਼ਾਰ ਦੀ ਘੜੀਆਂ ਖਤਮ ਹੋਈਆਂ ਅਤੇ ਦੂਰੋਂ ਇਕ ਦੌੜਾਕ ਆਉਂਦਾ ਦਿਖਾਈ ਦਿੱਤਾ। ਮੈਂ ਉਠ ਕੇ ਸੜਕ ਦੇ ਨੇੜੇ ਆ ਗਿਆ ਅਤੇ ਜਦੋਂ ਉਹ ਮੇਰੇ ਕੋਲੋਂ ਦੀ ਲੰਘਿਆਂ ਤਾਂ ਮੈਂ ਉਸ ਨੂੰ ਉਚੀ ਸਾਰੀ ਆਵਾਜ਼ ਦੇ ਕੇ ਕਿਹਾ," , , ", ਪਰ ਉਸ ਨੇ ਕੋਈ ਧਿਆਨ ਨਹੀਂ ਦਿੱਤਾ ਅਤੇ ਤੇਜ਼ੀ ਨਾਲ ਅੱਗੇ ਲੰਘ ਗਿਆ। ਮੈਂ ਫਿਰ ਜਾ ਕੇ ਕੁਰਸੀ ਤੇ ਬੈਠ ਕੇ ਹੋਰ ਦੌੜਾਕਾਂ ਦਾ ਇੰਤਜ਼ਾਰ ਕਰਨ ਲੱਗ ਪਿਆ। ਉਸ ਤੋਂ ਬਾਅਦ ਫਿਰ ਦੋ, ਚਾਰ, ਦਸ ਅਤੇ ਕਿੰਨੇ ਹੀ ਦੌੜਾਕ ਟੋਲੀਆਂ ਵਿਚ ਆਉਣ ਲੱਗ ਪਏ। ਮੈਂ ਹਰੇਕ ਨੂੰ ਵਿਸ਼ ਕਰਨ ਦੇ ਨਾਲ ਨਾਲ ਪਾਣੀ ਦੀ ਬੋਤਲ ਲੈਣ ਲਈ ਵੀ ਉਚੀ ਉਚੀ ਬੋਲ ਰਿਹਾ ਸੀ। ਉਸ ਦਿਨ ਬੱਦਲਵਾਈ ਹੋ ਗਈ ਅਤੇ ਤਾਪਮਾਨ ਵੀ ਕਾਫੀ ਥੱਲੇ ਗਿਰ ਗਿਆ ਸੀ। ਇਸ ਲਈ ਪਾਣੀ ਕੋਈ ਨਹੀਂ ਰੁੱਕ ਰਿਹਾ ਸੀ। ਜਿਓਂ-ਜਿਓਂ ਸਮਾਂ ਬੀਤ ਰਿਹਾ ਸੀ ਦੌੜਾਕਾਂ ਦੀ ਗਿਣਤੀ ਵੱਧਦੀ ਜਾ ਰਹੀ ਸੀ। ਕਈ ਗਰੁੱਪਾਂ ਵਿਚ ਤਾਂ 50 ਤੋਂ ਵੀ ਵੱਧ ਦੌੜਾਕ ਸ਼ਾਮਲ ਸਨ। ਇਨ੍ਹਾਂ ਦੌੜਾਕਾਂ ਵਿਚੋਂ ਜ਼ਿਆਦਾਤਰ ਲੋਕਾਂ ਕੋਲ ਪਾਣੀ ਦੀਆਂ ਬੋਤਲਾਂ ਪਹਿਲਾਂ ਹੀ ਨਾਲ ਸਨ, ਖਾਸ ਕਰ ਕੇ ਲੇਡੀਜ਼ ਦੇ ਕੋਲ। ਪਰ ਫਿਰ ਵੀ ਪਹਿਲਾ ਬੰਡਲ ਜਲਦੀ ਹੀ ਮੁੱਕ ਗਿਆ। ਮੈਂ ਫਟਾਫਟ ਦੂਸਰਾ ਖੋਲ੍ਹ ਕੇ ਮੇਜ਼ ਤੇ ਸਜਾਉਣ ਲੱਗ ਪਿਆ। ਦੂਜਾ ਬੰਡਲ ਵੀ ਜਲਦੀ ਹੀ ਖਤਮ ਹੋ ਗਿਆ। ਏਸੇ ਤਰ੍ਹਾਂ ਤੀਜਾ, ਚੋਥਾ ਤੇ ਫਿਰ ਸਾਰੇ ਬੰਡਲ ਮੁੱਕ ਗਏ। ਮੈਂ ਜਲਦੀ ਦੌੜ ਕੇ ਘਰ ਅੰਦਰ ਗਿਆ ਅਤੇ ਉਥੇ ਪਏ ਇਕ ਪੂਰਾ ਅਤੇ ਇਕ ਅੱਧਾ ਜਿਹਾ ਬੰਡਲ ਚੁੱਕ ਲਿਆਇਆ। ਜਲਦੀ ਜਲਦੀ ਖੋਲ੍ਹ ਕੇ ਮੇਜ਼ ਤੇ ਲਗਾਉਣ ਲੱਗਿਆ ਪਰ ਕਈ ਦੌੜਾਕਾਂ ਨੇ ਮੇਰੇ ਹੱਥ ਵਿਚੋਂ ਹੀ ਬੋਤਲਾਂ ਖੋਹ ਕੇ ਦੌੜਦੇ-ਦੌੜਦੇ ਹੀ ਲੈ ਗਏ। ਮੈਨੂੰ ਇਹ ਚਿੰਤਾ ਹੀ ਸਤਾਈ ਜਾ ਰਹੀ ਸੀ ਕਿ ਜੇ ਕਰ ਇਹ ਬੋਤਲਾਂ ਵੀ ਖਤਮ ਹੋ ਗਈਆਂ ਤਾਂ ਫਿਰ ਕੀ ਬਣੇਗਾ। ਖੈਰ, ਹੁਣ ਦੌੜਾਕਾਂ ਦੀ ਤਦਾਦ ਕਾਫੀ ਘਟ ਗਈ ਸੀ ਅਤੇ ਟਾਵੇਂ-ਟਾਵੇਂ ਦੌੜਾਕ ਹੀ ਆ ਰਹੇ ਸਨ ਜਿਨ੍ਹਾਂ ਵਿਚ ਜ਼ਿਆਦਾਤਰ ਲੇਡੀਜ਼ ਅਤੇ ਬਜ਼ੁਰਗ ਲੋਕ ਹੀ ਸਨ। ਇਹ ਸਾਰੇ ਥਕਾਵਟ ਮਹਿਸੂਸ ਕਰਦੇ ਹੋਏ ਹੌਲੀ-ਹੌਲੀ ਦੌੜ ਕੇ ਜਾਂ ਤੁਰ ਕੇ ਦੌੜ ਪੂਰੀ ਕਰ ਰਹੇ ਸਨ। ਇਨ੍ਹਾਂ ਵਿਚੋਂ ਤਕਰੀਬਨ ਹਰ ਕਿਸੇ ਕੋਲ ਪਾਣੀ ਦੀਆਂ ਬੋਤਲਾਂ ਸਨ ਅਤੇ ਉਹ ਪਸੀਨਾ ਪੂੰਝਣ ਲਈ ਟਿਸ਼ੂ ਪੇਪਰਾਂ ਲਈ ਹੱਥ ਅੱਗੇ ਵਧਾ ਰਹੇ ਸਨ। ਇਸ ਤੋਂ ਬਾਅਦ ਦੂਰ ਤੱਕ ਸੜਕ ਤੇ ਕੋਈ ਨਜ਼ਰ ਨਹੀਂ ਆ ਰਿਹਾ ਸੀ।

ਪੁਲਿਸ ਦੀਆਂ ਕਈ ਗੱਡੀਆਂ ਲੰਘ ਗਈਆਂ ਸਨ ਜਿਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਸੀ ਕਿ ਇਸ ਦੌੜ ਦੀ ਸਮਾਪਤੀ ਹੋ ਚੁੱਕੀ ਹੈ। ਮੈਂ ਸੋਚ ਹੀ ਰਿਹਾ ਸੀ ਕਿ ਕੀ ਹੁਣ ਸਮਾਨ ਸੰਭਾਲਿਆ ਜਾਵੇ ਜਾਂ ਕੁਝ ਦੇਰ ਹੋਰ ਇੰਤਜ਼ਾਰ ਕੀਤੀ ਜਾਵੇ ਕਿ ਏਨੇ ਨੂੰ ਇਕ ਬਜ਼ੁਰਗ ਅੰਗਰੇਜ਼ ਜੋ ਕਿ ਮੇਰਾ ਪੜੌਸੀ ਸੀ, ਮੇਰੇ ਕੋਲ ਆਇਆ ਅਤੇ ਡਾਹਡੇ ਗੁੱਸੇ ਵਿੱਚ ਕਹਿਣ ਲੱਗਾ," , ". ਪਹਿਲਾਂ ਤਾਂ ਮੈਨੂੰ ਸਮਝ ਨਹੀਂ ਆਇਆ ਕਿ ਉਹ ਕਹਿਣਾ ਕੀ ਚਾਹੁੰਦਾ ਹੈ ਪਰ ਜਦੋਂ ਉਸ ਨੇ ਆਪਣੇ ਘਰ ਵੱਲ ਇਸ਼ਾਰਾ ਕਰ ਕੇ ਮੈਨੂੰ ਦੋਬਾਰਾ ਦੱਸਿਆ ਤਾਂ ਮੈਨੂੰ ਸਮਝ ਆ ਗਿਆ। ਮੈਂ ਉਸ ਦੇ ਘਰ ਦੇ ਬਾਹਰ ਖਾਲੀ ਅਤੇ ਕੁਝ ਅੱਧ-ਭਰੀਆਂ ਬੋਤਲਾਂ ਦਾ ਢੇਰ ਦੇਖ ਕੇ ਸਮਝ ਗਿਆ। ਮੈਂ ਉਸ ਨੂੰ ਹੱਥ ਜੋੜ ਕੇ ਕਿਹਾ,". . , ' ." ਜਦੋਂ ਉਹ ਵਾਪਸ ਜਾਣ ਲਈ ਮੁੜਿਆ ਤਾਂ ਮੇਰੇ ਦਿਲ ਵਿਚ ਆਇਆ ਕਿ ਹੋ ਸਕਦਾ ਹੈ ਕਿ ਇਸ ਨੂੰ ਅਜੇ ਪਤਾ ਨਾ ਹੋਵੇ ਕਿ ਅਸੀਂ ਇਸ ਦੇ ਨਵੇਂ ਪੜੌਸੀ ਹਾਂ। ਇਸ ਲਈ ਮੈਂ ਉਸ ਨੂੰ ਆਵਾਜ਼ ਮਾਰ ਕੇ ਵਾਪਸ ਬੁਲਾਇਆ ਅਤੇ ਕਿਹਾ,", " ਤਾਂ ਉਹ ਅੱਗੋਂ ਕਹਿਣ ਲੱਗਾ," ' ." ਮੈਨੂੰ ਇਹ ਪੂਰੀ ਉਮੀਦ ਸੀ ਕਿ ਮੇਰੀ ਗੱਲ ਸੁਣ ਕੇ ਉਸ ਦਾ ਗੁੱਸਾ ਠੰਡਾ ਹੋ ਜਾਵੇਗਾ ਅਤੇ ਉਹ ਮੈਨੂੰ ਇਸ ਦੇ ਲਈ ਮੁਆਫ਼ ਕਰੇਗਾ ਪਰ ਉਸ ਦੇ ਮੂੰਹ ਤੇ ਗੁੱਸਾ ਅਜੇ ਵੀ ਪੂਰੀ ਤਰ੍ਹਾਂ ਝਲਕ ਰਿਹਾ ਸੀ। ਉਸ ਦੀ ਇਹ ਗੱਲ ਸੁਣ ਕੇ ਮੈਨੂੰ ਬੜਾ ਅਜੀਬ ਲੱਗਿਆ ਪਰ ਮੈਂ ਫਿਰ ਆਪਣੇ ਲਫ਼ਜ਼ ਦੋਹਰਾਏ," .. , . ' " ਤਾਂ ਇਹ ਸੁਣ ਕੇ ਉਹ ਗੁੱਸੇ ਵਿਚ ਵਾਪਸ ਚਲਾ ਗਿਆ ਪਰ ਜਾਂਦਾ ਜਾਂਦਾ ਮੇਰਾ ਮੂਡ ਖ਼ਰਾਬ ਕਰ ਗਿਆ। ਹੁਣ ਮੈਂ ਸਮਝ ਗਿਆ ਸੀ ਕਿ ਜਿਹੜਾ ਦੌੜਾਕ ਵੀ ਪਾਣੀ ਦੀ ਬੋਤਲ ਲੈਂਦਾ ਸੀ ਉਹ ਅੱਗੇ ਜਾ ਕੇ ਉਸ ਵਿਚੋਂ ਕੁਝ ਘੁੱਟ ਪੀ ਕੇ ਖਾਲੀ ਜਾਂ ਅੱਧ-ਖਾਲੀ ਬੋਤਲ ਰਾਹ ਵਿਚ ਹੀ ਸੁੱਟ ਦੇਂਦਾ ਸੀ। ਮੈਂ ਸੋਚਿਆ ਕਿ ਚਲੋ ਕੋਈ ਗੱਲ ਨਹੀਂ, ਮੈਂ ਗਾਰਬੇਜ਼ ਵੀ ਇਕੱਠਾ ਕਰ ਦੇਵਾਂਗਾ। ਭਾਰਤ ਵਿਚ ਪ੍ਰਚੱਲਤ ਕਹਾਵਤ "ਗੋਰਾ ਬਿਲਕੁਲ ਕੋਰਾ" ਅੱਜ ਮੇਰੇ ਸਾਹਮਣੇ ਸੱਚੀ ਸਾਬਤ ਹੋ ਗਈ ਸੀ।

ਅਜੇ ਮੈਂ ਸਮਾਨ ਇਕੱਠਾ ਕਰਨ ਅਤੇ ਘਰੋਂ ਗਾਰਬੇਜ਼ ਲਈ ਕਾਲਾ ਬੈਗ ਲਿਆਉਣ ਲਈ ਸੋਚ ਰਿਹਾ ਸੀ ਕਿ ਦੋ ਔਰਤਾਂ, ਇਕ ਬਜ਼ੁਰਗ ਤੇ ਦੂਜੀ ਅਧੇੜ ਉਮਰ ਦੀ, ਦੂਰੋਂ ਤੁਰਦੀਆਂ ਹੋਈਆਂ ਆਉਂਦੀਆਂ ਦਿਖਾਈ ਦਿਤੀਆਂ। ਲੱਗਦਾ ਸੀ ਕਿ ਉਹ ਦੌੜ ਵਿਚ ਥੱਕ ਜਾਣ ਤੋਂ ਬਾਅਦ ਆਰਾਮ ਨਾਲ ਰਸਤਾ ਮੁਕਾ ਰਹੀਆਂ ਸਨ। ਉਨ੍ਹਾਂ ਨੇ ਕੋਲ ਆ ਕੇ ਮੈਨੂੰ ਪੁੱਛਿਆ ਕਿ ਪਾਣੀ ਮਿਲ ਸਕਦਾ ਹੈ? ਮੈਂ ਥੋੜਾ ਸ਼ਰਮਿੰਦਾ ਹੁੰਦਾ ਹੋਇਆ ਬੋਲਿਆ ਕਿ ਪਾਣੀ ਤਾਂ ਹੁਣ ਖਤਮ ਹੋ ਗਿਆ ਹੈ। ਟਿਸ਼ੂ ਪੇਪਰ ਹਨ, ਜੇਕਰ ਚਾਹੀਦੇ ਹਨ ਤਾਂ ਲੈ ਲਓ। ਪਰ ਉਹ ਕਹਿਣ ਲਗੀਆਂ ਕਿ ਕੋਈ ਗੱਲ ਨਹੀਂ। ਉਨ੍ਹਾਂ ਦੇ ਗੱਲ ਕਰਨ ਤੋਂ ਪਤਾ ਲੱਗਾ ਕਿ ਉਹ ਪੰਜਾਬੀ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀ ਦੋ ਮਿੰਟ ਰੁਕੋ ਮੈਂ ਅੰਦਰੋਂ ਪਾਣੀ ਲਿਆ ਦਿੰਦਾ ਹਾਂ ਪਰ ਉਹ ਨਹੀਂ ਰੁਕੀਆਂ ਅਤੇ ਚਲੀਆਂ ਗਈਆਂ। ਮੈਨੂੰ ਇਸ ਗੱਲ ਦਾ ਬਹੁਤ ਅਫ਼ਸੋਸ ਹੋਇਆ ਕਿ ਸਾਰੀ ਦੌੜ ਵਿਚ ਪਹਿਲੀ ਵਾਰ ਕਿਸੇ ਨੇ ਆਪ ਪਾਣੀ ਮੰਗਿਆ ਪਰ ਮੈਂ ਉਨ੍ਹਾਂ ਦੀ ਲੋੜ ਪੂਰੀ ਨਾ ਕਰ ਸਕਿਆ। ਪਹਿਲਾਂ ਮੈਂ ਸਭ ਨੂੰ ਪਾਣੀ ਦੀ ਬੋਤਲ ਲੈਣ ਲਈ ਬੇਨਤੀ ਕਰ ਰਿਹਾ ਸੀ ਕਿ ਪਾਣੀ ਪੀ ਲਓ, ਪਰ ਇਹ ਤਾਂ ਸੱਚੀ ਹੀ ਲੋੜਵੰਦ ਸਨ ਅਤੇ ਪੰਜਾਬੀ ਸਨ। ਹੁਣ ਮੇਰਾ ਮੂਡ ਹੋਰ ਵੀ ਖਰਾਬ ਹੋ ਗਿਆ।

ਕੁਝ ਦੇਰ ਮਗਰੋਂ ਮੈਂ ਉਠ ਕੇ ਘਰ ਗਿਆ ਅਤੇ ਗਾਰਬੇਜ਼ ਪਾਉਣ ਲਈ ਕਾਲਾ ਬੈਗ ਲੈ ਕੇ ਆਇਆ। ਪਹਿਲਾਂ ਆਪਣੇ ਆਲੇ ਦਵਾਲੇ ਪਿਆ ਗਾਜਬੇਜ਼ ਜਿਸ ਵਿਚ ਪਲਾਸਟਿਕ ਦੇ ਲਫ਼ਾਫੇ, ਚਾਕਲੇਟ ਦੇ ਰੈਪਰ ਅਤੇ ਹੋਰ ਕਈ ਤਰ੍ਹਾਂ ਦੇ ਖਾਲੀ ਰੈਪਰ ਜਿਹੜੇ ਦੌੜਾਕ ਉਥੇ ਸੁਟ ਗਏ ਸਨ, ਚੁੱਕ ਕੇ ਕਾਲੇ ਬੈਗ ਵਿਚ ਪਾਏ ਅਤੇ ਫਿਰ ਉਸ ਗੋਰੇ ਦੇ ਘਰ ਅੱਗੇ ਜਾ ਕੇ ਖ਼ਾਲੀ ਤੇ ਅੱਧ-ਭਰੀਆ ਬੋਤਲਾਂ ਇਕੱਠੀਆਂ ਕਰਨ ਲੱਗ ਪਿਆ। ਕਈਆਂ ਬੋਤਲਾਂ ਵਿਚ ਪਾਣੀ ਬਾਕੀ ਹੋਣ ਕਰਕੇ ਕਾਲਾ ਬੈਗ ਜਲਦੀ ਹੀ ਭਰ ਗਿਆ ਅਤੇ ਚੁੱਕਣ ਲੱਗਿਆ ਮੈਨੂੰ ਕਾਫੀ ਭਾਰਾ ਲੱਗਾ। ਫਿਰ ਧਿਆਨ ਵਿਚ ਆਇਆ ਕਿ ਕਿਉਂ ਨਾ ਬੋਤਲਾਂ ਵਿਚੋਂ ਪਾਣੀ ਕੱਢ ਦਿੱਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਗਾਰਬੇਜ਼ ਵਾਲਾ ਬੈਗ ਚੁੱਕਣ ਯੋਗ ਹੋ ਗਿਆ। ਕੁਝ ਦੇਰ ਵਿਚ ਇਹ ਸਾਰਾ ਕੰਮ ਮੁਕਾ ਕੇ ਬੈਗ ਚੁੱਕ ਕੇ ਘਰ ਵਲ ਚੱਲ ਪਿਆ। ਅਜੇ ਮੈਂ ਆਪਣੇ ਘਰ ਕੋਲ ਪਹੁੰਚ ਕੇ ਬੈਠਿਆ ਹੀ ਸੀ ਕਿ ਗੱਡੀਆਂ ਦਾ ਇਕ ਕਾਫ਼ਲਾ ਆਉਂਦਾ ਦਿਖਾਈ ਦਿੱਤਾ ਅਤੇ ਹੌਲੀ-ਹੌਲੀ ਚੱਲਦਾ ਹੋਇਆ ਇਹ ਮੇਰੇ ਘਰ ਦੇ ਅੱਗੇ ਆ ਕੇ ਰੁਕ ਗਿਆ। ਕਾਫ਼ਲੇ ਵਿਚ ਸੱਭ ਤੋਂ ਅਗੇ ਤਿੰਨ ਪੁਲਿਸ ਦੀਆਂ ਕਾਰਾਂ ਸਨ। ਉਸ ਤੋਂ ਪਿੱਛੇ ਇਕ ਛੋਟਾ ਟਰੱਕ ਅਤੇ ਉਸ ਦੇ ਮਗਰ ਇਕ ਗਾਰਬੇਜ਼ ਚੁੱਕਣ ਵਾਲਾ ਟਰੱਕ ਅਤੇ ਇਕ ਹੋਰ ਗੱਡੀ ਸੀ। ਮੈਂ ਉਠ ਕੇ ਸੜਕ ਦੇ ਕਿਨਾਰੇ ਤੇ ਆ ਗਿਆ ਤਾਂ ਪੁਲਿਸ ਵਾਲੇ ਨੇ ਮੈਨੂੰ ਗਾਰਬੇਜ਼ ਵਾਲੇ ਕਾਲੇ ਬੈਗ ਵੱਲ ਇਸ਼ਾਰਾ ਕਰ ਕੇ ਗਾਰਬੇਜ ਉਸ ਵਿਚ ਸੁੱਟਣ ਲਈ ਕਿਹਾ। ਗਾਰਬੇਜ਼ ਵਾਲਾ ਕਾਲਾ ਬੈਗ ਚੁੱਕ ਕੇ ਮੈਂ ਅਜੇ ਇਹ ਟਰੱਕ ਵਾਲੇ ਨੂੰ ਦੇਣ ਹੀ ਲੱਗਾ ਸੀ ਕਿ ਉਹ ਆਪ ਹੀ ਮੇਰੇ ਕੋਲ ਚੱਲ ਕੇ ਆ ਗਿਆ ਅਤੇ ਬੈਗ ਚੁੱਕ ਕੇ ਲੈ ਗਿਆ। ਮੈਂ ਉਸ ਦਾ ਧੰਨਵਾਦ ਕੀਤਾ।

ਇਸ ਤਰ੍ਹਾਂ ਇਹ ਮੈਰਾਥਨ ਦੌੜ ਨੇੜਿਉਂ ਦੇਖਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਉਂਜ ਭਾਵੇਂ ਹੋਰ ਕਈ ਦੌੜਾਂ ਮੈਂ ਪਹਿਲਾਂ ਦੇਖ ਚੁੱਕਾ ਸੀ ਪਰ ਇਸ ਵਿਚ ਸ਼ਾਮਲ ਦੌੜਾਕਾਂ ਨੂੰ ਆਪਣੇ ਘਰ ਦੇ ਸਾਹਮਣਿਉਂ ਲੰਘਦੇ ਵੇਖਣ ਦਾ ਆਪਣਾ ਹੀ ਮਜ਼ਾ ਸੀ। ਹੁਣ ਅੱਗੋਂ ਤੋਂ ਜੇਕਰ ਹਾਲਾਤ ਚੰਗੇ ਰਹੇ ਅਤੇ ਕੋਵਿੱਡ-19 ਵਰਗਾ ਕੋਈ ਹੋਰ ਵਾਇਰਸ ਨਾ ਆਇਆ ਤਾਂ ਇਹੋ ਜਿਹੀਆਂ ਦੌੜਾ ਹੁੰਦੀਆਂ ਰਹਿਣਗੀਆ ਤੇ ਇਸ ਰੂਟ ਤੋਂ ਹੀ ਲੰਘਣਗੀਆ। ਵਹਿਗੁਰੂ ਨੇ ਚਾਹਿਆ ਤਾਂ ਅਗਲੀ ਵਾਰੀ ਹੋਰ ਵੀ ਚੰਗੀ ਤਰ੍ਹਾਂ ਸੇਵਾ ਕਰਨ ਦੀ ਕੋਸ਼ਿਸ਼ ਕਰਾਂਗਾ।




# ਭਾਰਤੀ ਸੈਨਾ ਦੀਆਂ ਸਾਰੀਆਂ ਸ਼ਾਖਾਵਾਂ ਦੇ ਸੇਵਾਮੁਕਤ ਸੈਨਿਕਾਂ ਦੀ ਇਕੱਤਰਤਾ ਐਤਵਾਰ 5 ਜੂਨ ਨੂੰ

ਬਰੈਂਪਟਨ, (ਡਾ. ਝੰਡ) -ਕੈਪਟਨ ਇਕਬਾਲ ਸਿੰਘ ਵਿਰਕ ਤੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਵੱਲੋਂ ਭਾਰਤੀ ਸੈਨਾ ਦੀਆਂ ਸਾਰੀਆਂ ਸ਼ਾਖਾਵਾਂ ਏਅਰ ਫੋਰਸ, ਨੇਵੀ, ਥਲ ਸੈਨਾ, ਬੀ.ਐੱਸ.ਐੱਫ. ਤੇ ਟੈਰੀਟੋਰੀਅਲ ਆਰਮੀ ਦੇ ਸੇਵਾਮੁਕਤ ਸੈਨਿਕਾਂ ਦੀ ਇਕ ਇਕੱਤਰਤਾ ਕੈਸੀਕੈਂਬਲ ਕਮਿਊਨਿਟੀ ਸੈਂਟਰ, ਬਰੈਂਪਟਨ ਦੇ ਕਮਰਾ ਨੰਬਰ 1 ਵਿਚ 5 ਜੂਨ ਦਿਨ ਐਤਵਾਰ ਨੂੰ ਸਵੇਰੇ 8.00 ਵਜੇ ਤੋਂ 11.00 ਵਜੇ ਤੱਕ ਬੁਲਾਈ ਗਈ ਗਈ ਹੈ ਜਿਸ ਵਿਚ ਆਪੋ ਵਿਚ ਸੰਪਰਕ ਰੱਖਣ ਅਤੇ ਸਾਬਕਾ ਫ਼ੌਜੀਆਂ ਦੇ ਮਸਲਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਏਗਾ। ਇਨ੍ਹਾਂ ਸੈਨਿਕਾਂ ਵਿੱਚੋਂ ਬਹੁਤ ਸਾਰਿਆਂ ਨੇ ਭਾਰਤ ਦੀ ਆਜ਼ਾਦੀ ਤੋਂ ਬਾਅਦ ਹੋਈਆਂ ਪੰਜ ਜੰਗਾਂ ਬਹਾਦਰੀ ਨਾਲ ਲੜੀਆਂ ਹੋਣਗੀਆਂ ਅਤੇ ਕਈਆਂ ਦੇ ਬਜ਼ੁਰਗਾਂ ਨੇ ਤਾਂ ਪਹਿਲੀ ਤੇ ਦੂਸਰੀ ਵਿਸ਼ਵ ਜੰਗ ਵਿਚ ਵੀ ਹਿੱਸਾ ਲਿਆ ਹੋਵੇਗਾ। ਅਫਸਰ ਰੈਂਕ ਤੋਂ ਲੈ ਕੇ ਹੇਠਲੇ ਸਮੂਹ ਰੈਂਕਾਂ ਤੱਕ ਸਾਰਿਆਂ ਨੂੰ ਕੈਪਟਨ ਵਿਰਕ ਅਤੇ ਸੇਵਾ ਸਿੰਘ ਬਡਿਆਲ ਵੱਲੋਂ ਇਸ ਮੀਟਿੰਗ ਵਿਚ ਆਉਣ ਲਈ ਸੱਦਾ ਦਿੱਤਾ ਜਾਂਦਾ ਹੈ। ਫੌਜੀ ਵਿਧਵਾਵਾਂ ਨੂੰ ਵੀ ਇਸ ਮੀਟਿੰਗ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਤਾਂ ਜੋ ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਵਿਚਾਰ ਕੀਤੀ ਜਾ ਸਕੇ। ਆਉਣ ਜਾਣ ਦੀ ਦਿੱਕਤ ਦੀ ਹਾਲਤ ਵਿਚ ਰਾਈਡ ਦਾ ਪ੍ਰਬੰਧ ਵੀ ਕੀਤਾ ਜਾ ਸਕਦਾ ਹੈ।

ਕੈਪਟਨ ਵਿਰਕ ਦਾ ਕਹਿਣਾ ਹੈ ਕਿ ਮੀਟਿੰਗ ਵਿਚ ਸਾਰਿਆਂ ਨੂੰ ਬਰਾਬਰ ਦਾ ਸਤਿਕਾਰ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਸਮਾਂ ਦਿੱਤਾ ਜਾਏਗਾ। ਸਾਰੇ ਸਾਬਕਾ ਫੌਜੀ ਲੜੀਆਂ ਜੰਗਾਂ ਦੇ ਆਪੋ ਆਪਣੇ ਤਜਰਬੇ ਸਾਂਝੇ ਕਰਨਗੇ ਅਤੇ ਹੱਸ-ਖੇਡ ਕੇ ਇਸ ਇਕੱਤਰਤਾ ਦਾ ਅਨੰਦ ਮਾਨਣਗੇ। ਗਰਮਾ-ਗਰਮ ਚਾਹਪਾਣੀ ਤੇ ਸਨੈਕਸ ਦਾ ਵਧੀਆ ਪ੍ਰਬੰਧ ਕੀਤਾ ਜਾਏਗਾ। ਇਸ ਦੇ ਲਈ ਕੋਈ ਖਰਚਾ ਨਹੀਂ ਲਿਆ ਜਾਏਗਾ ਤੇ ਨਾ ਹੀ ਕਿਸੇ ਕਿਸਮ ਦੀ ਕੋਈ ਮੈਂਬਰਸ਼ਿਪ ਹੀ ਲਈ ਜਾਏਗੀ, ਅਤੇ ਨਾ ਹੀ ਮੈਂਬਰਸ਼ਿਪ ਪੁੱਛੀ ਜਾਏਗੀ। ਅਲਬੱਤਾ! ਇਹ ਜ਼ਰੂਰ ਦੇਖਿਆ ਜਾਏਗਾ ਕਿ ਸਬੰਧਿਤ ਵਿਅਕਤੀ ਸਾਬਕਾ ਭਾਰਤੀ ਸੈਨਿਕ ਹੀ ਹੈ। ਬਰੈਂਪਟਨ ਸਿਟੀ ਬੱਸ ਦੀ ਸੇਵਾ ਦਾ ਲਾਭ ਉਠਾਉਣ ਵਾਲੇ ਸਾਬਕਾ ਸੈਨਿਕ ਵੀਰਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕੈਸੀਕੈਂਬਲਕਮਿਊਨਿਟੀ ਸੈਂਟਰ ਪਹੁੰਚਣ ਲਈ ਸੈਂਡਲਵੁਡ ਰੋਡ 'ਤੇ 23 ਨੰਬਰ ਬੱਸ ਚੱਲਦੀ ਹੈ ਅਤੇ ਇਸੇ ਤਰਾਂ ਚਿੰਗੂਆਕੂਜ਼ੀਰੋਡ 'ਤੇ 4 ਤੇ 4-ਏ ਬੱਸਾਂ ਚੱਲਦੀਆਂ ਹਨ। ਜ਼ਿਕਰਯੋਗ ਹੈ ਕਿ ਕੈਪਟਨ ਵਿਰਕ ਨੂੰ ਬਰੈਂਪਟਨ ਵਿਚ ਬਹੁਤ ਸਾਰੇ ਲੋਕ ਪਹਿਲਾਂ ਹੀ ਜਾਣਦੇ ਹਨ ਪਰ ਫਿਰ ਵੀ ਜਿਹੜੇ ਫੌਜੀ ਵੀਰ ਉਨ੍ਹਾਂ ਬਾਰੇ ਨਹੀਂ ਜਾਣਦੇ, ਉਨ੍ਹਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਇਹ ਓਹੀ ਇਨਸਾਨ ਹਨ ਜਿਨਾਂ ਨੇ ਪਹਿਲੀ ਨਵੰਬਰ 2015 ਅਤੇ 17 ਨਵੰਬਰ 2017 ਨੂੰ ਭਾਰਤੀ ਕੌਂਸਲੇਟ ਜਨਰਲ ਦਫ਼ਤਰ ਦੇ ਸਹਿਯੋਗ ਨਾਲ ਫ਼ਰੀ ਲਾਈਫ-ਸਰਟੀਫੀਕੇਟ ਕੈਂਪ ਲਗਾ ਕੇ ਬਰੈਂਪਟਨ ਵਿਚ ਇਸ ਪਰੰਪਰਾ ਦੀ . ਸੁਰੂਆਤ ਕੀਤੀ ਸੀ। ਭਾਰਤੀ ਸੈਨਾ ਦੇ ਸਾਬਕਾ ਫੌਜੀ ਵੀਰਾਂ ਦੇ ਮਿਲ ਬੈਠਣ ਦੇ ਇਸ ਸਮਾਗਮ ਵਿਚ ਉਨਾਂ ਦੀ ਯੋਗ ਅਗਵਾਈ ਵਿਚ ਸੱਭ ਤੋਂ ਵੱਡੀ ਉਮਰ ਵਾਲੇ ਸਾਬਕਾ ਭਾਰਤੀ ਫੌਜੀ ਨੂੰ ਸਨਮਾਨਿਤ ਕੀਤਾ ਜਾਏਗਾ। ਉਨਾਂ ਵੱਲੋਂ ਅਤੇ ਸੇਵਾ ਸਿੰਘ ਬਡਿਆਲ ਵੱਲੋਂ ਭਾਰਤੀ ਸੈਨਾਵਾਂ ਦੇ ਸਮੂਹ ਸਾਬਕਾ ਫੌਜੀਆਂ ਨੂੰ ਇਸ ਇਕੱਤਰਤਾ ਵਿਚ ਸ਼ਰਿਕਤ ਕਰਨ ਲਈ ਇਕ ਵਾਰ ਫਿਰ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਕੈਪਟਨ ਵਿਰਕ ਨੂੰ 647-631-9445 ਜਾਂ ਸੇਵਾ ਸਿੰਘ ਬਡਿਆਲ ਨੂੰ 647-575-9279 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ-ਦਿਵਸ 'ਤੇ ਵਿਸ਼ੇਸ਼

## ਚੰਦੂ ਦੀ ਗੁਰੂ ਅਰਜਨ ਦੇਵ ਜੀ ਨਾਲ ਵਾਰਤਾ ...

ਪ੍ਰਿੰ, ਗਿਆਨ ਸਿੰਘ ਘਈ ਫ਼ੋਨ: 647-624-7733

ਚੰਦੂ ਪਾਪੀ ਆਖਣ ਲੱਗਾ, ਤੂੰ ਨਾ ਮੰਨਿਆ ਸਾਡਾ ਕਹਿਣਾ,
ਏਸੇ ਲਈ ਸੁਣ ਲੈ ਗੁਰ ਅਰਜਨ, ਦੁੱਖ ਪਏਗਾ ਤੈਨੂੰ ਸਹਿਣਾ।
ਸਤਿਗੁਰ ਅੱਗੋਂ ਆਖਣ ਲੱਗੇ, ਮੈਨੂੰ ਕੋਈ ਪਰਵਾਹ ਨਾਹੀਂ,
ਅਸਾਂ ਤਾਂ ਹੁਕਮ ਸੰਗਤ ਦਾ ਮੰਨਣਾ, ਸਾਕ ਲੈਣ ਦੀ ਚਾਹ ਨਾਹੀਂ।

ਚੰਦੂ ਫਿਰ ਸੀ ਆਖਣ ਲੱਗਾ, ਸਾਡਾ ਅਮੀਰ ਘਰਾਣਾ ਏ,
ਘਰ ਘਾਟ ਨਾ ਤੇਰਾ ਕੋਈ, ਨਾ ਹੀ ਕੋਈ ਥਹੁ ਟਿਕਾਣਾ ਏ।
ਗੁਰੂ ਜੀ ਅੱਗੋਂ ਆਖਣ ਲੱਗੇ, ਘਰ ਘਾਟ ਦੀ ਲੋੜ ਨਾਹੀਂ,
ਅਸੀਂ ਗਰੀਬ ਤੇ ਮਾੜੇ ਚੰਗੇ, ਅਮੀਰਾਂ ਨਾਲ ਸਾਡਾ ਜੋੜ ਨਾਹੀਂ।

ਚੰਦੂ ਸੀ ਫਿਰ ਆਖਣ ਲੱਗਾ, ਸਾਡੀਆਂ ਸਭ ਸਰਕਾਰਾਂ ਨੇ,
ਅਸੀਂ ਤਾਂ ਮੌਜਾਂ ਦੇ ਵਿੱਚ ਰਹਿੰਦੇ, ਵਾਧੂ ਮੌਜ-ਬਹਾਰਾਂ ਨੇ।
ਸਤਿਗੁਰ ਅੱਗੋਂ ਆਖਣ ਲੱਗੇ, ਸਾਡਾ ਇੱਕ ਕਰਤਾਰ ਹੈ,
ਉਸ ਦੇ ਉੱਤੇ ਓਟ ਹੈ ਸਾਡੀ, ਜੋ ਸਭ ਦਾ ਪਾਲਣਹਾਰ ਹੈ।

ਚੰਦੂ ਫਿਰ ਸੀ ਆਖਣ ਲੱਗਾ, ਤਵੀ ਤੱਤੀ 'ਤੇ ਬਠਾਵਾਂਗਾ,
ਆਪੇ ਲੱਗ ਜਾਊ ਪਤਾ ਫਿਰ ਤੈਨੂੰ, ਹੇਠੋਂ ਅੱਗ ਮਚਾਵਾਂਗਾ।
ਗੁਰੂ ਜੀ ਅੱਗੋਂ ਆਖਣ ਲੱਗੇ, ਰਜ਼ਾ ਓਹਦੀ ਵਿੱਚ ਰਹਿਣਾ ਏ,
ਕਸ਼ਟ ਲਵਾਂਗੇ ਝੱਲ ਪਾਪੀਆ, ਪਰ ਤੈਨੂੰ ਕੁਝ ਨਾ ਕਹਿਣਾ ਏ।

ਏਥੇ ਹੀ ਮੈਂ ਬੱਸ ਨਾ ਕਰਣੀ, ਰੇਤਾ ਤੱਤਾ ਵੀ ਪਾਵਾਂਵਾਂਗਾ,
ਮਰਨ ਨਾ ਦੇਣਾ ਛੇਤੀ ਤੈਨੂੰ, ਵੇਖੀਂ ਕਿਵੇਂ ਕਿਵੇਂ ਤੜਫਾਵਾਂਗਾ।
ਸਹਿਜ ਸੁਭਾ ਨਾਲ ਗੁਰੂ ਜੀ ਬੋਲੇ, ਸਾਡਾ ਇਹ ਸਰੀਰ ਨਹੀਂ,
ਜ਼ੁਲਮ ਤੋਂ ਅਸੀਂ ਡਰ ਕੇ ਭੱਜੀਏ, ਸਾਡੀ ਇਹ ਜਮੀਰ ਨਹੀਂ।

ਚੰਦੂ ਸੀ ਫਿਰ ਆਖਣ ਲੱਗਾ, ਦੇਗ ਦੇ ਵਿਚ ਉਬਾਲਾਂਗਾ,
ਕੁੰਦਨ ਸਰੀਰ ਜੋ ਦਿਸਦਾ ਤੇਰਾ, ਛਾਲਿਆਂ ਦੇ ਵਿੱਚ ਢਾਲਾਂਗਾ।
ਸਤਿਗੁਰ ਅੱਗੋਂ ਆਖਣ ਲੱਗੇ, ਪਾਪ ਦਾ ਭਾਂਡਾ ਭਰ ਲੈ ਤੂੰ
ਜ਼ੁਲਮ ਸਾਡੇ 'ਤੇ ਢਾਹ ਕੇ ਚੰਦੂਆ, ਮਨ ਨੂੰ ਰਾਜੀ ਕਰ ਲੈ ਤੂੰ।

ਚੰਦੂ ਨੇ ਫਿਰ ਗੁਰਾਂ ਦੇ ਉੱਤੇ, ਡਾਢੇ ਜ਼ੁਲਮ ਕਮਾਏ ਸਨ,
ਸ਼ਾਂਤ ਰਹੇ ਸੀ ਸਤਿਗੁਰ ਬੈਠੇ, ਨਾ ਡੋਲੇ, ਨਾ ਘਬਰਾਏ ਸਨ।
ਜਬਰ ਦੇ ਉੱਤੇ ਸਬਰ ਦਾਤੇ ਦੀ, ਜਿੱਤ ਉਦੋਂ ਫਿਰ ਹੋਈ ਸੀ,
ਰੂਹ ਫੂਕੀ ਜੋ ਕੌਮ ਦੇ ਅੰਦਰ, ਉਹ ਫਿਰ ਉੱਠ ਖਲੋਈ ਸੀ।

ਮੀਆਂ ਮੀਰ ਸੁਣ ਆਖਣ ਲੱਗੇ, ਲਾਹੌਰ-ਦਿੱਲੀ ਟਕਰਾਵਾਂ ਮੈਂ,
ਇੱਕ ਨਜ਼ਰ ਨਾਲ ਪੁੱਠਾ ਕਰ ਕੇ, ਜੱਗ 'ਚੋਂ ਨਾਮ ਮਿਟਾਵਾਂ ਮੈਂ।
ਗੁਰੂ ਜੀ ਅੱਗੋਂ ਆਖਣ ਲੱਗੇ, ਇਸ ਦੀ ਵੀ ਕੋਈ ਲੋੜ ਨਹੀਂ,
ਅਸੀਂ ਤਾਂ ਭਾਣਾ ਰੱਬ ਦਾ ਮੰਨਣਾ, ਪਾਪੀ ਨਾਲ ਕੋਈ ਜੋੜ ਨਹੀਂ।

ਮੀਆਂ ਮੀਰ ਨੂੰ ਆਖਣ ਲੱਗੇ, ਇਹ ਆਪੇ ਕੀਤਾ ਪਾਵੇਗਾ
ਜੱਗ 'ਚ ਉਸ ਦਾ ਨਾਂ ਨਹੀਂ ਰਹਿੰਦਾ, ਜੋ ਵੀ ਪਾਪ ਕਮਾਵੇਗਾ।
ਛੇਵੇਂ ਗੁਰੂ ਨੇ ਚੰਦੂ ਨੂੰ ਫਿਰ, ਨੱਕ-ਨਕੇਲ ਪਵਾਈ ਸੀ,
ਪਾਪ ਜੋ ਕੀਤੇ ਹੈਸਨ ਉਸ ਨੇ, ਉਸਦੀ ਯਾਦ ਦਿਵਾਈ ਸੀ।

# ਗੁਰੂ ਅਰਜਨ ਦਾ ਕੋਈ ਨਹੀਂ ਸਾਨੀ

## ਧੰਨ ਸ੍ਰੀ ਗੁਰੂ ਅਰਜਨ ਦੇਵ ਜੀ

ਗੁਰੂ ਅਰਜਨ ਦਾ ਕੋਈ ਨਹੀਂ ਸਾਨੀ ਸਾਰੀ ਦੁਨੀਆ ਵਿਚੋਂ।
ਐਸੀ ਨਹੀਂ ਕੋਈ ਕੁਰਬਾਨੀ ਸਾਰੀ ਦੁਨੀਆ ਵਿਚੋਂ।
ਅੰਮ੍ਰਿਤਸਰ ਦੇ ਵਿਚ ਬਣਵਾਇਆ ਸਿੱਖ ਪੰਥ ਲਈ ਮੱਕਾ।
ਦਾਤਾਂ ਦੇ ਨਾਲ ਭਰ ਜਾਏ ਝੋਲੀ ਨਿਸ਼ਚਾ ਹੋਵੇ ਪੱਕਾ।
ਕਸ਼ਟ ਨਿਵਾਰੇ ਅੰਮ੍ਰਿਤ ਬਾਣੀ ਸਾਰੀ ਦੁਨੀਆ ਵਿਚੋਂ।
ਗੁਰੂ ਅਰਜਨ ਦਾ ਕੋਈ ਨਹੀਂ ਸਾਨੀ ਸਾਰੀ ਦੁਨੀਆ ਵਿਚੋਂ।
ਦੋਹਿਤਾ ਬਾਣੀ ਦਾ ਸੀ ਬੋਹਿਥਾ ਪੂਰਾ ਬਚਨ ਨਿਭਾਇਆ।
ਬਾਣੀ ਲਿਖੀ, ਇਕੱਤਰ ਕੀਤੀ, ਆਦਿ ਗ੍ਰੰਥ ਲਿਖਾਇਆ।
ਦੁਖਭੰਜਨ ਹੈ ਧੁਰ ਕੀ ਬਾਣੀ ਸਾਰੀ ਦੁਨੀਆ ਵਿਚੋਂ।
ਗੁਰੂ ਅਰਜਨ ਦਾ ਕੋਈ ਨਹੀਂ ਸਾਨੀ ਸਾਰੀ ਦੁਨੀਆ ਵਿਚੋਂ।
ਵੈਰੀ ਦੁਸ਼ਮਣ ਸੱਜਣ ਕੋਈ ਵੀ ਚੱਲ ਕੇ ਦਰ ਤੇ ਆਉਂਦੇ।
'ਆਤਮ' ਵਰਗੇ ਪਾਪੀ ਇਥੇ ਆ ਕੇ ਭੁੱਲ ਬਖਸ਼ਾਉਂਦੇ।
ਸਤਿਗੁਰ ਵਰਗਾ ਕੋਈ ਨਹੀਂ ਦਾਨੀ ਸਾਰੀ ਦੁਨੀਆ ਵਿਚੋਂ।
ਗੁਰੂ ਅਰਜਨ ਦਾ ਕੋਈ ਨਹੀਂ ਸਾਨੀ ਸਾਰੀ ਦੁਨੀਆ ਵਿਚੋਂ।



ਡਾ. ਆਤਮਾ ਸਿੰਘ ਗਿੱਲ

# 'ਪਾਣੀ' ਕੋਰੜਾ

ਸੁਲੱਖਣ ਸਿੰਘ +647-786-6329

ਡੂੰਘਾ ਕੀਤਾ ਪਾਣੀ ਝੋਨੇ ਦੀਆਂ ਫਸਲਾਂ।
ਪੀਣ ਵਾਲਾ ਨਾ ਰਿਹਾ ਕੀ ਪੀਣਾ ਨਸਲਾਂ।

ਆਪੇ ਕੀਤਾ ਪਾ ਕੇ ਦਵਾਈਆਂ ਜ਼ਹਿਰੀ।
ਧਰਤੀ ਦੇ ਹੇਠਲਾ, ਨਾ ਬਚਿਆ ਨਹਿਰੀ।
ਕੀ ਹੋਇਆ ਸੋਚ ਨੂੰ ਲੱਗੇ ਤਾਲੇ ਅਕਲਾਂ।
ਡੂੰਘਾ ਕੀਤਾ ਪਾਣੀ ਝੋਨੇ ਦੀਆਂ ਫਸਲਾਂ।
ਪੀਣ ਵਾਲਾ ਰਿਹਾ ਨਾ ਕੀ ਪੀਣਾ ਨਸਲਾਂ।

ਕਦੇ ਹੁੰਦਾ ਸੀ ਧਰਤੀ ਦਾ ਪਾਣੀ ਮਿੱਠਾ।
ਕਿੰਨਾ ਗੰਦਾ ਹੋ ਗਿਆ ਮੈਂ ਕਦੇ ਨਾ ਡਿੱਠਾ।
ਕਿਹੜੇ ਪੀਰ ਦੇ ਜਾ, ਮੈਂ ਸੁੱਖਣਾ ਸੁੱਖ ਲਾਂ।
ਡੂੰਘਾ ਕੀਤਾ ਪਾਣੀ ਝੋਨੇ ਦੀਆਂ ਫਸਲਾਂ।
ਪੀਣ ਵਾਲਾ ਰਿਹਾ ਨਾ ਕੀ ਪੀਣਾ ਨਸਲਾਂ।

ਲੋੜ ਨਾਲੋਂ ਵਧ ਕੇ ਸਦਾ ਹੀ ਕੱਢਿਆ।
ਜ਼ਹਿਰਾਂ ਛਿੜਕ ਪੀਣ ਯੋਗ ਨਾ ਛੱਡਿਆ।
ਦੂਜਿਆਂ ਨੂੰ ਦੇਖ ਕਿਉਂ ਲਾਈਆਂ ਨਕਲਾਂ।
ਡੂੰਘਾ ਕੀਤਾ ਪਾਣੀ ਝੋਨੇ ਦੀਆਂ ਫਸਲਾਂ।
ਪੀਣ ਵਾਲਾ ਰਿਹਾ ਨਾ ਕੀ ਪੀਣਾ ਨਸਲਾਂ।

ਮਿੱਟੀ ਪੰਜ ਆਬ ਦੀ ਵੀ ਬੰਜ਼ਰ ਹੋਈ।
ਦੇਖ ਕੇ ਸੀਨੇ ਵੱਜਦਾ ਹੈ ਖੰਜ਼ਰ ਕੋਈ।
ਹਾਲਾਤ ਕੀ ਬਣਾ 'ਤੇ ਅਸੀਂ ਬੇਅਕਲਾਂ।
ਡੂੰਘਾ ਕੀਤਾ ਪਾਣੀ ਝੋਨੇ ਦੀਆਂ ਫਸਲਾਂ।
ਪੀਣ ਵਾਲਾ ਰਿਹਾ ਨਾ ਕੀ ਪੀਣਾ ਨਸਲਾਂ।

ਕਿਵੇਂ ਅੱਜ ਬੋਤਲਾਂ 'ਚ ਮੁੱਲ ਹੈ ਵਿਕਦਾ।
ਫ਼ਿਕਰ ਭੋਰਾ ਨਾ, ਸੋਮੇ ਇੱਕੋ ਇੱਕ ਦਾ।
ਪੀੜ੍ਹੀ ਨਵੀਂ ਨੂੰ ਕੀ ਦਿਖਾਉਣੀਆਂ ਸ਼ਕਲਾਂ।
ਡੂੰਘਾ ਕੀਤਾ ਪਾਣੀ ਝੋਨੇ ਦੀਆਂ ਫਸਲਾਂ।
ਪੀਣ ਵਾਲਾ ਰਿਹਾ ਨਾ ਕੀ ਪੀਣਾ ਨਸਲਾਂ।

ਪੈ ਕੇ ਵਿੱਚ ਲਾਲਚਾਂ ਕੀ ਹੈ ਖੱਟਿਆ।
ਬੇਰਹਿਮੀ 'ਨਾ ਵਰਤ ਕੇ ਪੈਸਾ ਵੱਟਿਆ।
ਧਨ ਅਸੀਂ ਕੀ ਬੰਨ੍ਹ ਕੇ ਲੈ ਜਾਣਾ ਲੱਕ ਨਾ।
ਡੂੰਘਾ ਕੀਤਾ ਪਾਣੀ ਝੋਨੇ ਦੀਆਂ ਫਸਲਾਂ।
ਪੀਣ ਵਾਲਾ ਰਿਹਾ ਨਾ ਕੀ ਪੀਣਾ ਨਸਲਾਂ।

ਰਲ ਕੇ ਹੰਭਲਾ ਮਾਰੀਏ ਆਉ ਮਿੱਤਰੋ।
ਅਕਲ ਤੋਂ ਪਰਦੇ ਹੁਣ ਹਟਾਉ ਮਿੱਤਰੋ।
ਸੰਕਟ ਹੋਵੇ ਦੂਰ ਜੇ ਖੁਸ਼ੀ 'ਚ ਵਸ ਲਾਂ।
ਡੂੰਘਾ ਕੀਤਾ ਪਾਣੀ ਝੋਨੇ ਦੀਆਂ ਫਸਲਾਂ।
ਪੀਣ ਵਾਲਾ ਰਿਹਾ ਨਾ ਕੀ ਪੀਣਾ ਨਸਲਾਂ।

ਨੀਂਦ ਤੋਂ ਜਾਗੋ ਸੁੱਤਿਓ ਖਾਓ ਕਸਮਾਂ।
ਕਰਨਾ ਪੈਣਾ ਠੀਕ ਨਹੀਂ ਹੋਣਾ ਕ੍ਰਿਸ਼ਮਾਂ।
ਹੁਣੇ ਤੋਂ ਯੋਗਦਾਨ ਦੀ ਤਿਆਰੀ ਕੱਸ ਲਾਂ।
ਡੂੰਘਾ ਕੀਤਾ ਪਾਣੀ ਝੋਨੇ ਦੀਆਂ ਫਸਲਾਂ।
ਪੀਣ ਵਾਲਾ ਰਿਹਾ ਨਾ ਕੀ ਪੀਣਾ ਨਸਲਾਂ।

" LET US ONCE AGAIN, DELIVER FOR YOU "

ELECT

HARDEEP
GREWAL
CANDIDATE FOR BRAMPTON-EAST



"ਬਰੈਂਪਟਨ ਵਿਕਾਸ ਦੇ ਰਾਹ ਤੇ"

- 413 ਹਾਈਵੇ
- ਬਰੈਂਪਟਨ ਲਈ ਦੂਜਾ ਵੱਡਾ ਹਸਪਤਾਲ
- RYERSON ਮੈਡੀਕਲ ਸਕੂਲ
- ਤਿੰਨ ਨਵੇਂ ਲੌਂਗ ਟਰਮ ਕੇਅਰ ਹੋਮ
- ਬਰੈਂਪਟਨ ਤੋਂ ਮਿਸੀਸਾਗਾ LRT

ONTARIO PC

AUTHORIZED BY THE CFO OF THE BRAMPTON-EAST RIDING ASSOCIATION

OFFICE NUMBER: (416) 843-2203 | CAMPAIGN OFFICE ADDRESS: 9280 GOREWAY DRIVE, BRAMPTON, ON L6T 0C4




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਬਰੈਂਪਟਨ ਈਸਟ- ਹਰੀ ਦੇ ਦੀਪ ਦਾ ਜਲੌਅ | ਹਰਦੀਪ ਗਰੇਵਾਲ ਦੀ ਸ਼ਾਨਦਾਰ ਜਿੱਤ
















ਪੰਜਾਬ ਤੋਂ 'The Unmute' ਚੈਨਲ ਅਤੇ ਪੱਤਰਕਾਰ ਤਜਿੰਦਰ ਫਤਹਿਪੁਰ ਵਲੋਂ ਹਰਦੀਪ ਗਰੇਵਾਲ ਨੂੰ ਬਰੈਂਪਟਨ ਈਸਟ ਤੋਂ ਜਿੱਤ ਦੀ ਖੁਸ਼ੀ ਵਿਚ ਮੁਬਾਰਕਾਂ ਭੇਜੀਆਂ ਗਈਆਂ ਅਤੇ ਅੱਗੇ ਹੋਰ ਤਰੱਕੀ ਅਤੇ ਤੰਦਰੁਸਤੀ ਦੀ ਕਾਮਨਾ ਕੀਤੀ।



ਪੰਜਾਬ ਤੋਂ ਪੱਤਰਕਾਰ ਗਿਆਨ ਸਿੰਘ ਵਲੋਂ ਹਰਦੀਪ ਗਰੇਵਾਲ ਨੂੰ ਬਰੈਂਪਟਨ ਈਸਟ ਤੋਂ ਜਿੱਤ ਦੀ ਖੁਸ਼ੀ ਵਿਚ ਮੁਬਾਰਕਾਂ ਭੇਜੀਆਂ ਗਈਆਂ ਅਤੇ ਅੱਗੇ ਹੋਰ ਤਰੱਕੀ ਅਤੇ ਤੰਦਰੁਸਤੀ ਦੀ ਕਾਮਨਾ ਕੀਤੀ।





